# ਸਾਹਿਤ-ਬੋਧ

(ਬਾਰ੍ਹਵੀਂ ਸ਼੍ਰੇਣੀ ਲਈ)

V9P6N1

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2020-21

ਰੀਵਾਇਜ਼ਡ ਐਡੀਸ਼ਨ 2022-23 .................... 10,000 ਕਾਪੀਆਂ

All rights, including those of translation, reproduction and annotation etc., are reserved by the Punjab Government.

ਸੰਪਾਦਕ : ਸ੍ਰੀਮਤੀ ਪਰਮਿੰਦਰ ਕੌਰ
ਵਿਸ਼ਾ-ਮਾਹਰ
ਪੰਜਾਬ ਸਕੂਲ ਸਿੱਖਿਆ ਬੋਰਡ

ਸੋਧਕ : ਡਾ. ਵਰਿੰਦਰਜੀਤ ਵਾਤਿਸ਼

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮਿਕਾਡੋ ਆੱਫਸੈਟ ਪ੍ਰਿੰਟਰਜ਼, ਜਲੰਧਰ ਰਾਹੀਂ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਤੋਂ ਹੋਂਦ ਵਿੱਚ ਆਉਣ 'ਤੇ ਹੀ ਸਕੂਲ ਸਿੱਖਿਆ ਨੂੰ ਉੱਚਾ ਚੁੱਕਣ ਲਈ ਸਮੇਂ ਸਮੇਂ-ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸ ਸਿਲਸਿਲੇ ਅਧੀਨ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਦਾ ਨਿਰਮਾਣ ਕਰਕੇ ਲੁੜੀਂਦੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਹਥਲੀ ਪਾਠ-ਪੁਸਤਕ ਐੱਨ. ਸੀ. ਐੱਫ਼. 2005 ਅਤੇ ਪੀ.ਸੀ.ਐੱਫ਼ 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਹੈ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

'ਸਾਹਿਤ-ਬੋਧ' ਪਾਠ-ਪੁਸਤਕ ਉਹਨਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਨੇ ਪੰਜਾਬੀ ਨੂੰ ਚੋਣਵੇਂ ਵਿਸ਼ੇ ਵਜੋਂ ਲਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਇਸ ਪਾਠ ਪੁਸਤਕ ਦੇ ਲੇਖਕ ਹਨ, ਡਾ. ਵਰਿੰਦਰਜੀਤ ਵਾਤਿਸ਼ ਵੱਲੋਂ ਇਸ ਪਾਠ-ਪੁਸਤਕ ਨੂੰ ਸੋਧਿਆ ਗਿਆ ਹੈ। ਮੈਂ ਉਹਨਾਂ ਦੇ ਬਹੁਮੁੱਲੇ ਯੋਗਦਾਨ ਲਈ ਹਾਰਦਿਕ ਧੰਨਵਾਦੀ ਹਾਂ ਕਿ ਉਹਨਾਂ ਨੇ ਇਸ ਪਾਠ-ਪੁਸਤਕ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਲਿਖਿਆ ਅਤੇ ਸੋਧਿਆ ਹੈ।

ਮੈਨੂੰ ਯਕੀਨ ਹੈ ਕਿ 'ਸਾਹਿਤ-ਬੋਧ' ਦੀ ਪਾਠ-ਸਮਗਰੀ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਨੂੰ ਪੂਰਾ ਕਰੇਗੀ।

ਪਾਠ-ਪੁਸਤਕ ਦੇ ਇਸ ਸੋਧੇ ਹੋਏ ਸੰਸਕਰਨ ਵਿੱਚ ਲੁੜੀਂਦੀਆਂ ਸੋਧਾਂ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੀ ਸੌਖ ਲਈ ਬਾਰ੍ਹਵੀਂ ਸ਼੍ਰੇਣੀ ਚੋਣਵਾਂ ਵਿਸ਼ਾ ਪੰਜਾਬੀ ਦਾ ਪਾਠ-ਕ੍ਰਮ ਅੰਤ ਵਿੱਚ ਦਿੱਤਾ ਹੈ ਅਤੇ ਅੰਤ ਵਿੱਚ ਪਰੀਖਿਆ -ਦ੍ਰਿਸ਼ਟੀ ਤੋਂ ਵਿਸ਼ੇਸ਼ ਹਿਦਾਇਤਾਂ ਵੀ ਦਿੱਤੀਆਂ ਗਈਆਂ ਹਨ। ਇਸ ਨਾਲ਼ ਪਾਠ-ਪੁਸਤਕ ਦੀ ਉਪਯੋਗਤਾ ਵਿੱਚ ਵਾਧਾ ਹੋਵੇਗਾ।

ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦਾ ਸਾਹਿਤਿਕ ਸੁਹਜ ਵੀ ਵਧੇਗਾ ਅਤੇ ਉਹ ਪੰਜਾਬੀ ਸਾਹਿਤ ਦੀ ਵਡਿਆਈ ਵੀ ਕਰ ਸਕਣਗੇ। ਇਹ ਪਾਠ-ਪੁਸਤਕ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ-ਮਾਹਰ ਵੱਲੋਂ ਉੱਪ ਸਕੱਤਰ (ਅਕਾਦਮਿਕ) ਦੀ ਅਗਵਾਈ ਹੇਠ ਤਿਆਰ ਕੀਤੀ ਗਈ ਹੈ। ਇਸ ਪਾਠ-ਪੁਸਤਕ ਨੂੰ ਤਿਆਰ ਕਰਨ ਲਈ ਡਾ. ਅਮਰਜੀਤ ਕੌਰ ਵਿਰਕ, ਸ੍ਰੀਮਤੀ ਨਿਤਾਸ਼ਾ ਕੋਹਲੀ ਅਤੇ ਸ੍ਰੀਮਤੀ ਜਸਵੀਰ ਕੌਰ ਨੇ ਆਪਣਾ ਯੋਗਦਾਨ ਦਿੱਤਾ ਹੈ। ਬੋਰਡ ਉਹਨਾਂ ਦੇ ਪਾਏ ਯੋਗਦਾਨ ਲਈ ਧੰਨਵਾਦੀ ਹੈ।

ਕਿਸੇ ਪਾਠ-ਪੁਸਤਕ ਦੀ ਉੱਤਮਤਾ ਦੀ ਪਰਖ ਕਰਨ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਇਸ ਪਾਠ-ਪੁਸਤਕ ਸੰਬੰਧੀ ਇਸ ਵਰਗ ਦੀ ਪ੍ਰਤਿਕਿਰਿਆ ਬੋਰਡ ਨੂੰ ਪ੍ਰਾਪਤ ਹੋਵੇਗੀ ਜਿਸ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

"ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ" ਪੰਜਾਬ

# ਭੂਮਿਕਾ

ਹਥਲੀ ਪਾਠ-ਪੁਸਤਕ ਸੀਨੀਅਰ ਸੈਕੰਡਰੀ ਸ਼੍ਰੇਣੀ ਭਾਗ-2(ਬਾਰ੍ਹਵੀਂ-ਸ਼੍ਰੇਣੀ) ਦੇ ਉਹਨਾਂ ਵਿਦਿਆਰਥੀਆਂ ਲਈ ਤਿਆਰ ਕਰਵਾਈ ਗਈ ਹੈ ਜਿਨ੍ਹਾਂ ਨੇ ਪੰਜਾਬੀ ਨੂੰ ਇੱਕ ਚੋਣਵੇਂ ਵਿਸ਼ੇ ਵਜੋਂ ਅਪਣਾਇਆ ਹੈ। ਇਸ ਪਾਠ-ਪੁਸਤਕ ਵਿੱਚ ਸਾਹਿਤ ਦੇ ਵੱਖ-ਵੱਖ ਰੂਪਾਂ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ ਹੈ ਤਾਂਕਿ ਵਿਦਿਆਰਥੀ ਸਾਹਿਤਿਕ ਅਧਿਐਨ ਦੀਆਂ ਉਚੇਰੀਆਂ ਸ਼੍ਰੇਣੀਆਂ ਵਿੱਚ ਇਹਨਾਂ ਸਾਹਿਤ-ਰੂਪਾਂ ਬਾਰੇ ਹੋਰ ਗੰਭੀਰ ਅਧਿਐਨ ਕਰਨ ਦੇ ਯੋਗ ਹੋ ਸਕਣ।

ਸਾਹਿਤ ਦਾ ਉਦੇਸ਼ ਚੰਗੇਰੇ ਤੇ ਉਚੇਰੇ ਜੀਵਨ ਲਈ ਪ੍ਰੇਰਨਾ ਦੇਣਾ ਹੈ। 'ਸਾਹਿਤ-ਬੋਧ' ਪਾਠ-ਪੁਸਤਕ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਬੌਧਿਕ ਪੱਧਰ ਨੂੰ ਸਨਮੁਖ ਰੱਖ ਕੇ ਲਿਖੀ ਗਈ ਹੈ। ਲੇਖਕ ਨੇ ਬਹੁਤ ਮਿਹਨਤ ਅਤੇ ਸਰਲ ਢੰਗ ਨਾਲ਼ ਇਸ ਨੂੰ ਨਵੇਂ ਪਾਠ-ਕ੍ਰਮ ਦੀਆਂ ਲੋੜਾਂ ਅਨੁਸਾਰ ਲਿਖਿਆ ਹੈ। ਇਸ ਪਾਠ-ਪੁਸਤਕ ਦੇ ਚਾਰ ਅਧਿਆਇ ਹਨ।

ਪਹਿਲੇ ਅਧਿਆਇ ਵਿੱਚ ਸਾਹਿਤ ਦੇ ਲੋਕ-ਪ੍ਰਿਅ ਰੂਪਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਾਹਿਤ ਦੇ ਪ੍ਰਸਿੱਧ ਰੂਪ ਹਨ - ਕਵਿਤਾ, ਨਾਟਕ, ਇਕਾਂਗੀ, ਨਾਵਲ, ਨਿੱਕੀ ਕਹਾਣੀ, ਨਿਬੰਧ, ਜੀਵਨੀ ਅਤੇ ਸ੍ਵੈਜੀਵਨੀ, ਸਫ਼ਰਨਾਮਾ । ਇਹ ਸਾਹਿਤ ਦੇ ਉਹ ਰੂਪ ਹਨ ਜਿਨ੍ਹਾਂ ਬਾਰੇ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਜਮਾਤ ਵਿੱਚ ਜ਼ਰੂਰ ਪੜ੍ਹਨਾ ਪੈਂਦਾ ਹੈ। ਇਹਨਾਂ ਸਾਹਿਤ-ਰੂਪਾਂ ਦੀ ਮੁਢਲੀ ਜਾਣਕਾਰੀ ਤੋਂ ਬਿਨਾਂ ਇਹਨਾਂ ਨੂੰ ਸਮਝਣਾ ਬਹੁਤ ਮੁਸ਼ਕਲ ਹੈ। ਇਹਨਾਂ ਸਾਹਿਤ-ਰੂਪਾਂ ਦੀਆਂ ਪਰਿਭਾਸ਼ਾਵਾਂ ਅਤੇ ਇਹਨਾਂ ਦੀ ਬਣਤਰ ਦੇ ਪ੍ਰਮੁੱਖ ਤੱਤਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਤੇ ਨਾਲ਼ ਹੀ ਪੰਜਾਬੀ ਸਾਹਿਤ ਵਿੱਚੋਂ ਉਦਾਹਰਨਾਂ ਦੇ ਕੇ ਇਹਨਾਂ ਦੇ ਮਹੱਤਵ ਤੇ ਰਚਨਾ-ਵਿਧੀ ਨੂੰ ਚੰਗੀ ਤਰਾਂ ਸਪਸ਼ਟ ਕੀਤਾ ਗਿਆ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੌਖ ਲਈ ਹਰ ਸਾਹਿਤ-ਰੂਪ ਦੇ ਨਾਲ਼ ਕੁਝ ਪ੍ਰਸ਼ਨ ਦਿੱਤੇ ਗਏ ਹਨ। ਚੰਗਾ ਹੋਵੇਗਾ ਜੇਕਰ ਅਧਿਆਪਕ ਇਹਨਾਂ ਪ੍ਰਸ਼ਨਾਂ ਨੂੰ ਪੜ੍ਹ ਕੇ, ਵਿਦਿਆਰਥੀਆਂ ਨੂੰ ਉੱਤਰ ਦੇਣ ਦੀ ਜਾਚ ਸਿਖਾਉਣ।

ਕਵਿਤਾ ਸਾਹਿਤ ਦਾ ਸਭ ਤੋਂ ਪ੍ਰਾਚੀਨ ਰੂਪ ਹੈ। ਸਾਹਿਤ ਵਿੱਚ ਕਵਿਤਾ ਅਜਿਹੀ ਸ਼ਬਦ-ਰਚਨਾ ਹੈ ਜਿਸ ਵਿੱਚ ਖ਼ਿਆਲ, ਜਜ਼ਬਾ, ਕਲਪਨਾ, ਲੈਅ-ਤਾਲ ਅਤੇ ਵਜ਼ਨ-ਤੋਲ ਦਾ ਸੁਮੇਲ ਹੋਵੇ। ਪ੍ਰੋ. ਪੂਰਨ ਸਿੰਘ ਕਵਿਤਾ ਨੂੰ ਰੂਹ ਦੀ ਬੋਲੀ ਮੰਨਦਾ ਹੈ। ਨਾਟਕ ਸਾਹਿਤ ਦਾ ਪ੍ਰਾਚੀਨ ਤੇ ਪ੍ਰਭਾਵਸ਼ਾਲੀ ਰੂਪ ਹੈ। ਨਾਟਕ ਤੋਂ ਭਾਵ ਰੰਗ-ਮੰਚ 'ਤੇ ਕੀਤਾ ਉਹ ਕਾਰਜ ਹੈ ਜੋ ਪਾਤਰ ਐਕਟਿੰਗ ਦੇ ਰੂਪ 'ਚ ਪੇਸ਼ ਕਰਦੇ ਹਨ। ਇਕਾਂਗੀ ਨਾਟਕ ਪੱਛਮੀ ਸਾਹਿਤ ਦੀ ਦੇਣ ਹੈ, ਇਸ ਦਾ ਵਿਸ਼ਾ-ਵਸਤੂ ਨਿੱਕੀ ਕਹਾਣੀ ਵਾਂਗ ਇਕਹਿਰਾ ਹੀ ਹੁੰਦਾ ਹੈ। ਅਜੋਕੇ ਸਾਹਿਤ ਵਿੱਚ ਨਾਵਲ ਪ੍ਰਮੁੱਖ ਸਾਹਿਤ ਰੂਪ ਹੈ। ਨਾਵਲ ਸਾਹਿਤ ਦਾ ਉਹ ਰੂਪ ਹੈ ਜਿਸ ਵਿੱਚ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਵਿਸਤਾਰ ਨਾਲ਼ ਪੇਸ਼ ਕੀਤਾ ਜਾ ਸਕਦਾ ਹੈ। ਨਿੱਕੀ ਕਹਾਣੀ ਇਕਹਿਰੀ ਘਟਨਾ ਨੂੰ ਬਿਆਨ ਕਰਦੀ ਹੈ। ਇਸ ਦਾ ਆਦਿ-ਅੰਤ ਉਤਾਵਲਾ ਤੇ ਅਸਚਰਜ-ਜਨਕ ਹੁੰਦਾ ਹੈ। ਨਿਬੰਧ ਦਾ ਵਾਰਤਕ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਹੈ। ਨਿਬੰਧ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਭਾਵਾਂ ਤੇ ਵਿਚਾਰਾਂ ਦੇ ਪ੍ਰਗਟਾਅ ਨੂੰ ਹੀ ਨਿਬੰਧ ਕਿਹਾ ਜਾਂਦਾ ਹੈ। ਜੀਵਨੀ ਦਾ ਸੰਬੰਧ ਕਿਸੇ ਖ਼ਾਸ ਵਿਅਕਤੀ ਦੇ ਜੀਵਨ ਨਾਲ਼ ਹੁੰਦਾ ਹੈ। ਆਮ ਤੌਰ 'ਤੇ ਉਸ ਵਿਅਕਤੀ ਦਾ ਜੀਵਨ ਦੂਜਿਆਂ ਲਈ ਮਾਰਗ ਦਰਸ਼ਨ ਅਤੇ ਜਾਣਨਯੋਗ ਹੁੰਦਾ ਹੈ। ਇਸੇ ਤਰਾਂ ਸ੍ਵੈਜੀਵਨੀ ਦਾ ਸੰਬੰਧ ਨਿੱਜ ਨਾਲ਼ ਹੁੰਦਾ ਹੈ। ਲੇਖਕ ਆਪਣੇ ਜੀਵਨ ਨਾਲ਼ ਸੰਬੰਧਿਤ ਘਟਨਾਵਾਂ ਅਤੇ ਕਾਰਜਾਂ ਨੂੰ ਵਿਅਕਤ ਕਰਦਾ ਹੈ। ਸਫ਼ਰਨਾਮਾ ਸਾਹਿਤ ਦਾ ਬਹੁਤ ਰੋਚਕ ਰੂਪ ਹੈ। ਇਸ ਵਿੱਚ ਲੇਖਕ ਪੈਰੀਂ ਗਾਹੀਆਂ ਥਾਂਵਾਂ ਦੇ ਯਾਤਰਾ-ਸਮਾਚਾਰ ਵਰਨਣ ਕਰਦਾ ਹੈ। ਇਸ ਤਰਾਂ ਵਿਦਿਆਰਥੀ ਪਹਿਲੇ ਅਧਿਆਇ ਵਿੱਚ ਸਾਹਿਤ ਦੇ ਵੱਖ ਵੱਖ ਰੂਪਾਂ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਸਕਣਗੇ।

ਦੂਸਰੇ ਅਧਿਆਇ ਵਿੱਚ ਉਹਨਾਂ ਛੰਦਾਂ ਨਾਲ਼ ਜਾਣ-ਪਛਾਣ ਕਰਵਾਈ ਗਈ ਹੈ, ਜਿਹੜੇ ਪੁਰਾਤਨ ਅਤੇ ਆਧੁਨਿਕ ਕਵਿਤਾ ਵਿੱਚ ਵਰਤੇ ਜਾਂਦੇ ਰਹੇ ਹਨ। ਪੁਰਾਤਨ ਕਾਲ ਵਿੱਚ ਸਾਰੀ ਕਵਿਤਾ ਛੰਦਾਬੰਦੀ ਵਿੱਚ ਹੀ ਹੁੰਦੀ ਸੀ। ਆਧੁਨਿਕ ਕਵਿਤਾ ਭਾਵੇਂ ਛੰਦ-ਮੁਕਤ ਕਵਿਤਾ ਹੈ ਪਰ ਛੰਦ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦੀ। ਇਸ ਅਧਿਆਇ ਵਿੱਚ ਛੰਦ ਦੇ ਲੱਛਣ ਤੇ ਸਰੂਪ

ਬਾਰੇ ਚਰਚਾ ਕਰਦਿਆਂ ਛੰਦਾਂ ਦੀਆਂ ਕਿਸਮਾਂ ਦੱਸੀਆਂ ਗਈਆਂ ਹਨ। ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ- ਵਰਨਕ ਛੰਦ, ਮਾਤ੍ਰਿਕ ਛੰਦ ਤੇ ਗਣਿਕ ਛੰਦ। ਦੋਹਰਾ, ਬੈਂਤ, ਚੌਪਈ ਅਤੇ ਦਵੱਯਾ ਅਜਿਹੇ ਛੰਦ ਹਨ ਜਿਨਾਂ ਨੂੰ ਮਾਤਰਿਕ ਛੰਦ ਕਿਹਾ ਜਾਂਦਾ ਹੈ। ਕਬਿੱਤ ਤੇ ਕੋਰੜਾ ਵਰਨਿਕ ਛੰਦ ਹਨ। ਕਵਿਤਾ ਦੇ ਅਰਥ-ਭਾਵ ਨੂੰ ਸਹੀ ਰੂਪ ਵਿੱਚ ਸਮਝਣ ਲਈ ਉਸ ਦੀ ਛੰਦ- ਚਾਲ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਦੂਸਰੇ ਅਧਿਆਇ ਵਿੱਚ ਦੋਹਰਾ, ਕੋਰੜਾ, ਬੈਂਤ, ਕਬਿੱਤ, ਚੌਪਈ ਤੇ ਦਵੱਯਾ ਛੰਦ ਦੀ ਪਰਿਭਾਸ਼ਾ ਉਦਾਹਰਨਾਂ ਦੇ ਕੇ ਦਿੱਤੀ ਗਈ ਹੈ। ਸਾਨੂੰ ਵਿਸ਼ਵਾਸ ਹੈ ਕਿ ਵਿਦਿਆਰਥੀ ਇਸ ਅਧਿਆਇ ਵਿੱਚੋਂ ਛੰਦਾਂ ਬਾਰੇ ਲੁੜੀਂਦੀ ਜਾਣਕਾਰੀ ਹਾਸਲ ਕਰ ਸਕਣਗੇ।

ਤੀਸਰਾ ਅਧਿਆਇ ਕਾਵਿ-ਅਲੰਕਾਰਾਂ ਨਾਲ਼ ਸੰਬੰਧਿਤ ਹੈ। ਅਲੰਕਾਰ ਕਵਿਤਾ ਦੇ ਸੁਹਜ ਨੂੰ ਵਧਾਉਂਦੇ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਇਹ ਕਵਿਤਾ ਨੂੰ ਸੁਆਦਲਾ ਬਣਾਉਂਦੇ ਹਨ ਅਤੇ ਅਰਥਾਂ ਵਿੱਚ ਸਪਸ਼ਟਤਾ ਪੈਦਾ ਕਰਦੇ ਹਨ। ਅਲੰਕਾਰ ਅਨੇਕਾਂ ਪ੍ਰਕਾਰ ਦੇ ਹੁੰਦੇ ਹਨ ਪਰ ਇਸ ਪੁਸਤਕ ਵਿੱਚ ਮੁੱਖ ਅਲੰਕਾਰਾਂ (ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਅਲੰਕਾਰ) ਬਾਰੇ ਹੀ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਵਿੱਚੋਂ ਅਨੁਪ੍ਰਾਸ ਨੂੰ ਧੁਨੀ ਜਾਂ ਸ਼ਬਦ-ਅਲੰਕਾਰ ਕਿਹਾ ਜਾਂਦਾ ਹੈ ਤੇ ਬਾਕੀ ਅਲੰਕਾਰਾਂ ਨੂੰ ਅਰਥ-ਅਲੰਕਾਰ ਕਿਹਾ ਜਾਂਦਾ ਹੈ।

ਹਰ ਕਵਿਤਾ ਦੀ ਬਣਤਰ ਦੇ ਤੱਤਾਂ ਨੂੰ ਸਮਝਣ ਤੋਂ ਬਾਅਦ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਕਵਿਤਾ ਦਾ ਪਾਠਕਾਂ 'ਤੇ ਕਿਹੋ-ਜਿਹਾ ਪ੍ਰਭਾਵ ਪੈਂਦਾ ਹੈ ਜਾਂ ਕੋਈ ਕਵਿਤਾ ਪਾਠਕ ਨੂੰ ਕਿਸ ਪ੍ਰਕਾਰ ਦਾ ਅਨੰਦ ਪ੍ਰਦਾਨ ਕਰਦੀ ਹੈ। ਕਵਿਤਾ ਦੇ ਪੜ੍ਹਨ-ਸੁਣਨ ਤੋਂ ਆਉਣ ਵਾਲ਼ੇ ਅਨੰਦ ਨੂੰ ਸਾਹਿਤਿਕ ਭਾਸ਼ਾ ਵਿੱਚ ਰਸ ਕਿਹਾ ਜਾਂਦਾ ਹੈ। ਇਹ ਗਿਣਤੀ ਵਿੱਚ ਨੌਂ ਹਨ। ਇਸ ਪਾਠ-ਪੁਸਤਕ ਦੇ ਚੌਥੇ ਅਧਿਆਇ ਵਿੱਚ ਇਹਨਾਂ ਨੌਂ ਰਸਾਂ ਦੀ ਪਰਿਭਾਸ਼ਾ, ਪ੍ਰਕਿਰਿਆ ਤੇ ਪ੍ਰਭਾਵ ਨੂੰ ਉਦਾਹਰਨਾਂ ਸਹਿਤ ਸਮਝਾਇਆ ਗਿਆ ਹੈ।

ਵਿਦਿਆਰਥੀਆਂ ਦੀ ਸਹੂਲਤ ਲਈ ਇਸ ਪਾਠ-ਪੁਸਤਕ ਦੇ ਹਰ ਅਧਿਆਇ ਦੇ ਆਖ਼ਰ ਵਿੱਚ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਉਮੀਦ ਹੈ ਵਿਦਿਆਰਥੀ ਇਸ ਤੋਂ ਲਾਭ ਉਠਾਉਣਗੇ। ਆਸ ਕੀਤੀ ਜਾਂਦੀ ਹੈ ਕਿ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦੀ ਸਾਹਿਤਿਕ ਚੇਸ਼ਟਾ ਵਧੇਗੀ ਅਤੇ ਉਹ ਪੰਜਾਬੀ ਸਾਹਿਤ ਨੂੰ ਹੋਰ ਪ੍ਰਫੁਲਿਤ ਕਰਨ 'ਚ ਆਪਣਾ ਯੋਗਦਾਨ ਪਾ ਸਕਣਗੇ।

# ਵਿਸ਼ਾ ਸੂਚੀ


| | | |
|---|---|---|
| | ਭੂਮਿਕਾ | ਪੰਨਾ ਨੰ. |
| | ਅਧਿਆਇ-ਪਹਿਲਾ | |
| | ਸਾਹਿਤ-ਰੂਪ | 1 |
| 1. | ਕਵਿਤਾ | 4 |
| 2. | ਨਾਟਕ | 13 |
| 3. | ਇਕਾਂਗੀ | 23 |
| 4. | ਨਾਵਲ | 28 |
| 5. | ਨਿੱਕੀ ਕਹਾਣੀ | 34 |
| 6. | ਨਿਬੰਧ | 40 |
| 7. | ਜੀਵਨੀ | 45 |
| 8. | ਸ੍ਵੈਜੀਵਨੀ | 52 |
| 9. | ਸਫ਼ਰਨਾਮਾ | 58 |
| | ਅਧਿਆਇ-ਦੂਜਾ | 67 |
| | ਛੰਦ | |
| | ਅਧਿਆਇ-ਤੀਜਾ | 79 |
| | ਅਲੰਕਾਰ | |
| | ਅਧਿਆਇ-ਚੌਥਾ | 90 |
| | ਕਾਵਿ-ਰਸ | |
| | ਪਾਠ-ਕ੍ਰਮ | 105 |
| | ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ। | |

# 1
# ਸਾਹਿਤ-ਰੂਪ

ਸੁਹਜ -ਸੁੰਦਰਤਾ ਨੂੰ ਮਾਣਨਾ ਮਨੁੱਖੀ ਸੁਭਾ ਹੈ। ਮਨੁੱਖੀ ਸਮਾਜ ਵਿਚਲੀ ਸੋਹਲ-ਬਿਰਤੀ ਹੀ ਮਨੁੱਖ ਨੂੰ ਮਨੁੱਖੀ ਗੁਣਾਂ ਨਾਲ਼ ਭਰਪੂਰ ਕਰਦੀ ਹੈ ਅਤੇ ਇਸ ਨੂੰ ਸੱਭਿਅਤਾ ਦੀਆਂ ਸਿਖਰਾਂ ਵੱਲ ਲੈ ਜਾਂਦੀ ਹੈ। ਇਸ ਸੁਹਜ-ਬਿਰਤੀ ਕਾਰਨ ਹੀ ਮਨੁੱਖ ਅੰਦਰ ਖ਼ੂਬਸੂਰਤ ਵਸਤਾਂ ਨੂੰ ਵੇਖਣ, ਪਰਖਣ ਅਤੇ ਮਾਣਨ ਦੀ ਪ੍ਰਬਲ ਤਾਂਘ/ਇੱਛਾ ਵਿਦਮਾਨ ਰਹਿੰਦੀ ਹੈ। ਇਸ ਤਾਂਘ ਦੇ ਫ਼ਲ਼ਸਰੂਪ ਕੋਮਲ ਕਲਾਵਾਂ ਦਾ ਜਨਮ ਹੋਇਆ ਜਿਨ੍ਹਾਂ ਨੂੰ ਲਲਿਤ ਕਲਾਵਾਂ (ਅੰਗਰੇਜ਼ੀ ਵਿੱਚ ਫ਼ਾਈਨ-ਆਰਟਸ) ਕਿਹਾ ਜਾਂਦਾ ਹੈ। ਲਲਿਤ-ਕਲਾਵਾਂ ਪੰਜ ਹਨ :

1. ਸੰਗੀਤ-ਕਲਾ
2. ਨ੍ਰਿਤ-ਕਲਾ
3. ਮੂਰਤੀ-ਕਲਾ
4. ਚਿੱਤਰ-ਕਲਾ
5. ਸਾਹਿਤ-ਕਲਾ(ਕਾਵਿ-ਕਲਾ)

ਇਹਨਾਂ ਸਾਰੀਆਂ ਕਲਾਵਾਂ ਦੇ ਵੱਖਰੇ-ਵੱਖਰੇ ਢੰਗ ਹਨ ਅਤੇ ਵੱਖਰੇ-ਵੱਖਰੇ ਸਾਧਨ ਹਨ। ਅਰਥਾਤ ਉਹ ਵਸਤੂਆਂ ਵੱਖਰੀਆਂ-ਵੱਖਰੀਆਂ ਹਨ ਜਿਨ੍ਹਾਂ ਰਾਹੀਂ ਇਹਨਾਂ ਕਲਾਵਾਂ ਦੀ ਸਿਰਜਣਾ ਹੁੰਦੀ ਹੈ। ਇਹਨਾਂ ਨੂੰ ਮਾਧਿਅਮ ਕਹਿ ਸਕਦੇ ਹਾਂ। ਸੰਗੀਤ-ਕਲਾ ਦਾ ਮਾਧਿਅਮ ਸੁਰ ਤੇ ਤਾਲ ਹੈ, ਨ੍ਰਿਤ-ਕਲਾ ਦਾ ਮਾਧਿਅਮ ਗਤੀ ਅਤੇ ਚਾਲ ਹੈ, ਚਿੱਤਰ-ਕਲਾ ਦਾ ਮਾਧਿਅਮ ਰੰਗ ਤੇ ਰੇਖਾ ਹੈ, ਮੂਰਤੀ-ਕਲਾ ਦਾ ਮਾਧਿਅਮ ਪੱਥਰ ਤੇ ਧਾਤਾਂ ਹਨ ਅਤੇ ਸੰਗੀਤ-ਕਲਾ ਦਾ ਮਾਧਿਅਮ ਸ਼ਬਦ ਤੇ ਧੁਨੀਆਂ ਹਨ। ਸ਼ਬਦ-ਧੁਨੀਆਂ ਸੂਖਮ ਤੋਂ ਸੂਖਮ ਤੇ ਕੋਮਲ ਤੋਂ ਕੋਮਲ ਹਨ। ਇਸ ਲਈ ਸੂਖਮ ਹੋਣ ਕਰਕੇ ਸਾਹਿਤ ਵੀ ਕੋਮਲ ਕਲਾ ਹੈ।

ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਵਿੱਚ 'ਕਾਵਿ' ਅਤੇ 'ਸਾਹਿਤ' ਨੂੰ ਸਮਾਨਾਰਥੀ ਰੂਪ ਵਿੱਚ ਵਰਤਿਆ ਗਿਆ ਹੈ। ਅਸਲ ਵਿੱਚ ਪੁਰਾਤਨ ਗ੍ਰੰਥਾਂ ਵਿੱਚ 'ਕਾਵਿ' ਸੰਬੰਧੀ ਹੀ ਵਧੇਰੇ ਚਰਚਾ ਹੋਈ ਮਿਲਦੀ ਹੈ। 'ਸਾਹਿਤ' ਸ਼ਬਦ ਦਾ ਪ੍ਰਯੋਗ ਮੱਧ ਕਾਲ ਵਿੱਚ ਪ੍ਰਚਲਿਤ ਹੋਇਆ ਮੰਨਿਆ ਜਾਂਦਾ ਹੈ। ਸਾਹਿਤ ਇੱਕ ਅਜਿਹੀ ਸ਼ਾਬਦਿਕ ਕਲਾ ਹੈ ਜਿਸ ਵਿੱਚ ਉੱਤਮ ਵਿਚਾਰਾਂ ਦੀ ਉੱਤਮ ਢੰਗ ਨਾਲ਼ ਪੇਸ਼ਕਾਰੀ ਹੋਈ ਹੋਵੇ। ਸਾਹਿਤ ਦਾ ਮੁੱਖ ਉਦੇਸ਼ ਸੁਹਜ-ਸੁਆਦ ਪੈਦਾ ਕਰਨਾ ਅਤੇ ਚੰਗੇ ਜੀਵਨ ਲਈ ਪ੍ਰੇਰਨਾ ਦੇਣਾ ਹੈ। ਸਾਹਿਤ ਨੂੰ ਜਨਤਾ ਦੀ ਡੰਗੋਰੀ ਕਿਹਾ ਜਾਂਦਾ ਹੈ। ਸਾਹਿਤ ਜੀਵਨ ਵਿੱਚੋਂ ਪੈਦਾ ਹੁੰਦਾ ਹੈ ਅਤੇ ਮੋੜਵੇਂ ਰੂਪ ਵਿੱਚ ਜੀਵਨ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤ ਨੂੰ ਸਮਾਜ ਦਾ ਦਰਪਣ/ਸ਼ੀਸ਼ਾ ਵੀ ਕਿਹਾ ਜਾਂਦਾ ਹੈ।

ਚੰਗਾ ਸਾਹਿਤ 'ਸਤਿਅਮ ਸ਼ਿਵਮ ਸੁੰਦਰਮ' ਦਾ ਧਾਰਨੀ ਹੁੰਦਾ ਹੈ ਅਰਥਾਤ ਚੰਗੇ ਸਾਹਿਤ ਦੇ ਤਿੰਨ ਪ੍ਰਮੁੱਖ-ਲੱਛਣ ਹਨ :

1. ਇਹ ਸੱਚ ਦਾ ਪ੍ਰਕਾਸ਼ ਕਰੇ।


2. ਇਹ ਜੀਵਨ ਲਈ ਕਲਿਆਣਕਾਰੀ ਬਣੇ।

3. ਇਹ ਸੁਹਜ-ਸੁੰਦਰਤਾ ਦਾ ਅਹਿਸਾਸ ਪੈਦਾ ਕਰੇ।

ਕਿਸੇ ਵਿਸ਼ੇਸ਼ ਭਾਸ਼ਾ ਦੇ ਸਾਹਿਤ ਵਿੱਚੋਂ ਉਸ ਕੌਮ ਦੀ ਸੱਭਿਅਤਾ ਅਤੇ ਸੱਭਿਆਚਾਰ ਦੀ ਸਮੁੱਚੀ ਕਾਰਜਸ਼ੀਲਤਾ ਅਤੇ ਵਿਲੱਖਣਤਾ ਨੂੰ ਪਛਾਣਿਆ ਜਾ ਸਕਦਾ ਹੈ।

ਸਮੁੱਚੇ ਸਾਹਿਤ ਦੀ ਰਚਨਾ ਲਈ ਕੱਚੀ ਸਮਗਰੀ ਭਾਸ਼ਾ ਹੀ ਪ੍ਰਦਾਨ ਕਰਦੀ ਹੈ। ਭਾਸ਼ਾ ਦੀ ਵਿਭਿੰਨ ਢੰਗਾਂ ਨਾਲ਼ ਵਰਤੋਂ ਕਰਕੇ ਸਾਹਿਤਕਾਰ ਵਿਭਿੰਨ ਤਰ੍ਹਾਂ ਦਾ ਸਾਹਿਤ-ਰੂਪ ਸਿਰਜਦੇ ਹਨ,ਜਿਵੇਂ:ਸੁਨਿਆਰ ਸੋਨੇ,ਚਾਂਦੀ ਦੇ ਭਾਂਤ-ਭਾਂਤ ਦੇ ਗਹਿਣੇ ਘੜਦਾ ਹੈ ਜਾਂ ਘੁਮਿਆਰ ਇੱਕੋ ਮਿੱਟੀ ਤੋਂ ਵੱਖ-ਵੱਖ ਤਰਾਂ ਦੇ ਭਾਂਡੇ ਬਣਾਉਂਦਾ ਹੈ।ਮੂਰਤੀਕਾਰ ਬੇਡੌਲ ਪੱਥਰਾਂ ਵਿੱਚ ਭਾਂਤ-ਭਾਂਤ ਦੀਆਂ ਮੂਰਤੀਆਂ ਦੇ ਨਕਸ਼ ਘੜਦਾ ਹੈ, ਇਵੇਂ ਹੀ ਭਾਸ਼ਾ ਦੀ ਵਰਤੋਂ ਨਾਲ਼ ਵਿਭਿੰਨ ਤਰ੍ਹਾਂ ਦੇ ਸਾਹਿਤ-ਰੂਪਾਂ ਜਿਵੇਂ - ਕਵਿਤਾ, ਕਹਾਣੀ, ਨਾਵਲ ਆਦਿ ਦੀ ਸਿਰਜਣਾ ਕੀਤੀ ਜਾਂਦੀ ਹੈ।

ਸੰਸਕ੍ਰਿਤ ਦੇ ਵਿਦਵਾਨਾਂ ਨੇ ਸਾਹਿਤ-ਕਾਵਿ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ, ਦ੍ਰਿਸ਼-ਕਾਵਿ ਅਤੇ ਸ਼੍ਰਵ-ਕਾਵਿ। ਦ੍ਰਿਸ਼-ਕਾਵਿ ਤੋਂ ਭਾਵ ਦੇਖਿਆ ਜਾਣ ਵਾਲ਼ਾ ਕਾਵਿ-ਸਾਹਿਤ ਜਿਵੇਂ ਨਾਟਕ। ਸ਼੍ਰਵ-ਕਾਵਿ ਤੋਂ ਭਾਵ ਸੁਣਿਆ ਜਾਣ ਵਾਲ਼ਾ ਕਾਵਿ ਜਾਂ ਸਾਹਿਤ। ਸ਼ੁਰੂ ਵਿੱਚ ਪੜ੍ਹੇ-ਲਿਖੇ ਲੋਕ ਘੱਟ ਹੋਣ ਕਾਰਨ ਵੇਖਣ ਅਤੇ ਸੁਣਨ ਨੂੰ ਹੀ ਆਧਾਰ ਬਣਾਇਆ ਗਿਆ ਸੀ। ਪਰ ਹੁਣ ਅਸੀਂ ਦ੍ਰਿਸ਼-ਕਾਵਿ ਦੇ ਅਧੀਨ ਨਾਟਕ ਅਤੇ ਇਕਾਂਗੀ ਨੂੰ ਰੱਖ ਸਕਦੇ ਹਾਂ। ਰੰਗ-ਮੰਚ ਜਾਂ ਸਟੇਜ 'ਤੇ ਪੇਸ਼ਕਾਰੀ ਇਹਨਾਂ ਦਾ ਅਹਿਮ ਤੱਤ ਹੈ। ਬਾਕੀ ਸਾਹਿਤ ਰੂਪਾਂ ਨੂੰ ਸ਼੍ਰਵ-ਕਾਵਿ (ਸੁਣਨ/ਪੜ੍ਹਨਯੋਗ) ਅਧੀਨ ਵਿਚਾਰਿਆ ਜਾ ਸਕਦਾ ਹੈ। ਪੱਛਮੀ ਵਿਦਵਾਨ ਨਾਵਲ ਅਤੇ ਨਿੱਕੀ-ਕਹਾਣੀ ਨੂੰ ਗਲਪ (Fiction) ਅਧੀਨ ਨਿਬੰਧ, ਜੀਵਨੀ, ਸ੍ਵੈਜੀਵਨੀ ਅਤੇ ਸਫ਼ਰਨਾਮਾ ਨੂੰ ਵਾਰਤਕ ਅਧੀਨ ਵਿਚਾਰਦੇ ਹਨ। 'ਕਵਿਤਾ' ਨੂੰ ਸੁਤੰਤਰ ਰੂਪ ਵਿੱਚ ਵਾਚਿਆ ਜਾਂਦਾ ਹੈ। ਮੋਟੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗਲਪ (Fiction) ਵਿੱਚ ਕਾਲਪਨਿਕ ਘਟਨਾਵਾਂ ਹੁੰਦੀਆਂ ਹਨ, ਵਾਰਤਕ ਵਿੱਚ ਬੁੱਧੀ ਤੱਤ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਕਵਿਤਾ ਵਿੱਚ ਭਾਵ ਪ੍ਰਧਾਨ ਹੁੰਦੇ ਹਨ। ਨਾਟਕ ਅਤੇ ਇਕਾਂਗੀ ਕਵਿਤਾ-ਰੂਪ ਵਿੱਚ ਵੀ ਹੋ ਸਕਦੇ ਹਨ ਜਿਸ ਨੂੰ ਕਾਵਿ-ਨਾਟਕ ਕਿਹਾ ਜਾਂਦਾ ਹੈ ਪਰੰਤੂ ਰੰਗ-ਮੰਚ ਜਾਂ ਸਟੇਜ 'ਤੇ ਪੇਸ਼ਕਾਰੀ ਦਾ ਤੱਤ ਇਹਨਾਂ ਨੂੰ ਬਾਕੀ ਸਾਹਿਤ-ਰੂਪਾਂ ਨਾਲ਼ੋਂ ਵੱਖਰਿਆਂ ਕਰਦਾ ਹੈ ਇਸ ਲਈ ਇਹਨਾਂ ਨੂੰ ਅਲੱਗ ਸਾਹਿਤ-ਰੂਪਾਂ ਵਜੋਂ ਵਿਚਾਰਿਆ ਜਾਂਦਾ ਹੈ। ਭਾਰਤੀ ਅਤੇ ਪੱਛਮੀ ਢੰਗਾਂ ਦਾ ਸੁਮੇਲ ਕਰ ਕੇ ਅਸੀਂ ਸਾਹਿਤ-ਰੂਪਾਂ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ-



ਇਸ ਤਰ੍ਹਾਂ ਕਵਿਤਾ, ਨਾਵਲ, ਕਹਾਣੀ, ਇਕਾਂਗੀ, ਨਾਟਕ, ਨਿਬੰਧ, ਜੀਵਨੀ, ਸ੍ਵੈਜੀਵਨੀ ਅਤੇ ਸਫ਼ਰਨਾਮਾ ਸਾਹਿਤ ਦੇ ਪ੍ਰਮੁੱਖ ਰੂਪ ਮੰਨੇ ਜਾਂਦੇ ਹਨ। ਆਧੁਨਿਕ ਸਮੇਂ ਵਿੱਚ ਮਿੰਨੀ ਕਹਾਣੀ, ਲਲਿਤ- ਨਿਬੰਧ, ਰੇਖਾ-ਚਿੱਤਰ ਵੀ ਪ੍ਰਚਲਿਤ ਹਨ। ਹਥਲੀ ਪੁਸਤਕ ਵਿੱਚ ਸਾਹਿਤ ਦੇ ਪ੍ਰਮੁੱਖ ਰੂਪਾਂ : ਕਵਿਤਾ, ਨਾਟਕ, ਇਕਾਂਗੀ, ਨਾਵਲ, ਕਹਾਣੀ, ਨਿਬੰਧ, ਜੀਵਨੀ, ਸ੍ਵੈਜੀਵਨੀ ਅਤੇ ਸਫ਼ਰਨਾਮੇ ਦੀ ਪਰਿਭਾਸ਼ਾ ਅਤੇ ਬਣਤਰ ਬਾਰੇ ਹੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਸ ਲਈ ਕਿਸੇ ਵੀ ਸਾਹਿਤ-ਰੂਪ ਦੇ ਤੱਤਾਂ ਬਾਰੇ ਚਰਚਾ ਕਰਦਿਆਂ ਸਾਡਾ ਧਿਆਨ ਉਸ ਸਾਹਿਤ-ਰੂਪ ਦੀ ਸਮੁੱਚੀ ਸੰਰਚਨਾ (Structure) ਉੱਤੇ ਕੇਂਦਰਿਤ ਰਹਿਣਾ ਵੀ ਜ਼ਰੂਰੀ ਹੈ। ਸਾਹਿਤ-ਰੂਪ ਦੇ ਤੱਤਾਂ ਦੇ ਜੀਵੰਤ ਸੰਬੰਧ (Organic Relationship) ਨੂੰ ਇੱਕ ਹੋਰ ਉਦਾਹਰਨ ਨਾਲ਼ ਸਪਸ਼ਟ ਕਰਦੇ ਹਾਂ। ਮਨੁੱਖੀ ਸਰੀਰ ਵਿੱਚ ਕਈ ਪ੍ਰਨਾਲ਼ੀਆਂ ਹਨ, ਜਿਵੇਂ: ਭੋਜਨ-ਪ੍ਰਨਾਲੀ, ਸਾਹ-ਪ੍ਰਨਾਲ਼ੀ, ਨਾੜੀ-ਤੰਤਰ, ਲਹੂ-ਗੇੜ ਪ੍ਰਨਾਲ਼ੀ, ਵਿਸਰਜਨ-ਪ੍ਰਨਾਲ਼ੀ ਆਦਿ ਹਨ। ਇਹ ਸਾਰੀਆਂ ਸੁਤੰਤਰ ਵੀ ਹਨ ਅਤੇ ਇੱਕ-ਦੂਜੀ ਨਾਲ਼ ਜੁੜੀਆਂ ਹੋਈਆਂ ਵੀ ਹਨ। ਕਿਸੇ ਸਾਹਿਤ-ਰੂਪ ਦੇ ਵਿਸ਼ੇ ਨੂੰ 'ਵਸਤੂ' ਅਤੇ 'ਰੂਪ' ਨੂੰ ਭਾਂਡਾ ਮੰਨਣ ਵਾਲ਼ੀ ਧਾਰਨਾ ਹੁਣ ਵੇਲ਼ਾ ਵਿਹਾ ਚੁੱਕੀ ਹੈ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ:-**

1. _______ ਨੂੰ ਮਾਣਨਾ ਮਨੁੱਖੀ ਸੁਭਾਅ ਹੈ।
2. _______ਦਾ ਮਾਧਿਅਮ ਰੰਗ ਅਤੇ ਰੇਖਾ ਹੈ।
3. ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਵਿੱਚ ਕਾਵਿ ਅਤੇ ਸਾਹਿਤ ਨੂੰ_____ ਰੂਪ ਵਿੱਚ ਵਰਤਿਆ ਗਿਆ ਹੈ।
4. ਸਾਹਿਤ-ਸਿਰਜਣਾ ਲਈ ਕੱਚੀ ਸਮਗਰੀ ____ ਹੀ ਪ੍ਰਦਾਨ ਕਰਦੀ ਹੈ।
5. ਨਾਟਕ ਅਤੇ ਇਕਾਂਗੀ _______ ਰੂਪ ਵਿੱਚ ਵੀ ਹੋ ਸਕਦੇ ਹਨ।

**(ਅ) ਉੱਤਰ ਦਿਓ :-**

1. ਲਲਿਤ-ਕਲਾਵਾਂ ਕਿਹੜੀਆਂ-ਕਿਹੜੀਆਂ ਹਨ ?
2. ਲਲਿਤ-ਕਲਾਵਾਂ ਦੇ ਮਾਧਿਅਮਾਂ ਦੇ ਨਾਂ ਦੱਸੋ।
3. ਸਾਹਿਤ ਨੂੰ ਕੋਮਲ-ਕਲਾ ਕਿਉਂ ਮੰਨਿਆ ਜਾਂਦਾ ਹੈ ?
4. ਸਾਹਿਤ ਦੇ ਪ੍ਰਮੁੱਖ ਲੱਛਣ ਕਿਹੜੇ ਹਨ ?
5. ਨਾਟਕ ਅਤੇ ਇਕਾਂਗੀ ਨੂੰ ਕਿਹੜਾ ਤੱਤ ਬਾਕੀ ਸਾਹਿਤ-ਰੂਪਾਂ ਨਾਲ਼ੋਂ ਵਖਰਿਆਉਂਦਾ ਹੈ ?
6. ਸਾਹਿਤ ਦੇ ਪ੍ਰਵਾਨਿਤ ਰੂਪ ਕਿਹੜੇ-ਕਿਹੜੇ ਹਨ ?

# ਕਵਿਤਾ 1

'ਕਵਿਤਾ' ਸਾਹਿਤ-ਰੂਪ ਨੂੰ ਦੁਨੀਆਂ ਦੀਆਂ ਲਗ-ਪਗ ਸਾਰੀਆਂ ਭਾਸ਼ਾਵਾਂ ਵਿੱਚ ਬਾਕੀ ਸਾਹਿਤ-ਰੂਪਾਂ ਨਾਲ਼ੋਂ ਪਹਿਲਾਂ ਜਨਮੀ ਮੰਨਿਆ ਜਾਂਦਾ ਹੈ। ਇਸ ਲਈ ਇਸ ਨੂੰ ਸਾਹਿਤ-ਰੂਪਾਂ ਵਿੱਚੋਂ ਜੇਠੀ ਤੇ ਪਲ਼ੇਠੀ ਵੀ ਕਿਹਾ ਜਾਂਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਆਦਿ-ਮਾਨਵ ਵੱਲੋਂ ਖ਼ੁਸ਼ੀ ਵਿੱਚ ਮਾਰੀ ਗਈ ਕਿਲਕਾਰੀ ਜਾਂ ਦੁੱਖ ਵਿੱਚ ਉਸ ਦੇ ਅੰਦਰੋਂ ਨਿਕਲ਼ਨ ਵਾਲ਼ੀ ਵੇਦਨਾ ਭਰੀ 'ਚੀਕ' ਇਸ ਦੁਨੀਆਂ ਦੀ ਪਹਿਲੀ ਕਵਿਤਾ ਹੋਵੇਗੀ। ਇਸ ਧਾਰਨਾ ਨੂੰ ਭਾਵੇਂ ਅਸੀਂ ਸੱਚ ਨਾ ਵੀ ਮੰਨੀਏ ਪਰ ਇੱਥੋਂ ਇੱਕ ਗੱਲ ਤਾਂ ਸਪਸ਼ਟ ਹੁੰਦੀ ਹੈ ਕਿ ਕਵਿਤਾ ਦੀ ਸਿਰਜਣਾ ਅਤਿ ਦੀ ਖ਼ੁਸ਼ੀ ਜਾਂ ਅਤਿ ਦੇ ਦੁੱਖ ਅਰਥਾਤ ਜਜ਼ਬਾਤੀ ਪਲਾਂ ਵਿੱਚ ਹੁੰਦੀ ਹੈ।

## ਪਰਿਭਾਸ਼ਾ :

ਕਵਿਤਾ ਇੱਕ ਸ਼ਬਦ-ਕਲਾ ਹੈ ਜੋ ਸਾਹਿਤ ਦਾ ਇੱਕ ਅੰਗ ਹੈ। ਕਵਿਤਾ ਤੋਂ ਭਾਵ ਅਜਿਹੀ ਸ਼ਬਦ-ਰਚਨਾ ਹੈ ਜਿਸ ਵਿੱਚ ਖ਼ਿਆਲ, ਜਜ਼ਬਾ, ਕਲਪਨਾ ਤੇ ਲੈਅ-ਤਾਲ ਜਾਂ ਕਿਸੇ ਤਰ੍ਹਾਂ ਦੇ ਵਜ਼ਨ-ਤੋਲ ਦਾ ਸੁਮੇਲ ਹੋਵੇ। ਕਵਿਤਾ ਵਿੱਚ ਮਨੁੱਖੀ ਜਜ਼ਬੇ ਸ਼ਬਦਾਂ ਦਾ ਜਾਮਾ ਪਹਿਨ ਕੇ ਕਿਸੇ ਸੁਰ-ਤਾਲ ਵਿੱਚ ਗੂੰਜ ਉੱਠਦੇ ਹਨ। ਪ੍ਰੋ.ਪੂਰਨ ਸਿੰਘ ਕਵਿਤਾ ਨੂੰ 'ਰੂਹਾਂ ਦੀ ਬੋਲੀ' ਮੰਨਦਾ ਹੈ। ਉਸ ਦੇ ਅਨੁਸਾਰ ਸਾਧ-ਮਨ ਵਿੱਚੋਂ ਜੋ ਬੋਲ ਨਿਕਲ਼ਨ, ਉਹ ਕਵਿਤਾ ਹਨ। ਕਵਿਤਾ ਆਵੇਸ਼ ਹੈ ਅਤੇ ਅੰਤਰ-ਆਤਮਾ ਦੀ ਅਵਾਜ਼ ਹੈ। ਕਵਿਤਾ ਦੀ ਅਵਾਜ਼ ਲੋਕ-ਆਤਮਾ ਦੀ ਅਵਾਜ਼ ਬਣਦੀ ਹੈ। ਇਹ ਦਿਲ ਦੀ ਬੋਲੀ ਹੈ। ਸੁਭਾਵਿਕ ਹੀ ਇਸ ਵਿੱਚ ਲਚਕ ਅਤੇ ਸੁਹਿਰਦਤਾ ਹੁੰਦੀ ਹੈ।

ਕਵਿਤਾ ਸੁੰਦਰਤਾ ਦਾ ਪ੍ਰਕਾਸ਼ ਹੈ। ਕਵੀ ਸੋਹਣੇ-ਸੋਹਣੇ ਬਿੰਬ ਜਾਂ ਸ਼ਬਦ ਚਿੱਤਰ ਕੇ ਆਪਣੀ ਕਵਿਤਾ ਰਾਹੀਂ ਪ੍ਰਗਟਾਉਂਦਾ ਅਤੇ ਮਨੁੱਖੀ ਮਨ ਨੂੰ ਰਿਝਾਉਂਦਾ ਹੈ।

ਅੰਗਰੇਜ਼ੀ ਕਵੀ ਕਾਰਲਾਈਲ ਅਨੁਸਾਰ ਕਵਿਤਾ ਇੱਕ ਗਾਉਂਦਾ ਜਜ਼ਬਾ ਹੈ। ਮੈਥਿਊ ਆਰਨਾਲਡ 'ਕਵਿਤਾ ਨੂੰ ਜੀਵਨ ਦੀ ਪੜਚੋਲ' ਮੰਨਦਾ ਹੈ। ਜੋ ਕੁਝ ਜੀਵਨ ਵਿੱਚ ਹੈ ਉਹੀ ਕਵਿਤਾ ਵਿੱਚ ਅੰਕਿਤ ਹੁੰਦਾ ਹੈ। ਕਾਰਲਾਈਲ ਨੇ "ਸੰਗੀਤ-ਭਰਪੂਰ ਵਿਚਾਰਾਂ" ਨੂੰ ਕਵਿਤਾ ਕਿਹਾ ਹੈ।

ਕਵਿਤਾ ਜਜ਼ਬਿਆਂ ਤੇ ਵਲਵਲਿਆਂ ਦਾ ਬੇਰੋਕ ਉਛਾਲ਼ਾ ਹੈ। ਮਨੁੱਖ ਦੇ ਦਿਲ ਵਿੱਚ ਜਦੋਂ ਖ਼ੁਸ਼ੀਆਂ ਤੇ ਗ਼ਮੀਆਂ ਦੇ ਤਿੱਖੇ ਵਲਵਲੇ ਬੇਕਾਬੂ ਹੋ ਕੇ ਆਪਮੁਹਾਰੇ ਵਹਿ ਤੁਰਦੇ ਹਨ ਤਾਂ ਕਵਿਤਾ ਦਾ ਜਨਮ ਹੁੰਦਾ ਹੈ। ਕਵਿਤਾ ਇੱਕ ਕਲਾਤਮਿਕ ਭਾਸ਼ਿਕ ਸਿਰਜਣਾ ਹੈ ਜਿਹੜੀ ਮਨੁੱਖੀ ਜਜ਼ਬਾਤ ਦੀ ਪ੍ਰਤਿਨਿਧਤਾ ਕਰਦੀ ਹੈ।

## ਕਵੀ :

ਕਵੀ ਇੱਕ ਅਤਿ ਸੰਵੇਦਨਸ਼ੀਲ ਵਿਅਕਤੀ ਹੁੰਦਾ ਹੈ। ਹਰੇਕ ਮਨੁੱਖ ਕਵੀ ਨਹੀਂ ਬਣ ਸਕਦਾ। ਕਵੀ ਸੰਵੇਦਨਾ ਅਤੇ ਸਮਰੱਥਾ ਨਾਲ਼ ਸਮੁੱਚੀ ਲੁਕਾਈ ਦੇ ਦੁੱਖ-ਦਰਦ ਤੇ ਖ਼ੁਸ਼ੀਆਂ-ਖੇੜਿਆਂ ਨੂੰ ਆਪਣਾ ਬਣਾ ਕੇ ਪੇਸ਼ ਕਰਦਾ ਹੈ ਅਤੇ ਆਪਣੇ ਨਿੱਜੀ ਦੁੱਖ ਅਤੇ ਖ਼ੁਸ਼ੀਆਂ ਨੂੰ ਸਮੂਹਿਕ ਬਣਾ ਦਿੰਦਾ ਹੈ। ਇਉਂ ਵੀ ਕਿਹਾ ਜਾਂਦਾ ਹੈ ਕਿ ਇੱਕ ਚੰਗਾ ਕਵੀ ਲੁਕਾਈ ਭਾਵ ਦੂਜਿਆਂ ਦੇ ਅੱਥਰੂ ਆਪਣੀਆਂ ਅੱਖਾਂ ਵਿੱਚ ਅਤੇ ਆਪਣੇ ਅੱਥਰੂ ਸਮੁੱਚੀ ਲੁਕਾਈ ਦੀਆਂ ਅੱਖਾਂ ਵਿੱਚ ਟੰਗ ਦਿੰਦਾ

ਹੈ। ਇੱਥੇ ਉਸ ਦੇ ਨਿੱਜੀ ਦੁੱਖ/ਖ਼ੁਸ਼ੀਆਂ ਸਮੂਹਿਕ ਹੋ ਜਾਂਦੀਆਂ ਹਨ ਅਤੇ ਲੋਕ-ਸਮੂਹ ਦੇ ਦੁੱਖ/ਖ਼ੁਸ਼ੀਆਂ ਕਵੀ ਦੀਆਂ ਨਿੱਜੀ ਹੋ ਨਿੱਬੜਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਕਵੀ ਆਪਣੀ ਕਲਪਨਾ ਨਾਲ਼ ਸਮੇਂ ਅਤੇ ਸਥਾਨ ਦੀਆਂ ਵਲਗਣਾਂ ਵੀ ਟੱਪ ਜਾਂਦਾ ਹੈ, ਤਾਂ ਹੀ ਕਿਹਾ ਹੈ ਕਿ ਜਿੱਥੇ ਨਾ ਪਹੁੰਚੇ ਰਵੀ ਉੱਥੇ ਪਹੁੰਚੇ ਕਵੀ। ਕਵੀ ਦੀ ਵਿੱਲਖਣਤਾ ਦੀ ਗੱਲ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਇਸ ਤਰ੍ਹਾਂ ਕਰਦਾ ਹੈ-

ਮਿੱਟੀ ਉੱਤੇ, ਫੁੱਲ ਦੇ ਉੱਤੇ ਅਤੇ ਸ਼ਾਇਰ ਦੇ ਦਿਲ 'ਤੇ,
ਇੱਕ ਮੋਈ ਤਿੱਤਲੀ ਦਾ ਹੁੰਦਾ ਵੱਖੋ-ਵੱਖਰਾ ਭਾਰ।

## ਕਵਿਤਾ ਦੇ ਤੱਤ :

ਕਵਿਤਾ ਦੀ ਸਿਰਜਣ-ਪ੍ਰਕਿਰਿਆ ਵਿੱਚ ਨਿਰਸੰਦੇਹ ਬਹੁਤ ਸਾਰੇ ਤੱਤ ਕਿਰਿਆਸ਼ੀਲ ਹੁੰਦੇ ਹਨ। ਇਹਨਾਂ ਤੱਤਾਂ ਦੇ ਸੁਚੱਜੇ ਸੁਮੇਲ ਤੋਂ ਕਵਿਤਾ ਦਾ ਜਨਮ ਹੁੰਦਾ ਹੈ ਪਰ ਇਹਨਾਂ ਤੱਤਾਂ ਦਾ ਨਿਖੇੜਾ ਕਰਨਾ ਅਸਲੋਂ ਹੀ ਅਸੰਭਵ ਹੈ। ਕਵਿਤਾ ਦੀ ਸੰਰਚਨਾ ਦੇ ਸੰਗਠਨ ਦੇ ਸੰਦਰਭ ਵਿੱਚ ਇਹਨਾਂ ਬਾਰੇ ਚਰਚਾ ਕੀਤੀ ਜਾ ਸਕਦੀ ਹੈ :-

## ਕਾਵਿ-ਭਾਸ਼ਾ-

ਭਾਸ਼ਾ ਕਵੀ ਦੀ ਕਵਿਤਾ-ਸਿਰਜਣਾ ਦਾ ਕੱਚਾ ਮਸਾਲਾ ਹੈ, ਜਿਵੇਂ ਕੋਈ ਮੂਰਤੀਕਾਰ ਪੱਥਰ ਵਿੱਚੋਂ ਮੂਰਤੀ ਘੜਦਾ ਹੈ ਅਤੇ ਚਿੱਤਰਕਾਰ ਰੰਗਾਂ ਨਾਲ਼ ਭਾਂਤ-ਭਾਂਤ ਦੇ ਚਿੱਤਰ ਬਣਾਉਂਦਾ ਹੈ, ਇਉਂ ਹੀ ਕਵੀ ਭਾਸ਼ਾ ਦੀ ਵਰਤੋਂ ਕਰਕੇ ਕਵਿਤਾ ਦੀ ਸਿਰਜਣਾ ਕਰਦਾ ਹੈ। ਕਵਿਤਾ ਨੂੰ ਅਸੀਂ ਭਾਵਾਂ ਦਾ ਹੜ੍ਹ ਜਾਂ ਆਪਮੁਹਾਰਾ ਵਹਿਣ ਕਹਿੰਦੇ ਹਾਂ। ਭਾਵਾਂ ਦਾ ਇਹ ਹੜ੍ਹ ਭਾਸ਼ਾਈ ਵਿਆਕਰਨਿਕ ਨਿਯਮਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਵਹਿੰਦਾ ਹੈ ਅਰਥਾਤ ਕਾਵਿ-ਭਾਸ਼ਾ ਵਿਆਕਰਨ ਦੇ ਨਿਯਮਾਂ ਤੋਂ ਪਰਾਹਨ ਕਰਦੀ ਹੈ ਭਾਵ ਪਰੇ ਜਾਂ ਪਾਸੇ ਹੁੰਦੀ ਹੈ ਅਤੇ ਇਹਨਾਂ ਨਿਯਮਾਂ ਦਾ ਪਾਲਣ ਨਹੀਂ ਕਰਦੀ। ਕਵੀ ਦੀ ਭਾਸ਼ਾ ਵਿੱਚ ਅਜੀਬ ਕੋਮਲਤਾ, ਅਰਥ-ਸ਼ਕਤੀ ਅਤੇ ਅਲੌਕਿਕ ਸੁੰਦਰਤਾ ਫੁੱਟ-ਫੁੱਟ ਨਿਕਲ਼ਦੀ ਹੈ। ਕਵੀ ਆਪਣੇ ਵਿਚਾਰਾਂ ਤੇ ਭਾਵਾਂ ਨੂੰ ਰਸਾਤਮਿਕ ਭਾਸ਼ਾ ਰਾਹੀਂ ਪ੍ਰਗਟ ਕਰਦਾ ਹੈ। ਇਸ ਤਰਾਂ ਕਵੀ ਦੀ ਭਾਸ਼ਾ ਸਾਡੀਆਂ ਭਾਵਨਾਵਾਂ, ਅਹਿਸਾਸਾਂ ਤੇ ਸੰਵੇਦਨਾਵਾਂ ਨੂੰ ਜਗਾਉਂਦੀ ਹੋਈ ਕਿਸੇ ਵਿਸ਼ੇ ਦੀ ਡੂੰਘੀ ਤਹਿ ਤੱਕ ਪਹੁੰਚਦੀ ਹੈ।

ਕਾਵਿ-ਭਾਸ਼ਾ ਦੀ ਵਰਤੋਂ ਖ਼ਿਆਲਾਂ/ਭਾਵਾਂ ਦੇ ਅਨੁਕੂਲ ਹੁੰਦੀ ਹੈ। ਜੇਕਰ ਕਵਿਤਾ ਵਿੱਚ ਪਿਆਰ-ਭਾਵ ਦਾ ਪ੍ਰਗਟਾਅ ਹੈ ਤਾਂ ਭਾਸ਼ਾ ਵੀ ਕੋਮਲ, ਸੁਹਜ-ਭਰਪੂਰ, ਸੰਗੀਤਮਈ ਅਤੇ ਕੋਮਲ ਧੁਨੀਆਂ ਵਾਲ਼ੀ ਹੋਵੇਗੀ ਪਰ ਜੇਕਰ ਕਵਿਤਾ ਵਿੱਚ ਬੀਰਤਾ/ਸੂਰਮਗਤੀ ਦਾ ਭਾਵ ਹੈ ਤਾਂ ਭਾਸ਼ਾ ਦੀਆਂ ਧੁਨੀਆਂ ਵੀ ਤੇਜੱਸਵੀ, ਓਜੱਸਵੀ ਅਤੇ ਬੀਰ-ਰਸ ਪੈਦਾ ਕਰਨ ਦੇ ਸਮਰੱਥ ਹੋਣਗੀਆਂ।

ਕਾਵਿ-ਭਾਸ਼ਾ ਵਿੱਚ ਸ਼ਬਦਾਂ ਦੀ ਚੋਣ ਦਾ ਵੀ ਮਹੱਤਵ ਹੈ। ਸ਼ਬਦ ਅਜਿਹੇ ਹੋਣ ਜੋ ਵਿਸ਼ੇ ਨੂੰ ਸਪਸ਼ਟ ਕਰਨ ਦੀ ਸ਼ਕਤੀ ਰੱਖਦੇ ਹੋਣ ਅਤੇ ਨਾਲ਼ੋ-ਨਾਲ਼ ਕਵੀ-ਹਿਰਦੇ ਦੀਆਂ ਭਾਵ-ਤਰੰਗਾਂ ਨੂੰ ਉਲੀਕਣ ਲਈ ਸ਼ਬਦ-ਚਿੱਤਰ ਸਿਰਜ ਸਕਦੇ ਹੋਣ। ਇਸ ਤੋਂ ਇਲਾਵਾ ਕਵਿਤਾ ਦੀ ਭਾਸ਼ਾ ਸੁਝਾਊ ਹੁੰਦੀ ਹੈ ਜੋ ਸ਼ਬਦਾਂ ਵਿੱਚ ਲੁਕੇ ਹੋਏ ਕਈ ਅਰਥਾਂ ਨੂੰ ਉਜਾਗਰ ਕਰਨ ਦੇ ਸਮਰੱਥ ਹੁੰਦੀ ਹੈ। ਲੈਅ, ਸੁਰ-ਤਾਲ ਤੇ ਸੰਗੀਤਾਮਿਕਤਾ ਕਾਵਿ-ਭਾਸ਼ਾ ਦਾ ਸਹਿਜ ਅੰਗ ਹਨ।

## ਵਿਚਾਰ :

ਅਜੋਕੇ ਯੁੱਗ ਵਿੱਚ ਵਿਗਿਆਨਿਕ ਤਰੱਕੀ ਕਾਰਨ ਕਵਿਤਾ ਵਿੱਚ ਵਿਚਾਰ- ਤੱਤ ਦਾ ਮਹੱਤਵ ਵਧਿਆ ਹੈ। ਵਿਚਾਰ ਤੋਂ ਬਿਨਾਂ ਤਾਂ ਇੱਕ ਵਾਕ ਲਿਖਣਾ ਵੀ ਅਸੰਭਵ ਹੈ ਫਿਰ ਇਸ ਤੋਂ ਬਿਨਾਂ ਕਵਿਤਾ ਦੀ ਸਿਰਜਣਾ ਕਿਵੇਂ ਸੰਭਵ ਹੋ ਸਕਦੀ ਹੈ ? ਕਵੀ ਇੱਕ ਸੰਵੇਦਨਸ਼ੀਲ ਮਨੁੱਖ ਹੋਣ ਕਾਰਨ ਆਪਣੇ ਆਲ਼ੇ-ਦੁਆਲ਼ੇ ਤੋਂ ਜਿਹੜੇ ਅਨੁਭਵ ਪ੍ਰਾਪਤ ਕਰਦਾ ਹੈ, ਉਹ ਉਸ ਦੇ ਵਿਚਾਰਾਂ ਦਾ ਆਧਾਰ ਬਣਦੇ ਹਨ। ਕੁਝ ਵਿਦਵਾਨ ਕਵਿਤਾ ਦੀ ਭਾਸ਼ਾ, ਸ਼ਬਦ-ਚੋਣ, ਸ਼ਬਦ-ਜੜਤ ਵੱਲ ਹੀ ਵਧੇਰੇ ਧਿਆਨ ਦਿੰਦੇ ਹਨ। ਉਹ ਕਵਿਤਾ ਨੂੰ ਵਿਚਾਰਾਂ ਦਾ ਵਾਹਨ ਨਹੀਂ ਸਮਝਦੇ ਅਤੇ ਵਸਤੂ ਦੀ ਥਾਂ ਰੂਪ ਉੱਪਰ ਵਧੇਰੇ ਜ਼ੋਰ ਦਿੰਦੇ ਹਨ। ਅਸਲ ਵਿੱਚ ਕਵੀ ਆਪਣੀ ਮੱਤ-ਬੁੱਧ ਅਨੁਸਾਰ ਕਵਿਤਾ ਦੀ ਸਿਰਜਣਾ ਕਰਦਾ ਹੈ। ਇਸ ਲਈ

ਕਵਿਤਾ ਵਿੱਚ ਕੋਈ ਗੱਲ ਕਹੀ ਗਈ ਹੁੰਦੀ ਹੈ, ਕੋਈ ਸੁਨੇਹਾ ਹੁੰਦਾ ਹੈ, ਕੋਈ ਸਿੱਖਿਆ ਜਾਂ ਉਪਦੇਸ਼ ਹੁੰਦਾ ਹੈ ਜਾਂ ਫਿਰ ਕਿਸੇ ਹਾਲਾਤ ਦਾ ਵਰਨਣ ਹੁੰਦਾ ਹੈ। ਸੌਖੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਕਵਿਤਾ ਵਿੱਚ ਵਿਸ਼ੇ ਦੇ ਰੂਪ ਵਿੱਚ ਜੋ ਕੁਝ ਪੇਸ਼ ਕੀਤਾ ਹੁੰਦਾ ਹੈ, ਉਹ ਹੀ ਵਿਚਾਰ ਹੈ। ਕਵਿਤਾ ਦੇ ਇਹੋ ਵਿਚਾਰ ਸਾਨੂੰ ਟੁੰਬਦੇ, ਪ੍ਰੇਰਦੇ ਅਤੇ ਆਲ਼ੇ-ਦੁਆਲ਼ੇ ਪ੍ਰਤਿ ਚੇਤੰਨ ਕਰਦੇ ਹਨ। ਕਾਲਰਿਜ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਕੋਈ ਕਵੀ ਉਦੋਂ ਤੱਕ ਚੰਗਾ ਕਵੀ ਨਹੀਂ ਬਣ ਸਕਦਾ ਜਦੋਂ ਤੱਕ ਉਹ ਪੂਰਾ ਵਿਚਾਰਵਾਨ ਫਿਲਾਸਫ਼ਰ ਨਹੀਂ ਹੁੰਦਾ।

ਡਾ. ਸਤਿੰਦਰ ਸਿੰਘ ਦਾ ਵਿਚਾਰ ਹੈ ਕਿ ਅਸਲ ਵਿੱਚ ਕਵਿਤਾ ਲਈ ਵਿਚਾਰ-ਤੱਤ ਦੀ ਹੋਂਦ ਕਿਸੇ ਨਾ ਕਿਸੇ ਰੂਪ ਵਿੱਚ ਲੁੜੀਂਦੀ ਜ਼ਰੂਰ ਹੈ। ਏਸੇ ਲਈ ਅਸੀਂ ਦੇਖਦੇ ਹਾਂ ਕਿ ਭਾਵੇਂ ਫ਼੍ਰਾਂਸ ਦੇ ਸੁਹਜਵਾਦੀ ਕਵੀ ਇਹ ਕਹਿੰਦੇ ਹਨ ਕਿ ਉਹਨਾਂ ਦੀਆਂ ਕਵਿਤਾਵਾਂ ਵਿਚਾਰਾਂ ਦਾ ਸੰਚਾਰ ਕਰਨ ਲਈ ਨਹੀਂ ਹਨ ਪਰ ਫਿਰ ਵੀ ਉਹਨਾਂ ਦੀਆਂ ਕਵਿਤਾਵਾਂ ਵਿੱਚ ਉੱਚਤਮ ਵਿਚਾਰ ਅਭਿਵਿਅਕਤ ਹੋਏ ਮਿਲਦੇ ਹਨ। ਲੋੜ ਇਸ ਗੱਲ ਦੀ ਹੈ ਕਿ ਕਵਿਤਾ ਵਿੱਚ ਵਿਚਾਰ ਦੇ ਨਾਲ਼-ਨਾਲ਼ ਬਾਕੀ ਦੇ ਕਲਾਤਮਿਕ ਤੱਤਾਂ ਨੂੰ ਵੀ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਿਆ ਜਾਵੇ। ਵਿਲਸਨ ਕਵਿਤਾ ਨੂੰ ਭਾਵਨਾਵਾਂ ਦੇ ਰੰਗ ਵਿੱਚ ਰੰਗੀ ਬੌਧਿਕਤਾ (Poetry is the intellect coloured by feeling) ਆਖਦਾ ਹੈ। ਨਿਰਸੰਦੇਹ ਵਿਚਾਰ-ਤੱਤ ਭਾਵਾਂ, ਜਜ਼ਬਿਆਂ ਦੇ ਵਹਿਣ ਨੂੰ ਇੱਕ ਸੁਨਿਸ਼ਚਿਤ ਤਰਤੀਬ ਦੇ ਕੇ ਕਵਿਤਾ ਦੀ ਕਲਾਤਮਿਕਤਾ ਵਿੱਚ ਵਾਧਾ ਕਰਦੇ ਹਨ।

## ਪ੍ਰਤੀਕ ਤੇ ਚਿੰਨ੍ਹ :

ਪ੍ਰਤੀਕ ਤੇ ਚਿੰਨ੍ਹ ਕਵਿਤਾ ਵਿੱਚ ਵਰਤੇ ਗਏ ਅਜਿਹੇ ਸ਼ਬਦ ਹੁੰਦੇ ਹਨ ਜਿਹੜੇ ਅਣਕਹੇ ਅਤੇ ਅਣਵੇਖੇ ਵਿਸ਼ੇ ਦੀ ਪ੍ਰਤਿਨਿਧਤਾ ਕਰਦੇ ਹਨ। ਇਸ ਨੂੰ ਇੱਕ ਸੌਖੀ ਜਿਹੀ ਉਦਾਹਰਨ ਨਾਲ਼ ਸਮਝੀਏ-ਜਦੋਂ ਤੁਸੀਂ ਕਿਸੇ ਲੜਕੀ ਨੂੰ ਵੇਖਦੇ ਹੋ ਜਿਸ ਨੇ ਬਾਂਹਵਾਂ ਵਿੱਚ 'ਚੂੜਾ' ਪਹਿਨਿਆ ਹੋਵੇ ਤਾਂ ਤੁਸੀਂ ਝੱਟ ਸਮਝ ਜਾਂਦੇ ਹੋ ਕਿ ਇਹ ਲੜਕੀ 'ਨਵ-ਵਿਆਹੁਤਾ' ਹੈ । ਅਜਿਹਾ ਕਿਉਂ ਹੋਇਆ ? ਬਿਨਾਂ ਉਸ ਨਾਲ਼ ਗੱਲ ਕੀਤੇ ਅਤੇ ਬਿਨਾਂ ਉਸ ਦਾ ਵਿਆਹ ਦੇਖੇ ਤੁਸੀਂ ਕਿਵੇਂ ਸਮਝ ਲਿਆ ਕਿ ਉਹ ਲੜਕੀ 'ਨਵ-ਵਿਆਹੁਤਾ' ਹੈ। ਉੱਤਰ ਸਪਸ਼ਟ ਹੈ ਕਿ ਉਸ ਨੇ 'ਚੂੜਾ' ਪਹਿਨਿਆ ਹੋਇਆ ਹੈ। ਇੱਥੇ 'ਚੂੜਾ' ਇੱਕ ਸੱਭਿਆਚਾਰਿਕ ਪ੍ਰਤੀਕ ਤੇ ਚਿੰਨ੍ਹ ਹੈ। ਕੁਝ ਇਸੇ ਤਰਾਂ ਹੀ ਪ੍ਰਤੀਕ ਤੇ ਚਿੰਨ੍ਹ ਕਵਿਤਾ ਵਿੱਚ ਕਾਰਜਸ਼ੀਲ ਹੁੰਦੇ ਹਨ।

## ਪ੍ਰਤੀਕ/ਚਿੰਨ੍ਹ ਦੇ ਹੇਠ ਲਿਖੇ ਮੁੱਖ ਲੱਛਣ ਹੁੰਦੇ ਹਨ :

(ੳ) ਪ੍ਰਤੀਕ ਅਣਦਿਸਦੇ ਦੀ ਪ੍ਰਤਿਨਿਧਤਾ ਕਰਦਾ ਹੈ।

(ਅ) ਪ੍ਰਤੀਕ ਸਾਡੇ ਮਨਾਂ ਵਿੱਚ ਤੁਰਤ-ਫੁਰਤ ਕੋਈ ਭਾਵਨਾ ਉਜਾਗਰ ਕਰ ਦਿੰਦਾ ਹੈ।

(ੲ) ਪ੍ਰਤੀਕ ਉੱਤੇ ਉਸ ਦੇ ਆਪਣੇ ਸਮੇਂ, ਸਥਾਨ 'ਤੇ ਸੱਭਿਆਚਾਰਿਕ ਮਾਹੌਲ ਦੀ ਮੋਹਰ-ਛਾਪ ਲੱਗੀ ਹੁੰਦੀ ਹੈ।

(ਸ) ਪ੍ਰਤੀਕ, ਆਪਣੇ ਖ਼ਾਸ ਅਰਥਾਂ ਵਿੱਚ ਕਾਫ਼ੀ ਹੱਦ ਤੱਕ ਰੂੜ੍ਹ ਹੋ ਜਾਂਦਾ ਹੈ।

(ਹ) ਪ੍ਰਤੀਕ ਕਾਵਿ ਦੀ ਪ੍ਰਗਟਾਅ-ਸ਼ੈਲੀ (Art of expression) ਦਾ ਹੀ ਇੱਕ ਅੰਗ ਹੈ।

ਪ੍ਰੋ. ਮੋਹਨ ਸਿੰਘ ਦੀ ਇੱਕ ਕਵਿਤਾ ਦੀ ਇੱਕ ਉਦਾਹਰਨ ਨਾਲ਼ ਪ੍ਰਤੀਕ/ਚਿੰਨ੍ਹ ਨੂੰ ਸਪਸ਼ਟ ਕਰਦੇ ਹਾਂ :

*"ਦੋ ਟੋਟਿਆਂ ਵਿੱਚ ਭੌਂ ਟੁੱਟੀ*
*ਇੱਕ ਮਹਿਲਾਂ ਦਾ ਇੱਕ ਢੋਕਾਂ ਦਾ।*
*ਦੋ ਧੜਿਆਂ ਵਿੱਚ ਖ਼ਲਕਤ ਵੰਡੀ*
*ਇੱਕ ਲੋਕਾਂ ਦਾ ਇੱਕ ਜੋਕਾਂ ਦਾ।"*

ਇੱਥੇ ਕਵੀ ਜਮਾਤੀ-ਭਾਵਨਾ ਦੇ ਸ਼ਿਕਾਰ ਹੋਏ ਲੋਕਾਂ ਦੀ ਗੱਲ ਕਰਦਾ ਹੋਇਆ ਤਿੰਨ ਸ਼ਬਦ ਵਰਤਦਾ ਹੈ - ਮਹਿਲਾਂ, ਢੋਕਾਂ ਤੇ ਜੋਕਾਂ। ਇਹ ਤਿੰਨੋਂ ਸ਼ਬਦ ਇਸ ਕਵਿਤਾ ਵਿੱਚ ਪ੍ਰਤੀਕ ਹਨ ਜਿਹੜੇ ਲੰਮੇ-ਚੌੜੇ ਅਰਥਾਂ ਦਾ ਬਿਆਨ ਕਰ ਰਹੇ ਹਨ। "ਉੱਚੀਆਂ ਅਟਾਰੀਆਂ ਤੇ ਮਹਿਲਾਂ ਵਿੱਚ ਰਹਿਣ ਵਾਲ਼ੇ ਧਨਾਢ ਲੋਕ " ਕਹਿਣ ਦੀ ਥਾਂ ਕਵੀ ਸਿਰਫ਼

"ਮਹਿਲਾਂ" ਕਹਿੰਦਾ ਹੈ। ਇਸੇ ਤਰ੍ਹਾਂ ਕੁੱਲੀਆਂ ਤੇ ਝੌਂਪੜੀਆਂ ਵਿੱਚ ਰਹਿਣ ਵਾਲੇ ਗ਼ਰੀਬ ਲੋਕ ਕਹਿਣ ਦੀ ਬਜਾਏ ਕਵੀ ਇੱਥੇ ਸਿਰਫ਼ "ਢੋਕਾਂ" ਦੀ ਵਰਤੋਂ ਕਰਦਾ ਹੈ। "ਜੋਕਾਂ" ਸ਼ਬਦ ਵੀ ਗ਼ਰੀਬਾਂ ਦਾ ਲਹੂ ਚੂਸਣ ਵਾਲ਼ੇ ਸ਼ੋਸ਼ਕ-ਪੂੰਜੀਪਤੀਆਂ ਦਾ ਅਰਥ ਦਿੰਦਾ ਹੈ। ਇਹ ਤਿੰਨੇ (ਮਹਿਲਾਂ, ਢੋਕਾਂ, ਜੋਕਾਂ) ਪ੍ਰਤੀਕ ਹਨ ਜੋ ਕਵਿਤਾ ਵਿੱਚ ਵਿਸ਼ਾਲ ਅਰਥਾਂ ਨੂੰ ਇਸ਼ਾਰੇ ਨਾਲ਼ ਪ੍ਰਗਟਾਉਂਦੇ ਹਨ।

ਚੰਗਾ ਕਵੀ ਆਪਣੀ ਕਵਿਤਾ ਵਿੱਚ ਜਾਣੇ - ਪਛਾਣੇ ਪ੍ਰਤੀਕ ਵਰਤ ਕੇ ਡੂੰਘੇ ਅਰਥਾਂ ਤੇ ਭਾਵਾਂ ਵੱਲ ਇਸ਼ਾਰਾ ਕਰਦਾ ਹੈ। ਸ਼ੇਰ ਬਹਾਦਰੀ ਦਾ, ਗਿੱਦੜ ਕਾਇਰਤਾ ਦਾ ਅਤੇ ਗੰਗਾ, ਪਵਿੱਤਰਤਾ ਦਾ ਪ੍ਰਤੀਕ ਹੈ। ਇਹਨਾਂ ਨੂੰ ਸਾਰੇ ਜਾਣਦੇ ਹਨ। ਪ੍ਰਤੀਕਾਂ ਦੀ ਵਰਤੋਂ ਨਾਲ਼ ਜਿੱਥੇ ਕਵਿਤਾ ਦੀ ਬੋਲੀ ਵਿੱਚ ਅਰਥਾਂ ਦੇ ਸੰਚਾਰ ਦੀ ਸਮਰੱਥਾ ਆ ਜਾਂਦੀ ਹੈ ਉੱਥੇ ਸੰਬੰਧਿਤ ਵਸਤੂ ਦੇ ਗੁਣਾਂ ਦੀ ਭਾਵਨਾ ਸਾਡੇ ਮਨਾਂ ਵਿੱਚ ਝੱਟ-ਪੱਟ ਥੌਰਾ ਜਾਂਦੀ ਹੈ।

### ਕਲਪਨਾ :

ਕਲਪਨਾ ਤੋਂ ਬਿਨਾਂ ਕਿਸੇ ਕਵਿਤਾ ਦੀ ਸਿਰਜਣਾ ਅਸੰਭਵ ਹੈ ਕਿਉਂਕਿ ਕਲਪਨਾ ਤੋਂ ਬਿਨਾਂ ਸਿਰਜਣਾ ਦੀ ਕੁੱਖ ਬਾਂਝ ਹੁੰਦੀ ਹੈ, ਜਿਵੇਂ ਬੰਜਰ ਧਰਤੀ ਉੱਪਰ ਕੁਝ ਨਹੀਂ ਉੱਗਦਾ, ਉਵੇਂ ਹੀ ਕਲਪਨਾ-ਵਿਹੂਣਾ ਮਨੁੱਖ ਕੁਝ ਨਹੀਂ ਸਿਰਜ ਸਕਦਾ। ਉਸ ਦੇ ਅੰਦਰ ਸਿਰਜਣਾ ਦਾ ਬੀਜ ਪੁੰਗਰ ਹੀ ਨਹੀਂ ਸਕਦਾ। ਇਸ ਲਈ ਕਲਪਨਾ ਕਵਿਤਾ ਦਾ ਇੱਕ ਹੋਰ ਜ਼ਰੂਰੀ ਤੱਤ ਹੈ। ਅੰਗਰੇਜ਼ੀ ਕਵੀ ਕਾਲਰਿਜ ਦੇ ਅਨੁਸਾਰ ਕਵਿਤਾ ਤਾਂ ਕਲਪਨਾ ਦੀ ਹੀ ਪੈਦਾਵਾਰ ਹੈ। ਕਲਪਨਾ ਘਾੜਤ ਜਾਂ ਰਚਨਾ ਕਰਨ ਵਾਲ਼ੀ ਸ਼ਕਤੀ ਹੈ ਜੋ ਹਰ ਇੱਕ ਬੰਦੇ ਵਿੱਚ ਵਿਦਮਾਨ ਹੁੰਦੀ ਹੈ। ਕਲਪਨਾ ਦੀ ਸ਼ਕਤੀ ਨਾਲ਼ ਹੀ ਕਵੀ ਅਣਵੇਖੇ ਤੇ ਅਨਜਾਣੇ ਦ੍ਰਿਸ਼ਾਂ ਤੇ ਵਸਤੂਆਂ ਨੂੰ ਸਾਡੇ ਸਾਮ੍ਹਣੇ ਇਸ ਤਰ੍ਹਾਂ ਚਿਤਰਿਤ ਕਰਦਾ ਹੈ ਕਿ ਉਹ ਸੱਚ-ਮੁੱਚ ਹੀ ਦੇਖੇ -ਭਾਲ਼ੇ ਲੱਗਦੇ ਹਨ ਅਤੇ ਉਹਨਾਂ ਵਿੱਚ ਅਸੀਂ ਅਪਣੱਤ ਪਾ ਲੈਂਦੇ ਹਾਂ। ਅੱਜ ਤੋਂ ਕੋਈ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਗੁਰੂ ਦੇ ਸਾਹਿਬਜ਼ਾਦੇ ਸਰਹਿੰਦ ਦੀਆਂ ਨੀਂਹਾਂ ਵਿੱਚ ਚਿਣਾਏ ਗਏ। ਉਸ ਦੂਰ ਬੀਤੇ ਹੋਏ ਮਹਾਨ ਸਾਕੇ ਦਾ ਬਿਆਨ ਅੱਜ ਵੀ ਕਵੀ ਇਸ ਤਰ੍ਹਾਂ ਕਰ ਦਿੰਦਾ ਹੈ, ਜਿਵੇਂ ਉਹ ਸਾਰਾ ਮਹਾਨ ਕਾਰਨਾਮਾ ਉਸ ਕਵੀ ਦੀਆਂ ਅੱਖਾਂ ਸਾਮ੍ਹਣੇ ਵਾਪਰਿਆ ਹੋਵੇ। ਇਹੋ ਕਲਪਨਾ ਦਾ ਕਮਾਲ ਹੈ।

ਗੱਲ ਕੀ, ਕਲਪਨਾ ਕਵੀ ਦੀ ਕਵਿਤਾ ਪਿੱਛੇ ਪ੍ਰੇਰਨਾ ਦੇਣ ਵਾਲ਼ੀ ਇੱਕ ਮਾਨਸਿਕ ਸ਼ਕਤੀ ਹੈ ਜੋ ਕਵੀ, ਕਵਿਤਾ ਤੇ ਪਾਠਕ-ਸ੍ਰੋਤੇ ਤਿੰਨਾਂ ਨੂੰ ਇੱਕੋ ਵੇਲ਼ੇ ਇਕਸੁਰ ਕਰ ਦਿੰਦੀ ਹੈ। ਇਸੇ ਲਈ ਡਾ.ਸਤਿੰਦਰ ਸਿੰਘ ਕਹਿੰਦਾ ਹੈ ਕਿ ਕਲਪਨਾ ਕਵੀ ਦੀ ਇੱਕ ਅਜਿਹੀ ਅਨੋਖੀ ਸ਼ਕਤੀ ਹੈ ਜਿਸ ਦੁਆਰਾ ਉਹ ਤੱਥਾਂ ਨੂੰ ਅਜਿਹੇ ਢੰਗ ਨਾਲ਼ ਰੂਪਮਾਨ ਕਰਦਾ ਹੈ ਕਿ ਉਹ ਅਸਲ ਨਾਲ਼ੋਂ ਪਿਆਰੇ, ਦਿਲਚਸਪ ਅਤੇ ਵਧੇਰੇ ਸੱਚ ਹੋ ਨਿਬੜਦੇ ਹਨ। ਕਵੀ ਜੋ ਕੁਝ ਵੀ ਦੇਖਦਾ-ਸੁਣਦਾ ਹੈ ਜਾਂ ਅਨੁਭਵ ਕਰਦਾ ਹੈ, ਉਸ ਨੂੰ ਹੂ-ਬਹੂ ਹੀ ਪੇਸ਼ ਨਹੀਂ ਕਰ ਦਿੰਦਾ ਸਗੋਂ ਅਨੁਭਵ ਨੂੰ ਕਲਪਨਾ ਰਾਹੀਂ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਰੂਪ ਦੇ ਕੇ ਪੇਸ਼ ਕਰਦਾ ਹੈ। ਇਸ ਨਾਲ਼ ਕਵੀ ਦੀ ਪੇਸ਼ਕਾਰੀ ਸੱਚ ਹੋਣ ਦੇ ਨਾਲ਼-ਨਾਲ਼ ਰਸਮਈ ਵੀ ਬਣਦੀ ਹੈ।

### ਛੰਦ :

ਕਵਿਤਾ ਵਿੱਚ ਛੰਦ ਦਾ ਵੀ ਮਹੱਤਵ ਹੈ। ਸਾਡੇ ਪੁਰਾਤਨ ਅਤੇ ਮੱਧਕਾਲ ਵਿੱਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ ਆਧੁਨਿਕ ਸਮੇਂ ਵਿੱਚ ਭਾਵੇਂ ਛੰਦ-ਮੁਕਤ ਕਵਿਤਾ ਜ਼ਿਆਦਾ ਪ੍ਰਚਲਿਤ ਹੋ ਰਹੀ ਹੈ। ਛੰਦ ਕਾਵਿਕ-ਸੰਚਾਰ ਲਈ ਇੱਕ ਮਹੱਤਵਪੂਰਨ ਅੰਗ ਬਣਦਾ ਜਾ ਰਿਹਾ ਹੈ ਇਸ ਲਈ ਛੰਦ-ਮੁਕਤ ਕਵਿਤਾ ਵਿੱਚ ਕਾਵਿ-ਭਾਸ਼ਾ ਦੀ ਜ਼ੁੰਮੇਵਾਰੀ ਹੋਰ ਵਧ ਗਈ ਹੈ। ਇਸ ਵਿੱਚ ਨਵੇਂ ਪਸਾਰ ਉੱਭਰਦੇ ਦਿਸਦੇ ਹਨ ਕਿਉਂਕਿ ਖੁੱਲ੍ਹੀ ਕਵਿਤਾ ਵਿੱਚ ਵੀ ਵਜ਼ਨ, ਤੋਲ, ਬਿਸਰਾਮ, ਲੈਅ ਆਦਿ ਦਾ ਖ਼ਿਆਲ ਰੱਖਣਾ ਪੈਂਦਾ ਹੈ।

ਕਵਿਤਾ ਵਿੱਚ ਅੱਖਰਾਂ ਜਾਂ ਵਰਨਾਂ ਦੀ ਖ਼ਾਸ ਗਿਣਤੀ-ਮਿਣਤੀ ਦੁਆਰਾ ਤੁਕਾਂਤ ਦਾ ਜੋ ਸਹੀ ਮੇਲ਼ ਹੁੰਦਾ ਹੈ ਉਹੋ ਛੰਦ ਹੈ। ਕਵਿਤਾ ਵਿੱਚ ਵਰਨਾਂ ਅਤੇ ਮਾਤਰਾਂ ਦੀ ਖ਼ਾਸ ਵਿਉਂਤ ਹੁੰਦੀ ਹੈ ਜਿਸ ਨਾਲ਼ ਸੁਰ-ਤਾਲ ਪੈਦਾ ਹੁੰਦਾ ਹੈ ਅਤੇ ਤੁਕਾਂਤ ਦਾ ਸਹੀ ਮੇਲ਼ ਵੀ ਹੁੰਦਾ ਹੈ। ਸੋ ਤੋਲ -ਤੁਕਾਂਤ ਤੇ ਵਜ਼ਨ ਛੰਦ ਦੀ ਜਿੰਦ-ਜਾਨ ਹੈ। ਪਹਿਲਾਂ ਕਬਿੱਤ, ਸਵੱਯਾ, ਦੋ ਹਿਰਾ, ਸੋਰਠਾ, ਤ੍ਰਿਭੰਗੀ, ਅੜਿੱਲ, ਕੋਰੜਾ ਆਦਿ ਕਈ ਤਰ੍ਹਾਂ ਦੇ ਛੰਦ ਪ੍ਰਚਲਿਤ ਸਨ ਪਰ ਅੱਜ-ਕੱਲ੍ਹ ਇਹਨਾਂ

ਦੇ ਮਿਲ਼ੇ-ਜੁਲ਼ੇ ਰੂਪ ਲੋਕ-ਗੀਤਾਂ ਦੀ ਚਾਲ ਵਿੱਚ ਵਰਤੇ ਜਾਂਦੇ ਹਨ। ਪਰੰਪਰਾਈ ਛੰਦਾਂ ਦੀ ਅਣਵਰਤੋਂ ਕਰਕੇ ਅੱਜ ਦੇ ਕਵੀ ਕਾਵਿ-ਵਿਧਾਨ ਵਿੱਚ ਜੋ ਘਾਟਾ ਤੇ ਖੱਪਾ ਪੈਦਾ ਹੋਇਆ ਸੀ, ਉਹ ਹੁਣ ਗ਼ਜ਼ਲਾਂ ਦੀਆਂ ਅਨੇਕ ਬਹਿਰਾਂ ਦੀ ਵਰਤੋਂ ਨਾਲ਼ ਪੂਰਾ ਹੋ ਰਿਹਾ ਹੈ। ਪੰਜਾਬੀ ਵਿੱਚ ਅੱਜ ਗ਼ਜ਼ਲ- ਕਾਵਿ ਦੀ ਚੜ੍ਹਤ ਦਾ ਇਹੋ ਰਾਜ਼ ਹੈ।

ਕਵਿਤਾ ਦੇ ਇੱਕ ਵਿਧਾਨਿਕ ਤੱਤ ਵਜੋਂ ਛੰਦ ਦੇ ਕਈ ਲਾਭ ਹਨ। ਛੰਦ ਕਵਿਤਾ ਦੇ ਭਾਵਾਂ ਤੇ ਵਿਚਾਰਾਂ ਨੂੰ ਤਿੱਖਾ ਕਰਦੇ ਹਨ ਅਤੇ ਇਹਨਾਂ ਨੂੰ ਇੱਕ ਲੜੀ ਵਿੱਚ ਪਰੋਂਦੇ ਹਨ। ਛੰਦ ਕਵਿਤਾ ਨੂੰ ਅਕੇਵੇਂ ਤੋਂ ਬਚਾਈ ਰੱਖਦੇ ਹੋਏ ਇਸ ਦੇ ਪ੍ਰਭਾਵ ਨੂੰ ਵਧਾਉਂਦੇ ਹਨ। ਇਸੇ ਤਰ੍ਹਾਂ ਛੰਦ ਕਵਿਤਾ ਵਿੱਚ ਰਸ ਤੇ ਸੰਗੀਤ ਦਾ ਮਾਹੌਲ ਪੈਦਾ ਕਰਦੇ ਹਨ ਅਤੇ ਕਵੀ ਤੇ ਸਰੋਤਿਆਂ ਵਿਚਕਾਰ ਇੱਕ ਸੁਖਾਵਾਂ ਰਿਸ਼ਤਾ ਕਾਇਮ ਕਰਦੇ ਹਨ। ਲੋਕਾਂ ਵਿੱਚ ਇਹ ਕਹਾਵਤ ਬੜੀ ਮਸ਼ਹੂਰ ਰਹੀ ਹੈ ਕਿ ਛੰਦ (ਪਿੰਗਲ ਸ਼ਾਸਤਰ) ਤੋਂ ਬਿਨਾਂ ਕਵਿਤਾ ਨਹੀਂ ਅਤੇ ਭਗਵਤ ਗੀਤਾ ਦੇ ਪੜ੍ਹਨ ਤੋਂ ਬਿਨਾਂ ਕੋਈ ਗਿਆਨ ਨਹੀਂ -

*"ਪਿੰਗਲ ਬਾਝ ਕਵੀਸ਼ਰੀ, ਗੀਤਾ ਬਾਝ ਗਿਆਨ।"*

### ਭਾਵ :

ਭਾਵ, ਮਨੋਭਾਵ ਜਾਂ ਜਜ਼ਬੇ ਕਵਿਤਾ ਦੀ ਰਚਨਾ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਅੰਗਰੇਜ਼ੀ ਕਵੀ ਵਰਡਜ਼ਵਰਥ ਨੇ ਕਵਿਤਾ ਨੂੰ ਤਿੱਖੇ ਜਜ਼ਬਿਆਂ ਤੇ ਵਲਵਲਿਆਂ ਦਾ ਬੇਰੋਕ ਉਛਾਲ਼ਾ ਕਿਹਾ ਹੈ। ਜਜ਼ਬਿਆਂ ਦੇ ਤਿੱਖੇ ਵਹਿਣ ਵਿੱਚੋਂ ਹੀ ਕਵਿਤਾ ਜਨਮ ਲੈਂਦੀ ਹੈ। ਕੋਈ ਵੀ ਮਨੁੱਖ, ਖ਼ਾਸ ਕਰਕੇ ਕਵੀ, ਜਜ਼ਬਿਆਂ ਜਾਂ ਭਾਵਾਂ ਤੋਂ ਸੱਖਣਾ ਨਹੀਂ ਹੋ ਸਕਦਾ। ਮਨੁੱਖ ਦਾ ਦਿਲ ਤਾਂ ਮਨੋਭਾਵਾਂ ਅਤੇ ਜਜ਼ਬਿਆਂ ਦੀ ਖਾਣ ਹੈ। ਉਸ ਵਿੱਚ ਤਰ੍ਹਾਂ-ਤਰ੍ਹਾਂ ਦੇ ਭਾਵ ਉੱਮਲ੍ਹਦੇ ਰਹਿੰਦੇ ਹਨ। ਪਿਆਰ ਦਾ ਭਾਵ, ਤਰਸ ਦਾ ਭਾਵ, ਡਰ ਦਾ ਭਾਵ, ਖ਼ੁਸ਼ੀ ਦਾ ਭਾਵ, ਕਿੰਨੇ ਹੀ ਭਾਵ ਹਨ। ਜਦੋਂ ਕਵੀ ਆਪਣੇ ਦੇਸ ਦੀ ਗ਼ੁਲਾਮੀ ਨੂੰ ਦੇਖਦਾ ਹੈ ਤਾਂ ਉਸ ਵਿੱਚ ਦੇਸ-ਭਗਤੀ ਦਾ ਜਜ਼ਬਾ ਠਾਠਾਂ ਮਾਰਨ ਲੱਗ ਪੈਂਦਾ ਹੈ। ਪਰ ਜਦੋਂ ਕੋਈ ਖ਼ੂਬਸੂਰਤ ਦ੍ਰਿਸ਼ ਦੇਖਦਾ ਹੈ ਤਾਂ ਉਸ ਵਿੱਚ ਪ੍ਰੀਤ-ਜਜ਼ਬਾ ਜਾਗ ਉਠਦਾ ਹੈ। ਅਜਿਹੇ ਜਾਗ੍ਰਿਤ ਹੋਏ ਜਜ਼ਬਿਆਂ ਤੇ ਭਾਵਾਂ ਦੇ ਅਧੀਨ ਹੀ ਕਵੀ ਸ਼ਬਦਾਂ ਨੂੰ ਬੋਲਦਾ, ਜੋੜਦਾ ਤੇ ਵਿਓਂਤਦਾ ਹੈ ਅਤੇ ਉਹ ਕਵਿਤਾ ਬਣ ਨਿੱਬੜਦੇ ਹਨ। ਇਸ ਲਈ ਇਹ ਸਹੀ ਹੈ ਕਿ ਮਨੋਭਾਵਾਂ ਦੀ ਹੋਂਦ ਤੋਂ ਬਿਨਾਂ ਕਵਿਤਾ ਫੁਰ ਹੀ ਨਹੀਂ ਸਕਦੀ। ਜਦੋਂ ਇਹ ਮਨੋਭਾਵ ਪ੍ਰਬਲ ਹੋ ਕੇ ਸਾਰਿਆਂ ਲਈ ਸਾਂਝੇ ਤੇ ਪਰਿਪੱਕ ਹੋ ਜਾਂਦੇ ਹਨ ਤਾਂ ਇਹ ਰਸ ਬਣ ਜਾਂਦੇ ਹਨ, ਜਿਵੇਂ: ਸ਼ਿੰਗਾਰ-ਰਸ, ਬੀਰ-ਰਸ, ਕਰੁਣਾ -ਰਸ, ਅਦਭੁਤ-ਰਸ।

ਨਿਰਸੰਦੇਹ ਕਵਿਤਾ ਵਿੱਚ ਭਾਵਾਂ ਦੀ ਹੋਂਦ ਹੋਣੀ ਬਹੁਤ ਜ਼ਰੂਰੀ ਹੈ। ਰੁਮਾਂਸਵਾਦੀ ਕਵੀ ਅਤੇ ਆਲੋਚਕ 'ਭਾਵ' ਰੂਪੀ ਤੱਤ ਨੂੰ ਕਵਿਤਾ ਦਾ ਪਰਮ-ਅਵੱਸ਼ਕ ਤੱਤ ਮੰਨਦੇ ਹਨ। ਅੰਗਰੇਜ਼ੀ ਕਵੀ ਸਪੈਂਸਰ ਨੇ ਤਾਂ ਕਵਿਤਾ ਨੂੰ ਭਾਵਾਂ/ ਜਜ਼ਬਿਆਂ ਦੀ ਬੋਲੀ ਮੰਨਦਿਆਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ-"ਕਵਿਤਾ ਅਸਲ ਵਿੱਚ ਆਕਰਸ਼ਕ ਭਾਵਾਂ ਨੂੰ ਭਾਵਾਂ ਦੀ ਭਾਸ਼ਾ ਵਿੱਚ ਪੇਸ਼ ਕਰਨ ਦਾ ਹੀ ਨਾਂ ਹੈ।" ਇਉਂ ਕਵਿਤਾ ਵਿੱਚ ਭਾਵਾਂ ਦੇ ਮਹੱਤਵ ਬਾਰੇ ਭਾਰਤੀ ਅਤੇ ਪੱਛਮੀ ਵਿਦਵਾਨ ਇੱਕ-ਮੱਤ ਹਨ।

### ਬਿੰਬ ਤੇ ਬਿੰਬਾਵਲੀ (Imagery) :

ਬਿੰਬ ਕਵਿਤਾ ਦਾ ਇੱਕ ਉਸਾਰੂ ਤੱਤ ਹੈ। ਮੋਟੇ ਤੌਰ 'ਤੇ ਬਿੰਬ ਕਿਸੇ ਕਵਿਤਾ ਦੇ ਸ਼ਬਦ- ਚਿੱਤਰ ਹਨ। ਕਵੀ ਆਪਣੀ ਕਵਿਤਾ ਵਿੱਚ ਆਪਣੀ ਬੋਲੀ ਤੇ ਸ਼ਬਦਾਂ ਨਾਲ਼ ਕਿਸੇ ਵਸਤੂ ਦਾ ਇਸ ਤਰ੍ਹਾਂ ਵਰਨਣ ਕਰਦਾ ਹੈ ਕਿ ਪਾਠਕ ਦੇ ਦਿਮਾਗ਼ ਵਿੱਚ ਉਸ ਵਸਤੂ ਦੀ ਇੱਕ ਤਸਵੀਰ ਜਿਹੀ ਉੱਭਰ ਜਾਂਦੀ ਹੈ। ਇਹੋ ਤਸਵੀਰ ਬਿੰਬ ਹੈ ਪਰ ਬਿੰਬ ਇਸ ਤੋਂ ਵੀ ਅੱਗੇ ਜਾਂਦਾ ਹੈ। ਜਿਹੜੀ ਤਸਵੀਰ ਕਵੀ ਨੇ ਆਪਣੇ ਦਿਮਾਗ਼ ਵਿੱਚ ਬਣਾਈ ਹੈ, ਉਸੇ ਤਰ੍ਹਾਂ ਦੀ ਤਸਵੀਰ ਕਵਿਤਾ ਦੇ ਰਾਹੀਂ ਉਹ ਪਾਠਕਾਂ ਤੇ ਸ੍ਰੋਤਿਆਂ ਦੇ ਮਨਾਂ ਵਿੱਚ ਵੀ ਉਜਾਗਰ ਕਰਦਾ ਹੈ ਤਾਂ ਹੀ ਉਹ ਅਸਲੀ ਬਿੰਬ ਬਣਦੇ ਹਨ, ਜਿਵੇਂ ਇੱਕ ਚਿੱਤਰਕਾਰ ਲਕੀਰਾਂ ਤੇ ਰੰਗਾਂ ਨਾਲ਼ ਚਿੱਤਰ ਬਣਾਉਂਦਾ ਹੈ, ਉਸੇ ਤਰ੍ਹਾਂ ਕਵੀ ਸ਼ਬਦਾਂ, ਧੁਨੀਆਂ ਤੇ ਬੋਲਾਂ ਨਾਲ਼ ਚਿੱਤਰ ਤਿਆਰ ਕਰਦਾ ਹੈ। ਭਾਈ ਵੀਰ ਸਿੰਘ ਦੀ ਇੱਕ ਨਿੱਕੀ ਕਵਿਤਾ ਹੈ :

"ਧੋਬੀ ਕੱਪੜੇ ਧੋਂਦਿਆ, ਵੀਰਾ, ਹੋ ਹੁਸ਼ਿਆਰ।
ਪਿਛਲੇ ਪਾਸੇ ਆ ਰਿਹਾ ਮੂੰਹ ਅੱਡੀ ਸੰਸਾਰ। "

ਏੱਥੇ ਕੱਪੜੇ ਧੋ ਰਹੇ ਧੋਬੀ ਦਾ ਬਿੰਬ ਹੈ ਅਤੇ ਮੂੰਹ-ਅੱਡੇ ਹੋਏ ਸੰਸਾਰ (ਮਗਰ-ਮੱਛ) ਦਾ ਬਿੰਬ ਹੈ। ਇਹਨਾਂ ਦੇ ਪਿੱਛੇ ਅਧਿਆਤਮਿਕ ਅਰਥ ਹਨ। ਇਸ ਤਰ੍ਹਾਂ ਬਿੰਬ ਕਈ ਤਰ੍ਹਾਂ ਦੇ ਹੋ ਨਿੱਬੜਦੇ ਹਨ, ਜਿਵੇਂ ਰੂਪ-ਬਿੰਬ, ਨਾਦ- ਬਿੰਬ, ਛੁਹ-ਬਿੰਬ ਆਦਿ। ਕਿਸੇ ਆਲੋਚਕ ਨੇ ਠੀਕ ਹੀ ਕਿਹਾ ਹੈ ਕਿ ਹਰ ਕਵਿਤਾ ਇੱਕ ਬੋਲਦੀ ਤਸਵੀਰ (Speaking Picture) ਹੈ ਅਤੇ ਹਰ ਤਸਵੀਰ ਇੱਕ ਅਣਬੋਲਿਤ ਕਵਿਤਾ ਹੈ। ਪ੍ਰਸਿੱਧ ਕਵੀ ਵਰਡਜ਼ਵਰਥ ਕਵਿਤਾ ਨੂੰ ਮਨੁੱਖ ਤੇ ਪ੍ਰਕ੍ਰਿਤੀ ਦਾ ਬਿੰਬ ਮੰਨਦਾ ਹੈ।

ਕਵੀ ਦੁਆਰਾ ਕਵਿਤਾ ਵਿੱਚ ਆਪਣੀਆਂ ਭਾਵਨਾਵਾਂ ਨੂੰ ਸਾਰਥਕ ਢੰਗ ਨਾਲ਼ ਪੇਸ਼ ਕਰਨ ਅਤੇ ਪਾਠਕਾਂ ਦੀਆਂ ਭਾਵਨਾਵਾਂ ਨੂੰ ਤੀਬਰ ਕਰਨ ਲਈ ਅਨੁਭਵ ਜਿੰਨਾ ਵਿਸ਼ਾਲ ਹੋਵੇਗਾ, ਉਸ ਦੁਆਰਾ ਸਿਰਜੇ 'ਬਿੰਬ' ਓਨੇ ਹੀ ਸਜੀਵ ਅਤੇ ਪ੍ਰਭਾਵਸ਼ਾਲੀ ਹੋਣਗੇ। ਇਉਂ ਬਿੰਬ ਸਿਰਜਣ ਦੀ ਸਮਰੱਥਾ ਕਵੀ ਦੇ ਜੀਵਨ-ਅਨੁਭਵ ਨਾਲ਼ ਸਿੱਧੇ ਰੂਪ ਵਿੱਚ ਜੁੜੀ ਹੋਈ ਹੁੰਦੀ ਹੈ।

### ਅਲੰਕਾਰ :

ਅਲੰਕਾਰ ਦਾ ਅਰਥ ਹੈ-ਗਹਿਣਾ ਜਾਂ ਸਜਾਵਟ ਕਰਨ ਵਾਲਾ। ਅਲੰਕਾਰ ਅਜਿਹੇ ਸ਼ਬਦ-ਰੂਪੀ ਗਹਿਣੇ ਹਨ ਜਿਹੜੇ ਕਵਿਤਾ ਦੀ ਸਜਾਵਟ ਕਰਕੇ ਇਸ ਦੇ ਪ੍ਰਭਾਵ ਨੂੰ ਵਧਾਉਂਦੇ ਹਨ। ਕਵਿਤਾ ਵਿੱਚ ਕਵੀ ਅਲੰਕਾਰਾਂ ਦੀ ਘਾੜਤ ਸ਼ਬਦਾਂ ਰਾਹੀਂ ਕਰਦਾ ਹੈ। ਕਵਿਤਾ ਵਿੱਚ ਕਵੀ ਵਰਨਾਂ, ਧੁਨੀਆਂ, ਸ਼ਬਦਾਂ, ਵਾਕਾਂ ਤੇ ਮੁਹਾਵਰਿਆਂ ਨੂੰ ਅਜਿਹੇ ਢੰਗ ਨਾਲ਼ ਜੜਦਾ ਅਤੇ ਰੱਖਦਾ ਹੈ ਕਿ ਉਹ ਇੱਕ ਸੁਹਜ ਪੈਦਾ ਕਰਦੇ ਹਨ। ਇਹ ਚਮਤਕਾਰੀ ਸੁਹਜ ਹੀ ਅਲੰਕਾਰ ਹੈ। ਕਈ ਵਾਰ ਕਵੀ ਅਜਿਹੀ ਗੱਲ ਕਰਦਾ ਹੈ ਜਿਸ ਦੇ ਅਰਥਾਂ ਵਿੱਚ ਹੀ ਸੁਹਜ - ਸੁਹੱਪਣ ਪੈਦਾ ਹੋ ਜਾਂਦਾ ਹੈ। ਇਸ ਪ੍ਰਕਾਰ ਕਵਿਤਾ ਵਿੱਚ ਸ਼ਬਦ ਦੇ ਅਲੰਕਾਰ ਅਤੇ ਅਰਥਾਂ ਦੇ ਅਲੰਕਾਰ ਹੁੰਦੇ ਹਨ। ਮੋਹਨ ਸਿੰਘ ਦੀ ਕਵਿਤਾ 'ਬੱਚਾ' ਦਾ ਇੱਕ ਬੰਦ ਹੈ :

*"ਬੱਚੇ ਜਿਹਾ ਨਾ ਮੇਵਾ ਡਿੱਠਾ, ਜਿੰਨਾ ਕੱਚਾ ਉੱਨਾ ਮਿੱਠਾ"*

ਆਮ ਤੌਰ 'ਤੇ ਕੱਚੇ ਮੇਵੇ ਮਿੱਠੇ ਨਹੀਂ ਹੁੰਦੇ ਪਰ ਕਵੀ ਨੇ ਇਸ ਤੋਂ ਉਲਟ ਗੱਲ ਕਰ ਕੇ ਵਿਰੋਧ ਪੈਦਾ ਕਰ ਦਿੱਤਾ ਹੈ। ਇਹ ਵਿਰੋਧਾਭਾਸ ਅਲੰਕਾਰ ਹੈ। ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਆਦਿ ਹੋਰ ਪ੍ਰਸਿੱਧ ਅਲੰਕਾਰ ਹਨ।

### ਰਸ :

ਕਵਿਤਾ ਵਿੱਚ "ਰਸ" ਇੱਕ ਹੋਰ ਜ਼ਰੂਰੀ ਤੱਤ ਹੈ। ਮਨੋਭਾਵਾਂ ਦੇ ਪ੍ਰਸੰਗ ਵਿੱਚ ਅਸੀਂ ਇਹ ਵੇਖਿਆ ਹੈ ਕਿ ਜਦੋਂ ਮਨੋਭਾਵ ਪ੍ਰਬਲ ਤੇ ਪਰਿਪੱਕ ਹੋ ਜਾਂਦੇ ਹਨ ਤਾਂ ਰਸ ਦੀ ਦਸ਼ਾ ਤੱਕ ਪਹੁੰਚ ਜਾਂਦੇ ਹਨ। ਸਾਹਿਤ ਵਿੱਚ ਪ੍ਰਗਟ ਭਾਵ-ਦਸ਼ਾ ਦੀ ਪਰਿਪੱਕਤਾ ਹੀ ਰਸ-ਦਸ਼ਾ ਹੈ।

ਮਤਲਬ ਇਹ ਹੈ ਕਿ ਕਵਿਤਾ ਦੇ ਪੜ੍ਹਨ ਜਾਂ ਸੁਣਨ ਤੋਂ ਜਾਂ ਫਿਰ ਨਾਟਕ -ਡਰਾਮਾ ਵੇਖਣ ਤੋਂ ਪਾਠਕਾਂ, ਸ੍ਰੋਤਿਆਂ ਜਾਂ ਦਰਸ਼ਕਾਂ ਦੇ ਭਾਵਾਂ ਤੇ ਜਜ਼ਬਿਆਂ ਨੂੰ ਹਿਲੋਰਾ ਦੇਣ ਵਾਲ਼ਾ ਜੋ ਵੀ ਸਾਹਿਤਿਕ ਸੁਹਜ-ਸੁਆਦ ਮਹਿਸੂਸ ਹੁੰਦਾ ਹੈ, ਉਹੋ ਰਸ ਹੈ। ਸਾਹਿਤਿਕ ਰਸ ਦਾ ਸੰਬੰਧ ਸਾਡੇ ਮਨਾਂ ਨਾਲ਼ ਹੈ। ਸਾਡੇ ਅੰਤਰ- ਮਨਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਜਜ਼ਬੇ ਮੌਜੂਦ ਰਹਿੰਦੇ ਹਨ ਪਰ ਉਹ ਆਮ ਤੌਰ 'ਤੇ ਸੁਸਤ ਤੇ ਸੁਪਤ-ਅਵਸਥਾ ਵਿੱਚ ਟਿਕੇ ਰਹਿੰਦੇ ਹਨ ਪਰ ਕਵਿਤਾ, ਡਰਾਮਾ, ਫ਼ਿਲਮ ਆਦਿ ਦੇ ਵੇਖਣ-ਸੁਣਨ ਕਰਕੇ ਜਦੋਂ ਇਹ ਜਜ਼ਬਾਤ ਉਤੇਜਿਤ ਹੁੰਦੇ ਹਨ ਤਾਂ ਸਾਡੇ ਦਿਲਾਂ 'ਤੇ ਛਾ ਜਾਂਦੇ ਹਨ। ਉਦੋਂ ਸਾਡਾ ਦਿਲ-ਦਿਮਾਗ਼ ਇਹਨਾਂ ਜਜ਼ਬਿਆਂ ਨਾਲ਼ ਇਕਸੁਰ ਹੋ ਜਾਂਦਾ ਹੈ ਅਤੇ ਅਸੀਂ ਜ਼ਿੰਦਗੀ ਦੀਆਂ ਔਕੜਾਂ ਤੇ ਕੁੜੱਤਣਾਂ ਨੂੰ ਭੁੱਲ ਕੇ ਇੱਕ ਅਲੌਕਿਕ ਸੁਹਜ-ਸੁਆਦ ਅਨੁਭਵ ਕਰਦੇ ਹਾਂ। ਫੇਰ ਰਸ-ਦਸ਼ਾ ਦੀ ਪਕੜ ਵਿੱਚ ਅਸੀਂ ਹਸਾਉਣੀ ਕਵਿਤਾ ਨਾਲ਼ ਹੱਸਦੇ ਹਾਂ, ਕਰੁਣਾਮਈ ਕਵਿਤਾ ਨਾਲ਼ ਦੁਖੀ ਹੁੰਦੇ ਹਾਂ, ਰੁਦਨਮਈ ਨਾਲ਼ ਅਸੀਂ ਰੋਂਦੇ ਹਾਂ ਅਤੇ ਇਸੇ ਤਰ੍ਹਾਂ ਰੁਮਾਂਟਿਕ ਦ੍ਰਿਸ਼ਾਂ ਨਾਲ਼ ਅਸੀਂ ਭਾਵਕ ਹੋ ਉੱਠਦੇ ਹਾਂ। ਸਾਡੇ ਵਿੱਚ ਅਤੇ ਸਾਹਿਤ ਦੇ ਪਾਤਰਾਂ ਵਿੱਚ ਕੋਈ ਵਿੱਥ ਨਹੀਂ ਰਹਿੰਦੀ, ਅਸੀਂ

ਤਾਂ ਉਹਨਾਂ ਨਾਲ਼ ਇੱਕ-ਮਿੱਕ ਹੋ ਜਾਂਦੇ ਹਾਂ। ਬੱਸ, ਇਸ ਨੂੰ ਹੀ "ਰਸ" ਜਾਂ ਕਾਵਿ-ਰਸ ਕਹਿੰਦੇ ਹਾਂ। ਯੂਰਪ ਦੇ ਵਿਦਵਾਨਾਂ ਨੇ ਇਸ ਦਾ ਤਰਜਮਾ Aesthetic Enjoyment ਕੀਤਾ ਹੈ।

ਕਵਿਤਾ ਵਿੱਚ ਰਸ ਕਈ ਤਰ੍ਹਾਂ ਦੇ ਹੁੰਦੇ ਹਨ ਪਰ ਆਮ ਤੌਰ 'ਤੇ ਨੌਂ ਰਸ ਮੰਨੇ ਜਾਂਦੇ ਹਨ, ਉਹ ਹਨ : ਸ਼ਿੰਗਾਰ-ਰਸ, ਹਾਸ-ਰਸ, ਕਰੁਣਾ-ਰਸ, ਰੌਦਰ-ਰਸ, ਬੀਰ-ਰਸ, ਭਿਆਨਕ-ਰਸ, ਅਦਭੁਤ-ਰਸ, ਵੀਭਤਸ-ਰਸ ਅਤੇ ਸ਼ਾਂਤ-ਰਸ।

### ਕਰੁਣ-ਰਸ ਦੀ ਵੰਨਗੀ :-

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾ ਦਿਆ ਦਰਦੀਆ ! ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।

(ਅੰਮ੍ਰਿਤਾ ਪ੍ਰੀਤਮ)

### ਬਿਰਹੋਂ : ਸ਼ਿੰਗਾਰ-ਰਸ ਦੀ ਵੰਨਗੀ

ਦੂਰ ਪਰਦੇਸੀਂ ਮੇਰਾ ਜਿੰਦੂ ਵੇ ਸੁਣੀਂਦਾ ਦੂਰ ਪਰਦੇਸੀ ਮੇਰੀ ਜਾਨ।
ਅੱਖਰ ਨਿਮਾਣੇ ਨਿਰਾ ਦੁੱਖ-ਸੁੱਖ ਫੋਲਦੇ ਅੱਖਰਾਂ ਦੀ ਗੂੰਗੀ ਵੇ ਜ਼ਬਾਨ।
ਨਾ ਤਾਂ ਮੈਂ ਬੀਬਾ ਤੈਨੂੰ ਦੁੱਖ-ਸੁੱਖ ਭੇਜਣਾ ਨਾ ਸੁੱਖ-ਸਾਂਦ ਦਾ ਬਿਆਨ।
ਮੈਂ ਤਾਂ ਤੈਨੂੰ ਭੇਜਣਾ ਸੱਚਾ-ਸੁੱਚਾ ਅਥਰੂ ਨੈਣਾਂ ਵਿੱਚ ਲਟਕਦੇ ਜੋ ਆਣ।
ਮੈਂ ਤਾਂ ਭੇਜਣੀ ਜੋ ਕਦੇ ਕਦੇ ਟਹਿਕਦੀ ਸੁੰਞੇਂ ਸੁੰਞੇਂ ਹੋਠੀਂ ਮੁਸਕਾਨ।
ਕੀਹਦੇ ਹੱਥ ਭੇਜਾਂ ਇਹ ਮਲੂਕ ਜਿੰਦਾਂ ਜਾਨੀਆਂ ਪਲ ਵਿੱਚ ਹੋਣ ਜੋ ਵਿਰਾਨ।
ਅੱਖਰ ਨਿਮਾਣੇ ਨਿਰਾ ਦੁੱਖ-ਸੁੱਖ ਫੋਲਦੇ ਅੱਖਰਾਂ ਦੀ ਗੂੰਗੀ ਵੇ ਜ਼ਬਾਨ।

(ਪ੍ਰਗੀਤ : ਨਵਤੇਜ ਭਾਰਤੀ)

### ਕਵਿਤਾ ਦੀਆਂ ਕਿਸਮਾਂ :

ਕਵਿਤਾ ਦੀਆਂ ਕਈ ਕਿਸਮਾਂ ਜਾਂ ਭੇਦ ਹੋ ਸਕਦੇ ਹਨ। ਵਿਸ਼ੇ ਦੇ ਬਣਤਰ ਦੇ ਪੱਖ ਤੋਂ ਪੰਜਾਬੀ ਵਿੱਚ ਕਵਿਤਾ ਦੀਆਂ ਕਈ ਕਿਸਮਾਂ ਪ੍ਰਚਲਿਤ ਹਨ। ਪੰਜਾਬੀ ਕਵਿਤਾ ਦੇ ਭੇਦਾਂ ਵਿੱਚ ਲੋਕ-ਗੀਤ, ਕਿੱਸਾ-ਕਾਵਿ, ਵਾਰ ਤੇ ਜੰਗਨਾਮਾ, ਖੰਡ-ਕਾਵਿ, ਮਹਾਂਕਾਵਿ, ਸਰੋਦੀ, (ਪ੍ਰਗੀਤ), ਗ਼ਜ਼ਲ-ਕਾਵਿ, ਖੁੱਲ੍ਹੀ ਕਵਿਤਾ (ਗੱਦ-ਕਾਵਿ) ਗਿਣੇ ਜਾ ਸਕਦੇ ਹਨ।

### ਪੰਜਾਬੀ ਕਵਿਤਾ

ਪੰਜਾਬੀ ਕਵਿਤਾ ਦਾ ਇਤਿਹਾਸ ਬਹੁਤ ਸ਼ਾਨਦਾਰ ਅਤੇ ਅਮੀਰ ਹੈ। ਵਾਸਤਵ ਵਿੱਚ ਵਾਰਤਕ ਸਾਹਿਤ ਦੇ ਉੱਨਤ ਹੋਣ ਤੋਂ ਪਹਿਲਾਂ ਪੰਜਾਬੀ ਸਾਹਿਤ ਦਾ ਇਤਿਹਾਸ ਪੰਜਾਬੀ ਕਵਿਤਾ ਦਾ ਇਤਿਹਾਸ ਹੀ ਸੀ।

ਪੰਜਾਬੀ ਕਵਿਤਾ ਦੀ ਗੱਲ ਕਰਦਿਆਂ ਇਸ ਕਵਿਤਾ ਦੇ ਕਈ ਥੰਮ੍ਹ ਸਹਿਜ-ਸੁਭਾਅ ਹੀ ਚੇਤੇ ਆ ਜਾਂਦੇ ਹਨ, ਉਦਾਹਰਨ ਵਜੋਂ : ਬਾਬਾ ਫ਼ਰੀਦ ਤੇ ਪਿੱਛੋਂ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਜਿਹੇ ਸੂਫ਼ੀ ਕਵੀ ਗੁਰੂ-ਕਾਵਿ ਪਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ,ਕਿੱਸਾ-ਕਾਵਿ ਪਰੰਪਰਾ ਵਿੱਚ ਦਮੋਦਰ, ਪੀਲੂ, ਵਾਰਿਸ ਸ਼ਾਹ, ਹਾਸ਼ਮ ਸ਼ਾਹ ਤੇ ਫ਼ਜ਼ਲ ਸ਼ਾਹ ਆਉਂਦੇ ਹਨ। ਇਵੇਂ ਹੀ ਬੀਰ-ਕਾਵਿ ਪਰੰਪਰਾ ਵਿੱਚ ਗੁਰੂ ਗੋਬਿੰਦ ਸਿੰਘ ਜੀ, ਨਜਾਬਤ ਤੇ ਸ਼ਾਹ ਮੁਹੰਮਦ ਦੇ ਨਾਂ ਪ੍ਰਮੁੱਖ ਹਨ। ਆਧੁਨਿਕ ਕਵਿਤਾ ਵਿੱਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਤੇ ਸੁਰਜੀਤ ਪਾਤਰ ਦੇ ਵਿਸ਼ੇਸ਼ ਨਾਂ ਹਨ। ਪੰਜਾਬੀ ਕਵਿਤਾ ਦੇ ਇਤਿਹਾਸ ਦੀ ਭਰਪੂਰਤਾ ਦਾ ਅਨੁਭਵ ਕਰਨ ਲਈ ਇਹ ਸੰਖੇਪ ਨੋਟ ਕਾਫ਼ੀ ਨਹੀਂ। ਇੱਥੇ ਤਾਂ ਉੱਡਦੀ ਝਾਤ ਪੁਆਉਣੀ ਵੀ ਸੰਭਵ ਨਹੀਂ। ਪੰਜਾਬੀ ਕਵਿਤਾ ਦੇ ਇਤਿਹਾਸ ਬਾਰੇ ਵਿਦਿਆਰਥੀ ਆਪਣੇ ਕੋਰਸ ਦੀ ਪਾਠ-ਪੁਸਤਕ ਤੋਂ ਨਿਸ਼ਚੇ ਹੀ ਕੁਝ ਗ੍ਰਹਿਣ ਕਰ ਸਕਣਗੇ।

### ਔਖੇ ਸ਼ਬਦਾਂ ਦੇ ਅਰਥ :

**ਆਵੇਸ਼**-ਚਿੱਤ ਦਾ ਵੇਗ, ਕੁਦਰਤੀ ਪ੍ਰਵਾਹ। **ਅਭਿਵਿਅਕਤੀ**-ਪ੍ਰਗਟਾਅ। **ਸਮਦਰਸ਼ੀ**- ਸਭ ਨੂੰ ਇਕਸਾਰ ਦੇਖਣ ਵਾਲ਼ਾ। **ਅੰਤਰਜਾਮੀ**-ਜਾਣੀ-ਜਾਣ। **ਦ੍ਵੈਤ** - ਦੁਜਾਇਗੀ, ਭੇਦ-ਭਾਵ ਰੱਖਣਾ। **ਉਜਾਗਰ**-ਰੋਸ਼ਨ। **ਸਿਰਜਣਾ**-ਰਚਨਾ, ਪੈਦਾ ਕਰਨਾ। **ਅਲੌਕਿਕ**-ਅਦਭੁਤ, ਅਨੋਖਾ। **ਤੇਜੱਸਵੀ**-ਤੇਜ-ਪ੍ਰਤਾਪ ਵਾਲ਼ਾ। **ਓਜਸਵੀ**-ਬਲ ਵਾਲ਼ਾ। **ਸਮਾਨਾਰਥਕ**-ਇੱਕੋ ਅਰਥ ਵਾਲ਼ਾ। **ਵਿਪਰੀਤਾਰਥਕ**-ਉਲਟ ਅਰਥ ਵਾਲ਼ਾ। ਸੰਚਾਰ- ਵਿਚਰਨਾ, ਫੈਲਾਉਣਾ। **ਬਿੰਬ**- ਛਾਇਆ, ਅਕਸ। **ਛੰਦ**-ਕਾਵਿ -ਰਚਨਾ ਦਾ ਉਹ ਰੂਪ ਜਿਸ ਵਿੱਚ ਮਾਤਰਾ, ਅੱਖਰ, ਗਣ ਆਦਿ ਦੇ ਨਿਯਮਾਂ ਦੀ ਪਾਬੰਦੀ ਹੋਵੇ। **ਅਲੰਕਾਰ**- ਗਹਿਣਾ, ਜ਼ੇਵਰ, ਸ਼ਬਦ ਅਤੇ ਅਰਥ ਦੇ ਵਰਨਣ ਕਰਨ ਦੀ ਉਹ ਰੀਤੀ ਜੋ ਕਵਿਤਾ ਦੀ ਸੋਭਾ ਵਧਾਵੇ। **ਰਸ** -ਮਨ ਵਿੱਚ ਉਤਪੰਨ ਹੋਣ ਵਾਲ਼ਾ ਉਹ ਭਾਵ ਜੋ ਸਾਹਿਤ ਪੜ੍ਹਨ, ਸੁਣਨ ਜਾਂ ਨਾਟਕ ਦੇਖਣ ਨਾਲ਼ ਉਪਜਦਾ ਹੈ। ਉੱਮਲ਼ ਦੇ-ਉਤਸ਼ਾਹਿਤ। **ਸ਼ਿੰਗਾਰ-ਰਸ**- ਕਾਵਿ-ਰਚਨਾ ਵਿੱਚ ਪ੍ਰਮੁੱਖ ਰਸ ਹੈ, ਇਸ ਦਾ ਸਥਾਈ ਭਾਵ ਪ੍ਰੀਤ ਹੈ। **ਕਰੁਣ**-ਸ਼ੋਕ, ਗ਼ਮ। **ਰੌਦਰ**- ਕ੍ਰੋਧ, ਗ਼ੁੱਸਾ। **ਬੀਰ**- ਉਤਸ਼ਾਹ,ਜੋਸ਼। **ਭਿਆਨਕ**-ਭੈ, ਡਰ। **ਵੀਭਤਸ**- ਘਿਰਨਾ, ਗਿਲਾਨੀ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ -**

1. ਪ੍ਰੋ. ਪੂਰਨ ਸਿੰਘ ਕਵਿਤਾ ਨੂੰ __________ ਮੰਨਦਾ ਹੈ।
2. ਜਿੱਥੇ ਨਾ ਪਹੁੰਚੇ ਰਵੀ, ਉੱਥੇ ਪਹੁੰਚੇ __________ ।
3. ਕਾਵਿ-ਭਾਸ਼ਾ __________ ਦੇ ਨਿਯਮਾਂ ਤੋਂ ਪਰੇ ਹੁੰਦੀ ਹੈ।
4. __________ ਤੋਂ ਬਿਨਾਂ ਸਿਰਜਣਾ ਦੀ ਕੁੱਖ ਬਾਂਝ ਹੁੰਦੀ ਹੈ।
5. ਪ੍ਰਤੀਕ __________ ਦੀ ਪ੍ਰਤਿਨਿਧਤਾ ਕਰਦਾ ਹੈ।

**(ਅ) ਉੱਤਰ ਦਿਓ -**

1. ਸਾਹਿਤ ਦਾ ਜੇਠਾ/ ਪਲ਼ੇਠਾ ਰੂਪ ਕਿਸ ਸਾਹਿਤ-ਰੂਪ ਨੂੰ ਮੰਨਿਆ ਜਾਂਦਾ ਹੈ ?
2. ਕਿਹੜੇ ਕਵੀ ਨੇ ਕਵਿਤਾ ਨੂੰ ਜਜ਼ਬਿਆਂ ਤੇ ਵਲਵਲਿਆਂ ਦਾ ਬੇਰੋਕ ਉਛਾਲ਼ਾ ਕਿਹਾ ਹੈ ?
3. ਕਵੀ ਕਿਹੋ-ਜਿਹਾ ਵਿਅਕਤੀ ਹੁੰਦਾ ਹੈ ?
4. ਆਧੁਨਿਕ ਸਮੇਂ ਵਿੱਚ ਛੰਦ ਦਾ ਤਿਆਗ ਕਰਕੇ ਕਿਹੋ-ਜਿਹੀ ਕਵਿਤਾ ਲਿਖੀ ਜਾ ਰਹੀ ਹੈ ?
5. ਕਿਸੇ ਦੋ ਰਸਾਂ ਦਾ ਨਾਂ ਲਿਖੋ।

(ੲ) **ਵਿਸਤਾਰ ਸਹਿਤ ਉੱਤਰ ਦਿਓ-**

1. ਕਵਿਤਾ ਕੀ ਹੈ ? ਇਸ ਵਿੱਚ ਕਿਹੜੇ ਗੁਣ ਹੁੰਦੇ ਹਨ ? ਬਿਆਨ ਕਰੋ।
2. ਕਵਿਤਾ ਦੇ ਤੱਤਾਂ ਉੱਤੇ ਸੰਖੇਪ ਰੂਪ ਵਿੱਚ ਚਾਨਣਾ ਪਾਓ।
3. ਕਾਵਿ-ਭਾਸ਼ਾ ਦੇ ਕਿਹੜੇ-ਕਿਹੜੇ ਗੁਣ ਹੁੰਦੇ ਹਨ ?
4. ਕਵਿਤਾ ਦੀ ਸਿਰਜਣਾ ਕਿਹੋ-ਜਿਹਾ ਮਨੁੱਖ ਕਰ ਸਕਦਾ ਹੈ ?

ਸਕੂਲ-ਲਾਇਬ੍ਰੇਰੀ ਵਿੱਚ ਪ੍ਰਾਪਤ ਅਖ਼ਬਾਰਾਂ ਤੇ ਰਿਸਾਲਿਆਂ ਵਿੱਚੋਂ ਆਪਣੀ ਮਨਪਸੰਦ ਕਵਿਤਾ ਚੁਣ ਕੇ ਜ਼ੁਬਾਨੀ ਯਾਦ ਕਰੋ ਅਤੇ ਸਵੇਰ ਦੀ ਸਭਾ ਵਿੱਚ ਸੁਣਾਓ।

# ਨਾਟਕ 2

ਨਾਟਕ ਸਾਹਿਤ-ਕਲਾ ਦਾ ਪ੍ਰਾਚੀਨ ਤੇ ਪ੍ਰਭਾਵਸ਼ਾਲੀ ਰੂਪ ਹੈ। ਨਾਟਕ ਵਾਰਤਾਲਾਪ, ਪਾਤਰਾਂ ਦਾ ਪਹਿਨ-ਪਹਿਰਾਵਾ, ਹਾਵ-ਭਾਵ, ਸ਼ਕਲ-ਸੂਰਤ ਤੇ ਉਹਨਾਂ ਦੀ ਐਕਟਿੰਗ ਆਦਿ ਰਾਹੀਂ ਵਿਅਕਤੀ ਤੇ ਸਮਾਜ ਦੇ ਯਥਾਰਥਿਕ ਚਿੱਤਰ ਦਰਸ਼ਕਾਂ ਦੇ ਰੂ-ਬਰੂ ਪੇਸ਼ ਕਰਦਾ ਹੈ। ਨਾਟਕ ਦੇ ਪ੍ਰਭਾਵ ਤੇ ਮਹੱਤਵ ਦਾ ਉਲੇਖ ਕਰਦਿਆਂ ਭਾਰਤ ਦੇ ਵਿਦਵਾਨਾਂ ਨੇ 'ਨਾਟਕ' ਨੂੰ 'ਪੰਜਵਾਂ ਵੇਦ' ਆਖਿਆ ਹੈ। ਇਸ ਸੰਬੰਧ ਵਿੱਚ ਪੌਰਾਣਿਕ ਕਥਾ ਵੀ ਪ੍ਰਚਲਿਤ ਹੈ। ਦੇਵਤਿਆਂ ਨੇ ਬ੍ਰਹਮਾ ਜੀ ਪਾਸ ਬੇਨਤੀ ਕੀਤੀ ਕਿ ਉਹ ਅਜਿਹਾ ਪ੍ਰਬੰਧ ਕਰਨ ਜਿੱਥੇ ਸਾਰੀਆਂ ਜਾਤਾਂ-ਪਾਤਾਂ ਦੇ ਲੋਕ ਇੱਕਠੇ ਬਹਿ ਕੇ ਮੰਨੋਰੰਜਨ ਤੇ ਜੀਅ-ਪਰਚਾਵਾ ਕਰ ਸਕਣ। ਦੇਵਤਿਆਂ ਦੀ ਬੇਨਤੀ ਸੁਣ ਕੇ ਬ੍ਰਹਮਾ ਜੀ ਨੇ ਰਿਗਵੇਦ ਤੋਂ ਕਥਾ-ਕਹਾਣੀ, ਸਾਮਵੇਦ ਤੋਂ ਗੀਤ, ਯਜੁਰਵੇਦ ਤੋਂ ਅਭਿਨੈ (ਐਕਟਿੰਗ) ਅਤੇ ਅਥਰਵ ਵੇਦ ਤੋਂ ਰਸ ਲੈ ਕੇ ਪੰਜਵੇਂ ਵੇਦ ਦੀ ਸਿਰਜਣਾ ਕੀਤੀ, ਜਿਸ ਨੂੰ ਨਾਟਯ-ਵੇਦ ਦਾ ਨਾਮ ਦਿੱਤਾ। ਭਾਵ ਇਹ ਹੈ ਕਿ ਨਾਟਕ ਇੱਕ ਸੰਯੁਕਤ ਕਲਾ ਹੈ ਜਿਸ ਵਿੱਚ ਬਾਕੀ ਸਾਹਿਤ-ਰੂਪਾਂ ਦਾ ਵੀ ਯੋਗਦਾਨ ਹੈ।

## ਦ੍ਰਿਸ਼-ਕਲਾ :

ਭਾਰਤੀ ਆਲੋਚਕ ਕਾਵਿ ਜਾਂ ਸਾਹਿਤ ਦੇ ਦੋ ਭੇਦ ਮੰਨਦੇ ਹਨ ਸ਼੍ਰਵ-ਕਾਵਿ ਅਤੇ ਦ੍ਰਿਸ਼-ਕਾਵਿ।ਜੋ ਸੁਣਿਆ ਜਾਵੇ, ਉਹ ਸ਼੍ਰਵ ਹੈ, ਜਿਵੇਂ ਲੋਕ-ਕਹਾਣੀਆਂ, ਕਵਿਤਾ ਆਦਿ। ਜੋ ਵੇਖਿਆ ਜਾਵੇ ਉਹ ਦ੍ਰਿਸ਼-ਕਾਵਿ ਹੈ, ਵੇਖਣ ਵਿੱਚ ਸੁਣਨਾ ਵੀ ਸ਼ਾਮਲ ਹੈ। ਇਸ ਲਈ ਨਾਟਕ ਨੂੰ ਦ੍ਰਿਸ਼-ਕਲਾ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿੱਚ ਡਰਾਮਾ ਜਾਂ ਪਲੇ (Play) ਸ਼ਬਦ ਨਾਟਕ ਦੇ ਸਮਾਨਾਰਥੀ ਸ਼ਬਦ ਹਨ। ਪੰਜਾਬੀ ਸਾਹਿਤ-ਕੋਸ਼ ਅਨੁਸਾਰ 'ਡਰਾਮਾ' ਯੂਨਾਨੀ ਭਾਸ਼ਾ ਤੋਂ ਆਇਆ ਸ਼ਬਦ ਹੈ ਜਿਸ ਦਾ ਅਰਥ ਹੈ- ਕੀਤਾ ਹੋਇਆ ਅਰਥਾਤ ਉਹ ਕਾਰਜ ਜਿਹੜਾ ਰੰਗ-ਮੰਚ ਉੱਤੇ ਨਾਟਕੀ ਪਾਤਰ ਆਪਣੀ ਐਕਟਿੰਗ ਰਾਹੀਂ ਪੇਸ਼ ਕਰਦੇ ਹਨ ਅਤੇ ਦਰਸ਼ਕ ਵੇਖਦੇ ਹਨ। ਸੁਣੀ ਹੋਈ ਘਟਨਾ ਨਾਲ਼ੋਂ ਵੇਖੀ ਹੋਈ ਘਟਨਾ ਜ਼ਿਆਦਾ ਰੋਚਕ ਅਤੇ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਕਰਕੇ ਹੀ ਨਾਟਕ ਬਾਕੀ ਸਾਹਿਤ-ਰੂਪਾਂ ਨਾਲ਼ੋਂ ਵੱਧ ਹਰਮਨ-ਪਿਆਰਾ ਹੈ।

## ਪਰਿਭਾਸ਼ਾ

ਨਾਟਕ ਸ਼ਬਦ ਦਾ ਨਿਕਾਸ ਸੰਸਕ੍ਰਿਤ ਦੇ ਸ਼ਬਦ ਨਟ, ਨਾਟ ਜਾਂ ਨ੍ਰਿਤ ਧਾਤੂ ਤੋਂ ਹੋਇਆ ਮੰਨਿਆ ਜਾਂਦਾ ਹੈ। ਸੰਸਕ੍ਰਿਤ ਦੇ ਇਹਨਾਂ ਤਿੰਨਾਂ ਸ਼ਬਦਾਂ ਵਿੱਚ ਦੋ ਅਰਥਾਂਸ਼ ਸਾਂਝੇ ਹਨ, ਇੱਕ ਹੈ; ਕਲਾਤਮਿਕ ਨਕਲ ਅਤੇ ਦੂਜਾ ਹੈ; ਅੰਗਾਂ ਦਾ ਸੰਚਾਲਨ। ਇਉਂ ਨਾਟਕ ਵਿੱਚ ਕਲਾਤਮਿਕ ਨਕਲ ਅਤੇ ਨੱਚਣਾ ਦੋਵੇਂ ਤੱਤ ਸ਼ਾਮਲ ਹਨ।

ਅਰਸਤੂ ਨੇ ਨਾਟਕ ਨੂੰ ਜੀਵਨ ਦੀ ਨਕਲ ਕਿਹਾ ਹੈ ਪਰ ਇਹ ਨਕਲ 'ਫੋਟੋਗ੍ਰਾਫ਼ਿਕ' ਨਹੀਂ ਹੈ ਬਲਕਿ ਇਸ ਨੂੰ ਸਾਹਿਤਿਕ ਅੰਸ਼ਾਂ ਨਾਲ਼ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਨਾਟਕ ਜੀਵਨ ਦੀ ਨਕਲ ਹੁੰਦਿਆਂ ਹੋਇਆਂ ਵੀ ਅਸਲ ਤੋਂ ਵਧੇਰੇ ਯਥਾਰਥਿਕ ਚਿੱਤਰ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ।

ਨਾਟਯ-ਸ਼ਾਸਤ੍ਰ ਦੇ ਕਰਤਾ ਭਰਤਮੁਨੀ ਨੇ ਲਿਖਿਆ ਹੈ ਕਿ ਨਾਟਕ ਇੱਕ ਦ੍ਰਿਸ਼-ਕਾਵਿ ਹੈ ਜੋ ਯਥਾਰਥ, ਕਲਪਨਾ ਜਾਂ ਪ੍ਰਤਿਭਾ ਦੀ ਸ਼ਕਤੀ ਦੁਆਰਾ ਵਿਸ਼ੇ-ਵਸਤੂ ਨੂੰ ਸੰਗਠਿਤ ਕਰਕੇ ਜੀਵਨ ਦੇ ਨੇਕੀ-ਬਦੀ ਤੇ ਸੱਚ-ਝੂਠ ਦੇ ਸੰਕਲਪਾਂ ਨੂੰ ਮਾਨਵੀ ਸੰਵੇਦਨਾ ਨਾਲ਼ ਜੋੜ ਕੇ ਅਨੋਖਾ ਰੂਪ ਧਾਰਨ ਕਰਦਾ ਹੈ ਅਤੇ ਆਮ ਲੋਕਾਂ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ।

ਪੰਜਾਬੀ ਦੇ ਪ੍ਰਥਮ ਨਾਟਕਕਾਰ ਈਸ਼ਵਰ ਚੰਦਰ ਨੰਦਾ ਦਾ ਕਹਿਣਾ ਹੈ ਕਿ ਨਾਟਕ ਦਾ ਵੱਡਾ ਮਤਲਬ ਹੀ ਸਾਡੀ ਰੋਜ਼-ਦਿਹਾੜੀ ਦੀ ਜ਼ਿੰਦਗੀ ਤੇ ਵਰਤਾਰੇ ਦਾ ਨਕਸ਼ਾ ਖਿੱਚਣਾ ਹੈ। ਪ੍ਰੋ. ਦੀਵਾਨ ਸਿੰਘ ਦਾ ਵਿਚਾਰ ਹੈ ਕਿ ਨਾਟਕ ਜੀਵਨ ਦੀਆਂ ਕੁਝ ਘਟਨਾਵਾਂ ਨੂੰ ਇੱਕ ਸੁਹਜਮਈ ਸ਼ੈਲੀ ਵਿੱਚ ਸੁਆਂਗ ਰਾਹੀਂ ਪ੍ਰਸਤੁਤ ਕਰਨ ਦੀ ਕਲਾ ਦਾ ਨਾਂ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਨੇ ਨਾਟਕ ਦੇ ਸੰਕਲਪ ਬਾਰੇ ਕਿਹਾ ਹੈ ਕਿ ਰੰਗ-ਮੰਚ ਉੱਤੇ ਜਿਹੜਾ ਕਾਰਜ ਹੋ ਰਿਹਾ ਹੈ, ਉਹ ਕੋਈ ਜੀਵਨ-ਘਟਨਾ ਦੀ ਝਾਕੀ ਨਹੀਂ ਹੈ ਸਗੋਂ ਤਪਦੇ ਹੋਏ ਮਾਰੂਥਲਾਂ ਦੀ ਪ੍ਰਦਰਸ਼ਨੀ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਨਾਟਕ ਇੱਕ ਅਜਿਹੀ ਮਿਸ਼ਰਿਤ ਕਲਾ ਹੈ ਜਿਸ ਦੀ ਸਿਰਜਣਾ ਵਿੱਚ ਸਾਹਿਤਿਕ-ਅੰਸ਼ਾਂ ਦੇ ਨਾਲ਼-ਨਾਲ਼ ਰੰਗ-ਮੰਚ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਨਾਟਕ ਦੇ ਸਿਰਜਕ ਨਾਟਕਕਾਰ ਤੋਂ ਇਲਾਵਾ ਨਿਰਮਾਤਾ/ਨਿਰਦੇਸ਼ਕ, ਐਕਟਰ, ਰੂਪ-ਸੱਜਾ, ਅਭਿਨੈ ਆਦਿ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇਸ ਲਈ ਨਾਟਕ ਨੂੰ ਸਾਹਿਤ ਅਤੇ ਮੰਚ-ਕਲਾ ਦਾ ਮਿਲਵਾਂ ਰੂਪ ਕਿਹਾ ਜਾ ਸਕਦਾ ਹੈ। ਨਾਟਕ ਦੀ ਸਿਰਜਣਾ ਨਾਟਕਕਾਰ ਕਰਦਾ ਹੈ। ਉਹ ਆਪਣੀ ਰਚਨਾ ਵਿੱਚ ਹਾਜ਼ਰ ਤਾਂ ਰਹਿੰਦਾ ਹੈ ਪਰ ਉਹ ਸਾਮ੍ਹਣੇ ਨਹੀਂ ਹੁੰਦਾ। ਆਪਣੇ ਪਾਤਰਾਂ ਦੇ ਕਾਰਜਾਂ ਰਾਹੀਂ ਹੀ ਨਾਟਕਕਾਰ ਆਪਣੇ ਨਾਟਕ ਵਿੱਚ ਸਾਮ੍ਹਣੇ ਆਉਂਦਾ ਹੈ। ਕਈ ਵਾਰ ਨਾਟਕਕਾਰ ਆਪਣੇ ਕਿਸੇ ਪਾਤਰ ਨੂੰ ਆਪਣਾ ਪ੍ਰਤਿਨਿਧ ਸਥਾਪਿਤ ਕਰ ਲੈਂਦਾ ਹੈ ਜੋ ਉਸ ਦੀਆਂ ਰੁਚੀਆਂ ਤੇ ਮਨੋ-ਬਿਰਤੀਆਂ ਨੂੰ ਸਾਕਾਰ ਕਰਦਾ ਹੈ। ਇਸ ਤਰ੍ਹਾਂ ਸਿਧਾਂਤਿਕ ਤੌਰ 'ਤੇ ਨਾਟਕ ਆਤਮ-ਨਿਰਪੇਖ ਸਾਹਿਤਿਕ ਰੂਪ ਹੈ, ਜਿੱਥੇ ਨਾਟਕਕਾਰ ਦੀ ਸ਼ਖ਼ਸੀਅਤ ਸਿੱਧੇ ਤੌਰ 'ਤੇ ਦਾਖ਼ਲ ਨਹੀਂ ਹੁੰਦੀ।

### ਨਾਟਕ ਦੇ ਤੱਤ

ਨਾਟਕ ਦੇ ਤੱਤਾਂ ਬਾਰੇ ਸੰਸਕ੍ਰਿਤ, ਯੂਨਾਨੀ ਅਤੇ ਪੱਛਮੀ ਸਾਹਿਤ ਵਿੱਚ ਬਹੁਤ ਵਿਸਤਾਰ ਨਾਲ਼ ਚਰਚਾ ਹੋਈ ਹੈ। ਭਾਰਤੀ ਨਾਟਕ-ਪਰੰਪਰਾ ਬਹੁਤ ਪੁਰਾਣੀ ਹੈ। ਪਹਿਲੀ ਸਦੀ ਪੂਰਵ ਈਸਵੀ ਵਿੱਚ ਲਿਖੇ ਨਾਟਕੀ ਕਲਾ ਦੇ ਭਰਤਮੁਨੀ ਦੁਆਰਾ ਰਚਿਤ ਆਲੋਚਨਾ-ਗ੍ਰੰਥ 'ਨਾਟਯ ਸ਼ਾਸ਼ਤ੍ਰ' ਵਿੱਚ ਕਈ ਨਾਟਕਕਾਰਾਂ ਦਾ ਉਲੇਖ ਹੈ। ਕਾਲੀਦਾਸ ਭਾਰਤੀ ਸੰਸਕ੍ਰਿਤ ਨਾਟਕਕਾਰਾਂ ਵਿੱਚੋਂ ਸ਼ਿਰੋਮਣੀ ਹੈ। ਉਸ ਦੇ ਨਾਟਕ 'ਅਭਿਗਿਆਨ ਸ਼ਾਕੁੰਤਲਮ' ਦੇ ਅਨੇਕ ਯੂਰਪੀ ਭਾਸ਼ਾਵਾਂ ਵਿੱਚ ਅਨੁਵਾਦ ਹੋਏ ਹਨ। ਸ਼ੂਦਰਕ ਦਾ ਨਾਟਕ 'ਮ੍ਰਿਛਕਟਿਕ' (ਮਿੱਟੀ ਦਾ ਗਡੀਰਾ) ਵੀ ਬਹੁਤ ਪ੍ਰਸਿੱਧ ਨਾਟਕ ਹੈ। ਮੁਸਲਮਾਨੀ ਹਕੂਮਤ ਸਮੇਂ ਨਾਟਕ-ਕਲਾ ਦਾ ਪਤਨ ਹੋਇਆ ਪਰ ਅੰਗਰੇਜ਼ੀ ਹਕੂਮਤ ਦੌਰਾਨ ਨਾਟਕ ਦੀ ਸੁਰਜੀਤੀ ਹੋਈ ਹੈ। ਪੰਜਾਬੀ ਸਾਹਿਤ ਵਿੱਚ ਨਾਟਕ ਦੀ ਸਿਰਜਣਾ ਤੇ ਰਚਨਾ-ਵਿਧਾਨ ਪੱਛਮੀ ਪਰੰਪਰਾ ਤੋਂ ਹੀ ਪ੍ਰਭਾਵਿਤ ਹੈ। ਇਸ ਲਈ ਨਾਟਕ ਦੇ ਤੱਤ ਵੀ ਪੱਛਮੀ ਰਚਨਾ-ਕਲਾ ਅਨੁਸਾਰ ਹੀ ਮੰਨੇ ਜਾਂਦੇ ਹਨ। ਇਹ ਠੀਕ ਹੈ ਕਿ ਭਾਰਤ ਦੀ ਆਧੁਨਿਕ ਨਾਟਕ-ਕਲਾ ਵਿੱਚ ਭਾਰਤੀ ਨਾਟਕੀ ਤੱਤਾਂ ਦਾ ਵੀ ਯੋਗਦਾਨ ਹੈ ਪਰ ਪੱਛਮੀ ਪ੍ਰਭਾਵ ਜ਼ਿਆਦਾ ਹੈ। ਸੰਸਕ੍ਰਿਤ ਦੇ ਪ੍ਰਾਚੀਨ ਆਚਾਰੀਆਂ ਨੇ ਨਾਟਕ ਦੇ ਤਿੰਨ ਤੱਤ ਹੀ ਮੰਨੇ ਹਨ। ਪਰ ਡਾ. ਗੋਵਿੰਦ ਤ੍ਰਿਗੁਣਾਇਤ ਦੇ ਅਨੁਸਾਰ ਇਹ ਨਾਟਕੀ ਤੱਤ ਹੁਣ ਪੰਜ ਹਨ - ਕਥਾ-ਵਸਤੂ, ਅਭਿਨੇਤਾ, ਰਸ, ਅਭਿਨੈ ਅਤੇ ਵ੍ਰਿਤੀ। ਪੱਛਮੀ ਵਿਦਵਾਨਾਂ ਨੇ ਨਾਟਕ ਦੇ ਮੁੱਖ ਤੌਰ 'ਤੇ ਛੇ ਤੱਤ ਸਵੀਕਾਰ ਕੀਤੇ ਹਨ, ਉਹ ਹਨ - ਕਥਾ-ਵਸਤੂ, ਪਾਤਰ, ਵਾਰਤਾਲਾਪ, ਦੇਸ-ਕਾਲ-ਵਾਤਾਵਰਨ, ਭਾਸ਼ਾ ਤੇ ਸ਼ੈਲੀ ਅਤੇ ਉਦੇਸ਼। ਹੁਣ ਇਹਨਾਂ ਤੱਤਾਂ ਦਾ ਤਰਤੀਬਵਾਰ ਵਰਨਣ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ -

### ਕਥਾ-ਵਸਤੂ ਜਾਂ ਪਲਾਟ

ਨਾਟਕ ਦੀ ਕਹਾਣੀ, ਪਲਾਟ ਜਾਂ ਕਥਾਨਕ ਨੂੰ ਕਥਾ-ਵਸਤੂ ਕਿਹਾ ਜਾਂਦਾ ਹੈ। ਕਥਾ-ਵਸਤੂ ਹੀ ਨਾਟਕ ਦੀ ਆਧਾਰ-ਸ਼ਿਲਾ ਹੈ। ਕਈ ਵਿਦਵਾਨ ਕਥਾਨਕ ਨੂੰ ਕਹਾਣੀ ਤੋਂ ਥੋੜ੍ਹਾ ਵੱਖਰਾ ਮੰਨਦੇ ਹਨ। ਕਹਾਣੀ ਤਾਂ ਜੀਵਨ ਦੀਆਂ ਉਘੜ- ਦੁਘੜ ਘਟਨਾਵਾਂ ਦਾ ਜੋੜ ਮਾਤਰ ਹੈ ਪਰ ਕਥਾਨਕ ਘਟਨਾਵਾਂ ਦੀ ਸੰਗਠਿਤ ਕੀਤੀ ਕਲਾਮਈ ਲੜੀ ਹੈ। ਅਰਸਤੂ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਕਥਾਨਕ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ।

### ਭਾਰਤੀ ਵਿਦਵਾਨਾਂ ਨੇ ਕਥਾ-ਵਸਤੂ ਦੇ ਤਿੰਨ ਭੇਦ ਮੰਨੇ ਹਨ :

(ੳ) ਇਤਿਹਾਸ ਵਿੱਚ ਪ੍ਰਸਿੱਧ ਕਥਾ-ਵਸਤੂ

(ਅ) ਕਲਪਿਤ

(ੲ) ਮਿਸ਼ਰਿਤ

ਕਥਾ-ਵਸਤੂ ਵਿਕਾਸ ਕਰਦੀ ਹੋਈ ਆਪਣੇ ਅੰਤਿਮ ਬਿੰਦੂ ਤੱਕ ਪਹੁੰਚਦੀ ਹੈ। ਭਾਰਤੀ ਅਚਾਰੀਆਂ ਨੇ ਨਾਟਕ ਦੀ ਕਥਾ-ਵਸਤੂ ਦੇ ਵਿਕਾਸ ਦੀਆਂ ਪੰਜ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ :-

(ੳ) ਪ੍ਰਾਰੰਭ

(ਅ) ਪ੍ਰਯਤਨ

(ੲ) ਪ੍ਰਾਪਤੀ-ਆਸ਼ਾ

(ਸ) ਨਿਯਤ ਆਪਤੀ ਜਾਂ ਨਿਯਤ ਪ੍ਰਾਪਤੀ

(ਹ) ਫਲਾਗਮ ਜਾਂ ਫਲ਼ -ਪ੍ਰਾਪਤੀ

ਨਾਟਕੀ ਕਥਾ ਨੂੰ ਗਤੀ ਪ੍ਰਦਾਨ ਕਰਨ ਲਈ ਇੱਕ ਘਟਨਾ ਦੂਜੀ ਘਟਨਾ ਨੂੰ ਕਿਵੇਂ ਜਨਮ ਦਿੰਦੀ ਹੈ, ਇਸ ਸਾਰੀ ਪ੍ਰਕਿਰਿਆ ਨੂੰ ਅਰਥ-ਪ੍ਰਕਿਰਤੀ ਕਿਹਾ ਗਿਆ ਹੈ। ਅਰਥ-ਪ੍ਰਕਿਰਤੀਆਂ ਪੰਜ ਹਨ : ਬੀਜ, ਬਿੰਦੂ, ਪਤਾਕਾ, ਪ੍ਰਕਰੀ ਅਤੇ ਕਾਰਜ।

ਇਸੇ ਤਰ੍ਹਾਂ ਨਾਟਕੀ ਕਥਾ-ਵਸਤੂ ਦੇ ਵੱਖ-ਵੱਖ ਅੰਗਾਂ ਨੂੰ ਕਲਾਮਈ ਢੰਗ ਨਾਲ਼ ਜੋੜਨ ਤੇ ਸੰਗਠਿਤ ਕਰਨ ਲਈ ਜੋ ਵਿਧਾਨਿਕ ਜੁਗਤਾਂ ਵਰਤੀਆਂ ਜਾਂਦੀਆਂ ਹਨ, ਉਹਨਾਂ ਨੂੰ ਸੰਧੀ ਕਿਹਾ ਜਾਂਦਾ ਹੈ। ਸੰਧੀ ਦਾ ਭਾਵ ਆਪਸ ਵਿੱਚ ਗੰਢਣਾ ਜਾਂ ਜੋੜਨਾ ਤੇ ਮੇਲ਼ਨਾ ਹੈ।

ਪੱਛਮੀ ਵਿਦਵਾਨਾਂ ਨੇ ਕਥਾ-ਵਸਤੂ ਦੇ ਵਿਕਾਸ ਦੀਆਂ ਪੰਜ ਅਵਸਥਾਵਾਂ ਜਾਂ ਸਥਿਤੀਆਂ ਮੰਨੀਆਂ ਹਨ :-

(ੳ) ਅਰੰਭ ਜਾਂ ਪ੍ਰਸਤਾਵਨਾ (Exposition)


(ਅ) ਸੰਘਰਸ਼ ਜਾਂ ਕਾਰਜ ਦਾ ਵਿਕਾਸ (Rising action)

(ੲ) ਸਿਖਰ ਜਾਂ ਚਰਮ-ਸੀਮਾ (Climax)

(ਸ) ਉਤਾਰ ਜਾਂ ਨਿਬੇੜਾ (Denoument)

(ਹ) ਸਮਾਪਤੀ (Conclusion)

ਇਹਨਾਂ ਅਵਸਥਾਵਾਂ ਨੂੰ ਇੱਕ ਰੇਖਾ-ਚਿੱਤਰ ਦੁਆਰਾ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ :




**ਚਿੱਤਰ**

## ਨਾਟਕ ਦੀ ਕਥਾ-ਵਸਤੂ ਦਾ ਵਿਕਾਸ

ਨਾਟਕ ਦੀ ਅਰੰਭਿਕ ਸਥਿਤੀ ਵਿੱਚ ਕਿਸੇ ਸੰਘਰਸ਼ਮਈ ਘਟਨਾ ਦੀ ਸ਼ੁਰੂਆਤ ਹੁੰਦੀ ਹੈ। ਫਿਰ ਦੋ ਵਿਰੋਧੀ ਧਿਰਾਂ ਦਾ ਸੰਘਰਸ਼ ਤੇ ਵਿਰੋਧ ਵਧ ਜਾਂਦਾ ਹੈ ਅਤੇ ਟੱਕਰ ਸਿਖਰ ਤੱਕ ਪਹੁੰਚਣ ਲੱਗ ਪੈਂਦੀ ਹੈ। ਇਹ ਵਿਰੋਧੀ ਸ਼ਕਤੀਆਂ ਨਾਇਕ ਤੇ ਖਲਨਾਇਕ, ਵਿਅਕਤੀ ਤੇ ਸਮਾਜ ਜਾਂ ਅੰਤਰ - ਦ੍ਵੰਦ ਦੀ ਸ਼ਕਲ ਵਿੱਚ ਉੱਭਰਦੀਆਂ ਹਨ। ਉਤਾਰ ਦੀ ਸਥਿਤੀ ਵਿੱਚ ਜਿੱਤ-ਹਾਰ ਦਾ ਫ਼ੈਸਲਾ ਹੋ ਕੇ ਸਾਮ੍ਹਣੇ ਆਉਣ ਲੱਗ ਪੈਂਦਾ ਹੈ ਅਤੇ ਸਮਾਪਤੀ ਵਿੱਚ ਸਾਰੇ ਸੰਘਰਸ਼ ਦਾ ਅੰਤ ਹੋ ਜਾਂਦਾ ਹੈ। ਪਰੰਤੂ ਆਧੁਨਿਕ ਸਮੇਂ ਵਿੱਚ ਨਾਟਕਾਂ ਦਾ ਅੰਤ ਸੁਝਾਊ ਵੀ ਕੀਤਾ ਜਾਂਦਾ ਹੈ ਅਰਥਾਤ ਸਿੱਧੇ ਤੇ ਪ੍ਰਤੱਖ ਰੂਪ ਵਿੱਚ ਜਿੱਤ-ਹਾਰ ਦਾ ਫ਼ੈਸਲਾ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦਾ ਨਾਟਕ ਰੰਗ-ਮੰਚ ਉੱਤੇ ਤਾਂ ਸਮਾਪਤ ਹੋ ਜਾਂਦਾ ਹੈ ਪਰੰਤੂ ਦਰਸ਼ਕ ਦੇ ਦਿਮਾਗ਼ ਵਿੱਚ ਚੱਲਦਾ ਰਹਿੰਦਾ ਹੈ ਭਾਵ ਦਰਸ਼ਕ ਨਾਟਕ ਦੇ ਅੰਤ ਦੀਆਂ ਵੱਖ-ਵੱਖ ਸੰਭਾਵਨਾਵਾਂ ਬਾਰੇ ਸੋਚਦਾ ਰਹਿੰਦਾ ਹੈ।

ਨਾਟਕ ਦੇ ਰਚਨਾਤਮਿਕ ਸੰਦਰਭ ਵਿੱਚ ਪੱਛਮੀ ਵਿਦਵਾਨਾਂ ਨੇ ਤਿੰਨ ਏਕਤਾਵਾਂ ਦਾ ਹੋਣਾ ਜ਼ਰੂਰੀ ਮੰਨਿਆ ਹੈ,ਉਹ ਹਨ-

(ੳ) ਸਮੇਂ ਦੀ ਏਕਤਾ (Unity of time)

(ਅ) ਸਥਾਨ ਦੀ ਏਕਤਾ (Unity of Place)

(ੲ) ਕਾਰਜ ਦੀ ਏਕਤਾ (Unity of action)

ਯੂਨਾਨੀ ਨਾਟਕਾਂ ਵਿੱਚ ਤਿੰਨ ਏਕਤਾਵਾਂ ਉੱਤੇ ਖ਼ਾਸ ਜ਼ੋਰ ਦਿੱਤਾ ਜਾਂਦਾ ਸੀ। ਨਾਟਕ ਵਿੱਚ ਦਰਸਾਈਆਂ ਘਟਨਾਵਾਂ ਇੱਕ ਨਿਸ਼ਚਿਤ ਸਮੇਂ ਵਿੱਚ ਰੰਗ-ਮੰਚ ਉੱਤੇ ਦਿਖਾਈਆਂ ਜਾ ਸਕਦੀਆਂ ਹੋਣ। ਇਹਨਾਂ ਘਟਨਾਵਾਂ ਦੀ ਚੋਣ ਵੇਲ਼ੇ ਘਟਨਾਵਾਂ ਦੇ ਵਾਪਰਨ ਦੇ ਸਮੇਂ ਦਾ ਵੀ ਧਿਆਨ ਰੱਖਣਾ ਬਣਦਾ ਹੈ ਕਿਉਂਕਿ ਘਟਨਾਵਾਂ ਵਿੱਚ ਕਈ-ਕਈ ਸਾਲਾਂ ਜਾਂ ਸਦੀਆਂ ਦਾ ਫ਼ਰਕ ਸਟੇਜ 'ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਦਿਖਾਉਣਾ ਸੰਭਵ ਨਹੀਂ ਹੁੰਦਾ। ਦੂਜੀ ਏਕਤਾ ਦਾ ਸੰਬੰਧ ਸਥਾਨ ਨਾਲ਼ ਹੈ। ਇਸ ਦਾ ਭਾਵ ਹੈ ਕਿ ਕਥਾ-ਵਸਤੂ ਵਿੱਚ ਦਰਸਾਈਆਂ ਘਟਨਾਵਾਂ ਦੇ ਵਾਪਰਨ-ਸਥਾਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਦਾਹਰਨ ਲਈ ਜੇ ਨਾਟਕ ਦੀ ਇੱਕ ਘਟਨਾ ਰਾਜ-ਦਰਬਾਰ ਵਿੱਚ ਵਾਪਰਦੀ ਹੈ ਅਤੇ ਦੂਜੀ ਯੁੱਧ ਦੇ ਮੈਦਾਨ ਵਿੱਚ, ਇਹਨਾਂ ਦੋਹਾਂ ਘਟਨਾਵਾਂ ਨੂੰ ਅੱਗੜ-ਪਿੱਛੜ ਸਟੇਜ ਉੱਤੇ ਦਿਖਾਉਣਾ ਔਖਾ ਹੈ। ਇਸ ਲਈ ਕਥਾ-ਵਸਤੂ ਵਿੱਚ ਅਜਿਹੀ ਸਥਾਨ ਬਦਲੀ ਨਹੀਂ ਹੋਣੀ ਚਾਹੀਦੀ ਜਿਸ ਨੂੰ ਰੰਗ-ਮੰਚ 'ਤੇ ਸਾਕਾਰ ਕਰਨਾ ਸੰਭਵ ਨਾ ਹੋਵੇ। ਤੀਜੀ ਏਕਤਾ ਕਾਰਜ ਦੀ ਏਕਤਾ ਹੈ। ਇਸ ਤੋਂ ਭਾਵ ਹੈ ਕਿ ਨਾਟਕ ਦੇ ਮੁੱਖ ਕਾਰਜ ਨਾਲ਼ ਸੰਬੰਧ ਨਾ ਰੱਖਣ ਵਾਲ਼ੇ ਕਾਰਜ ਨੂੰ ਨਾਟਕ ਦਾ ਹਿੱਸਾ ਨਾ ਬਣਾਇਆ ਜਾਵੇ ਪਰੰਤੂ ਅੱਜ ਦੇ ਯੁੱਗ ਵਿੱਚ ਵਿਗਿਆਨਿਕ ਵਸੀਲਿਆਂ ਦੀ ਮਦਦ ਨਾਲ਼ ਉਪਰੋਕਤ ਏਕਤਾਵਾਂ ਵਿੱਚ ਰਹੀ ਕਿਸੇ ਵੀ ਤਰ੍ਹਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਸੰਗੀਤ, ਰੋਸ਼ਨੀ ਅਤੇ ਅਵਾਜ਼ ਇਸ ਤਰ੍ਹਾਂ ਦੇ ਮੁੱਖ ਵਸੀਲੇ ਹਨ।

## ਪਾਤਰ ਤੇ ਪਾਤਰ-ਉਸਾਰੀ

ਕਥਾਨਕ ਤੋਂ ਬਾਅਦ ਪਾਤਰ ਤੇ ਪਾਤਰ-ਉਸਾਰੀ ਨਾਟਕ ਦੇ ਪ੍ਰਮੁੱਖ ਰਚਨਾਤਮਿਕ ਤੱਤ ਹਨ। ਨਾਟਕ ਵਿੱਚ ਜਿਹੜੇ ਇਸਤਰੀ-ਪੁਰਸ਼ ਕਾਰਜ ਪੇਸ਼ ਕਰਦੇ ਹਨ ਉਹਨਾਂ ਨੂੰ ਟੈੱਕਸਟ ਵਿੱਚ ਪਾਤਰ ਕਿਹਾ ਜਾਂਦਾ ਹੈ। ਨਾਟਕ ਵਿੱਚ ਅਨੇਕ ਪਾਤਰ ਹੋ ਸਕਦੇ ਹਨ। ਪਾਤਰ-ਵਿਹੀਨ ਕੋਈ ਨਾਟਕ ਨਹੀਂ ਹੋ ਸਕਦਾ। ਇਹਨਾਂ ਪਾਤਰਾਂ ਦੇ ਆਸਰੇ ਹੀ ਨਾਟਕ ਦੀ ਕਹਾਣੀ ਦੀ ਬੁਣਤੀ ਕੀਤੀ ਜਾਂਦੀ ਹੈ ਅਤੇ ਕਥਾ-ਵਸਤੂ ਦੀ ਸਿਰਜਣਾ ਹੁੰਦੀ ਹੈ। ਨਾਟਕ ਦਾ ਪ੍ਰਧਾਨ ਪੁਰਸ਼-ਪਾਤਰ ਨਾਇਕ ਅਤੇ ਇਸਤਰੀ-ਪਾਤਰ ਨਾਇਕਾ ਹੁੰਦੀ ਹੈ। ਨਾਇਕ ਦਾ ਵਿਰੋਧੀ ਪ੍ਰਤਿਨਾਇਕ ਜਾਂ ਖਲਨਾਇਕ ਹੁੰਦਾ ਹੈ। ਸੰਸਕ੍ਰਿਤ ਨਾਟਕਾਂ ਵਿੱਚ ਵਿਦੂਸ਼ਕ ਇੱਕ ਹੋਰ ਹਸਾਉਣਾ ਪਾਤਰ ਹੁੰਦਾ ਸੀ।

ਅਰਸਤੂ ਨੇ ਪਲਾਟ ਜਾਂ ਕਥਾਨਕ ਨੂੰ ਸਾਹਿਤ ਦਾ ਕੇਂਦਰੀ-ਤੱਤ ਮੰਨਿਆ ਸੀ ਪਰ ਆਧੁਨਿਕ ਆਲੋਚਕਾਂ ਨੇ ਪਾਤਰ-ਉਸਾਰੀ ਨੂੰ ਵੀ ਕੋਈ ਘੱਟ ਮਹੱਤਵ ਨਹੀਂ ਦਿੱਤਾ। ਪਾਤਰਾਂ ਦੇ ਜ਼ਰੀਏ ਨਾਟਕੀ ਘਟਨਾਵਾਂ ਘਟਦੀਆਂ ਹਨ ਅਤੇ

ਪਾਤਰਾਂ ਦੀ ਚਰਿੱਤਰ-ਉਸਾਰੀ ਵੀ ਘਟਨਾਵਾਂ ਤੋਂ ਪ੍ਰਭਾਵਿਤ ਹੁੰਦੀ ਹੈ। ਇਉਂ ਪਾਤਰਾਂ ਦੇ ਮਾਧਿਅਮ ਦੁਆਰਾ ਕਥਾਨਕ ਦੀ ਸਿਰਜਣਾ ਹੁੰਦੀ ਹੈ। ਇਸ ਪ੍ਰਕਾਰ ਨਾਟਕ ਦੀ ਰਚਨਾ ਵਿੱਚ ਪਾਤਰ ਦਾ ਸੰਕਲਪ ਵੀ ਇੱਕ ਮਹੱਤਵਪੂਰਨ ਤੱਤ ਹੈ।

ਨਾਟਕ ਦੇ ਪਾਤਰ ਜਿਊਂਦੇ-ਜਾਗਦੇ ਹੋਣੇ ਚਾਹੀਦੇ ਹਨ ਜਿਹੜੇ ਸਾਨੂੰ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ ਮਿਲ਼ ਸਕਦੇ ਹੋਣ। ਪਾਤਰਾਂ ਦੀ ਸ਼ਖ਼ਸੀਅਤ, ਪਹਿਨ-ਪਹਿਰਾਵਾ, ਗੱਲ-ਬਾਤ ਦਾ ਅੰਦਾਜ਼, ਉਹਨਾਂ ਦੇ ਕਾਰ-ਵਿਹਾਰ ਅਤੇ ਉਹਨਾਂ ਦੇ ਨਾਮਕਰਨ ਜ਼ਿੰਦਗੀ ਦੇ ਨੇੜੇ ਲੱਗਣੇ ਚਾਹੀਦੇ ਹਨ ਜਿਹੜੇ ਅਸਲੀਅਤ ਦੀ ਝਲਕ ਪੈਦਾ ਕਰ ਸਕਣ ਅਤੇ ਦਰਸ਼ਕ ਨੂੰ ਉਠਾ ਕੇ ਕਲਾ-ਸੰਸਾਰ ਵਿੱਚ ਸਥਾਨਾਂਤਰ ਕਰ ਸਕਣ।

ਨਾਟਕ ਦੇ ਪ੍ਰਧਾਨ ਪਾਤਰ ਨੂੰ ਨਾਇਕ (ਹੀਰੋ) ਕਿਹਾ ਜਾਂਦਾ ਹੈ, ਏਸੇ ਨੂੰ ਹੀ ਸੰਸਕ੍ਰਿਤ ਨਾਟਕਕਾਰ "ਨੇਤਾ" ਕਹਿੰਦੇ ਸਨ। ਪ੍ਰਾਚੀਨ ਧਾਰਨਾ ਦੇ ਅਨੁਸਾਰ ਹੀਰੋ (ਨਾਇਕ) ਨਾਟਕ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਹਾਜ਼ਰ ਰਹਿੰਦਾ ਹੈ। ਪਰ ਅੱਜ ਬੌਧਿਕ ਯੁੱਗ ਵਿੱਚ ਅਜਿਹੀ ਪਾਬੰਦੀ ਜਾਂ ਪ੍ਰਤਿਬੰਧ ਲਾਜ਼ਮੀ ਨਹੀਂ ਹੈ। ਨਾਇਕ-ਪਾਤਰ ਹੀ ਨਾਟਕੀ ਕਥਾ-ਵਸਤੂ ਦਾ ਕੇਂਦਰੀ ਬਿੰਦੂ ਹੈ ਜਿਸ ਦੇ ਇਰਦ-ਗਿਰਦ ਸਾਰੀਆਂ ਘਟਨਾਵਾਂ ਉਣੀਆਂ-ਬੁਣੀਆਂ ਜਾਂਦੀਆਂ ਹਨ। ਨਾਟਕ ਦੇ ਸੰਸਕ੍ਰਿਤ ਵਿਦਵਾਨਾਂ ਨੇ ਨਾਇਕ (ਨੇਤਾ) ਦੇ ਕੁਝ ਜ਼ਰੂਰੀ ਗੁਣ ਨਿਰਧਾਰਿਤ ਕੀਤੇ ਹਨ। ਉਹਨਾਂ ਦੇ ਅਨੁਸਾਰ ਨਾਇਕ ਸਿਆਣਾ, ਬੁੱਧੀਮਾਨ, ਉਤਸ਼ਾਹੀ, ਬੋਲਣ ਵਿੱਚ ਚਤਰ, ਕਾਰਜ-ਕੁਸ਼ਲ, ਮਿਠਬੋਲਾ, ਹਰਮਨ-ਪਿਆਰਾ, ਕਲਾ-ਪ੍ਰੇਮੀ, ਸੂਰਬੀਰ ਤੇ ਤੇਜ-ਪ੍ਰਤਾਪੀ ਹੋਣਾ ਚਾਹੀਦਾ ਹੈ। ਨਾਇਕ ਕੁਲੀਨ ਹੋਵੇ, ਕੋਈ ਰਾਜਾ ਜਾਂ ਵੀਰ ਪੁਰਸ਼ ਹੋਵੇ। ਆਧੁਨਿਕ ਨਾਟਕ ਹੁਣ ਕਾਫੀ ਹੱਦ ਤੱਕ ਸੁਤੰਤਰ ਹੈ। ਅਜੋਕਾ ਨਾਟਕਕਾਰ ਕਿਸੇ ਸ਼ਰਾਬੀ, ਜੁਏਬਾਜ਼, ਦੁਰਾਚਾਰੀ ਜਾਂ ਭ੍ਰਿਸ਼ਟਾਚਾਰੀ ਨੂੰ ਵੀ ਨਾਇਕ ਵਜੋਂ ਚਿਤਰਿਤ ਕਰ ਸਕਦਾ ਹੈ। ਨਾਇਕ ਤੋਂ ਇਲਾਵਾ ਨਾਟਕ ਵਿੱਚ ਵੀ ਕਈ ਪਾਤਰ ਹੋ ਸਕਦੇ ਹਨ ਜਿਹੜੇ ਅਸਲ ਵਿੱਚ ਮੁੱਖ ਕਹਾਣੀ ਨੂੰ ਗਤੀਸ਼ੀਲ ਬਣਾਉਣ ਵਿੱਚ ਜਾਂ ਨਾਇਕ ਦੇ ਚਰਿੱਤਰ ਨੂੰ ਜਾਂ ਨਾਟਕ ਦੇ ਉਦੇਸ਼ ਨੂੰ ਉਜਾਗਰ ਕਰਨ ਵਿੱਚ ਸਹਾਇਤਾ ਕਰਦੇ ਹਨ।

ਜਿੱਥੋਂ ਤੱਕ ਪਾਤਰ-ਉਸਾਰੀ ਦਾ ਤਅੱਲਕ ਹੈ, ਇਸ ਨੂੰ ਅੱਜ-ਕੱਲ੍ਹ ਦੇ ਨਾਟਕੀ ਵਿਧਾਨ ਵਿੱਚ ਵਿਸ਼ੇਸ਼ ਅਹਿਮੀਅਤ ਦਿੱਤੀ ਜਾਂਦੀ ਹੈ। ਪਾਤਰ-ਉਸਾਰੀ ਵਿੱਚ ਵਿਭਿੰਨ ਪਾਤਰਾਂ ਦੀਆਂ ਮਾਨਸਿਕ, ਭਾਵਾਤਮਿਕ, ਸਮਾਜਿਕ ਆਦਿ ਪਰਿਸਥਿਤੀਆਂ ਨੂੰ ਚਿਤਰਿਤ ਕੀਤਾ ਜਾਂਦਾ ਹੈ ਤਾਂਜੋ ਪਾਤਰਾਂ ਦੀਆਂ ਲੋਕਾਰਥੀ ਤੇ ਸੁਆਰਥੀ ਮਨੋਬਿਰਤੀਆਂ ਉਜਾਗਰ ਕਰ ਸਕਣ ਅਤੇ ਉਹ ਜੀਵਨ ਤੇ ਜਗਤ ਦੇ ਸਾਮ੍ਹਣੇ ਕੋਈ ਆਦਰਸ਼ ਉਪਸਥਿਤ ਕਰ ਸਕਣ। ਨਾਟਕਾਂ ਵਿੱਚ ਯਥਾਰਥਿਕ ਮਾਹੌਲ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਨਾਟਕੀ ਪਾਤਰਾਂ ਦੇ ਅੰਦਰਲੇ ਤੇ ਬਾਹਰਲੇ ਗੁਣ-ਔਗੁਣ ਵੱਖ-ਵੱਖ ਨਾਟਕੀ ਤਰੀਕਿਆਂ ਨਾਲ਼ ਪੇਸ਼ ਕੀਤੇ ਜਾਣ ਤਾਂ ਜੋ ਉਹ ਜੀਵਨ ਦੀ ਕਲਾਤਮਿਕ ਨਕਲ ਹੁੰਦੇ ਹੋਏ ਵੀ ਅਸਲ ਤੋਂ ਵੱਧ ਪ੍ਰਭਾਵਸ਼ਾਲੀ ਬਣ ਸਕਣ। ਇਸ ਲਈ ਨਾਟਕਕਾਰ ਆਪਣੇ ਪਾਤਰਾਂ ਨੂੰ ਸੁਹਿਰਦ ਤੇ ਸੰਘਰਸ਼ਮਈ ਪਰਿਸਥਿਤੀਆਂ ਵਿੱਚ ਸਥਾਪਿਤ ਕਰ ਕੇ ਉਹਨਾਂ ਦੀਆਂ ਕਿਰਿਆਵਾਂ-ਪ੍ਰਤਿਕਿਰਿਆਵਾਂ ਦੇ ਰਾਹੀਂ ਚਿਤਰਨ ਵੱਲ ਧਿਆਨ ਕੇਂਦਰਿਤ ਕਰਦਾ ਹੈ ਅਤੇ ਆਪਣੀ ਕਲਾ-ਕ੍ਰਿਤੀ ਨੂੰ ਜ਼ਿੰਦਗੀ ਵਾਂਗੂੰ ਮਘਦੀ ਰੱਖਣਾ ਲੋਚਦਾ ਹੈ। ਇਸ ਬਹੁ-ਪਸਾਰੀ ਉਦੇਸ਼ ਨੂੰ ਮੁੱਖ ਰੱਖ ਕੇ ਨਾਟਕਕਾਰ ਪਾਤਰ-ਉਸਾਰੀ ਦੇ ਕਿਰਿਆਤਮਿਕ ਪਹਿਲੂਆਂ ਪ੍ਰਤਿ ਪੂਰੀ ਤਰ੍ਹਾਂ ਵਚਨਬੱਧ ਹੁੰਦਾ ਹੈ।

ਪਾਤਰ-ਉਸਾਰੀ ਦੀ ਵਚਨਬੱਧਤਾ ਲਈ ਨਾਟਕਕਾਰ ਆਪਣੇ ਨਾਟਕਾਂ ਵਿੱਚ ਪਾਤਰਾਂ ਦੇ ਚਰਿੱਤਰ ਨੂੰ ਦੋ ਜਾਂ ਤਿੰਨ ਤਰੀਕਿਆਂ ਨਾਲ਼ ਉਸਾਰਨ ਲਈ ਸਰਗਰਮ ਹੁੰਦਾ ਹੈ। ਇਹਨਾਂ ਤਰੀਕਿਆਂ ਜਾਂ ਵਿਧਾਨਿਕ ਜੁਗਤਾਂ ਵਿੱਚ ਸਭ ਤੋਂ ਪ੍ਰਮੁੱਖ ਦੋ ਜੁਗਤਾਂ ਹਨ ਇੱਕ ਹੈ ਪਾਤਰਾਂ ਦੇ ਕਾਰਜ ਤੇ ਵਿਹਾਰ ਅਤੇ ਦੂਜੀ ਹੈ ਪਾਤਰਾਂ ਦੇ ਸੰਵਾਦ ਤੇ ਵਾਰਤਾਲਾਪ। ਤੀਜੀ ਜੁਗਤ ਦੀ ਗੱਲ ਵੀ ਕੀਤੀ ਜਾਂਦੀ ਹੈ, ਉਹ ਹੈ ਰਚਨਾਕਾਰ ਵੱਲੋਂ ਪਾਤਰਾਂ ਬਾਰੇ ਸਿੱਧਾ-ਸਪਾਟ ਵਰਨਣ ਅਤੇ ਟੀਕਾ-ਟਿੱਪਣੀਆਂ। ਤੀਜੀ ਜੁਗਤ ਨਾਵਲ, ਕਹਾਣੀ ਵਿੱਚ ਤਾਂ ਸੰਭਵ ਹੈ ਪਰ ਨਾਟਕਾਂ ਵਿੱਚ ਸੰਭਵ ਨਹੀਂ ਕਿਉਂਕਿ ਏਥੇ ਨਾਟਕਕਾਰ ਸਾਮ੍ਹਣੇ ਹਾਜ਼ਰ ਨਹੀਂ ਹੁੰਦਾ, ਓਹਲੇ ਰਹਿ ਕੇ ਹੀ ਨਾਟਕ ਦੀ ਸਾਰੀ ਗਤੀਵਿਧੀ ਨੂੰ ਪ੍ਰੇਰਿਤ ਕਰਦਾ ਹੈ ਇਸ ਲਈ ਉਪਰੋਕਤ ਦੋ ਜੁਗਤਾਂ ਹੀ ਮਹੱਤਵਸ਼ੀਲ ਹਨ।

ਨਾਟਕ ਵਿੱਚ ਪਾਤਰ ਖ਼ੁਦ ਅਜਿਹੀਆਂ ਬਿਖਮ ਪਰਿਸਥਿਤੀਆਂ ਵਿੱਚੋਂ ਲੰਘਦੇ ਹਨ ਜਿੱਥੇ ਉਹਨਾਂ ਦੇ ਕਾਰਜ ਭਾਵ ਐਕਸ਼ਨ ਅਤੇ ਪ੍ਰਤਿਕਿਰਿਆਵਾਂ ਉਹਨਾਂ ਦੇ ਕਿਰਦਾਰ ਤੇ ਆਚਾਰ ਨੂੰ ਉਜਾਗਰ ਕਰ ਜਾਂਦੇ ਹਨ। ਉਹਨਾਂ ਦੇ ਚਰਿੱਤਰ ਨੂੰ

ਰੋਸ਼ਨ ਕਰ ਜਾਂਦੇ ਹਨ। ਇਹ ਪਾਤਰ-ਉਸਾਰੀ ਦੀ ਕਾਰਜੀ-ਵਿਧੀ ਹੈ। ਪਾਤਰ-ਉਸਾਰੀ ਦੀ ਦੂਜੀ ਵਿਧਾਨਿਕ ਜੁਗਤ ਸੰਵਾਦ ਜਾਂ ਵਾਰਤਾਲਾਪ ਹੈ। ਨਾਟਕ ਦੀਆਂ ਵੱਖ-ਵੱਖ ਹਾਲਤਾਂ ਤੇ ਸਥਿਤੀਆਂ ਵਿੱਚ ਵੱਖ-ਵੱਖ ਪਾਤਰ ਆਪਸ ਵਿੱਚ ਗੱਲ-ਬਾਤ ਤੇ ਵਾਰਤਾਲਾਪ ਕਰਦੇ ਦਿਖਾਏ ਜਾਂਦੇ ਹਨ। ਇਸ ਵਾਰਤਾਲਾਪ ਦੀ ਕਿਰਿਆ ਰਾਹੀਂ ਕਿਸੇ ਪਾਤਰ ਦਾ ਚਰਿੱਤਰ ਉੱਘੜਦਾ ਹੈ ਅਤੇ ਉਸ ਦੇ ਸ਼ਖ਼ਸੀ ਗੁਣ-ਔਗੁਣ ਜ਼ਾਹਰ ਹੁੰਦੇ ਹਨ। "ਬੋਲ-ਚਾਲ" ਇੱਕ ਅਜਿਹੀ ਸੁਭਾਵਿਕ ਕਿਰਿਆ ਹੈ ਜਿਸ ਰਾਹੀਂ ਹਰ ਵਿਅਕਤੀ ਦਾ ਨਿੱਜੀ ਆਪਾ ਪ੍ਰਗਟ ਹੋ ਜਾਂਦਾ ਹੈ, ਇਹ ਇੱਕ ਵਿਸ਼ਵ-ਪ੍ਰਸਿੱਧ ਸਿਧਾਂਤ ਹੈ।

ਇਸ ਪ੍ਰਕਾਰ ਨਾਟਕ ਦੇ ਰਚਨਾ-ਵਿਧਾਨ ਵਿੱਚ ਪਾਤਰ ਅਤੇ ਪਾਤਰ-ਉਸਾਰੀ ਦਾ ਮਹੱਤਵਪੂਰਨ ਸਥਾਨ ਸਿੱਧ ਹੁੰਦਾ ਹੈ।

### ਵਾਰਤਾਲਾਪ ਜਾਂ ਸੰਵਾਦ

ਵਾਰਤਾਲਾਪ ਨਾਟਕ-ਕਲਾ ਦਾ ਇੱਕ ਹੋਰ ਮਹੱਤਵਪੂਰਨ ਰਚਨਾਤਮਿਕ ਤੱਤ ਹੈ। ਅਸਲ ਵਿੱਚ ਨਾਟਕ ਦਾ ਸਾਰਾ ਵਜੂਦ ਹੀ ਵਾਰਤਾਲਾਪ ਉੱਤੇ ਉੱਸਰਦਾ ਹੈ। ਵਾਰਤਾਲਾਪ ਦੀ ਬਦੌਲਤ ਹੀ ਨਾਟਕ ਵਿੱਚ ਕਥਾ-ਵਸਤੂ ਦਾ ਵਿਕਾਸ ਗਤੀਸ਼ੀਲ ਹੁੰਦਾ ਹੈ ਅਤੇ ਨਾਟਕੀ ਗੁਣਾਂ ਦੀ ਸਥਾਪਨਾ ਹੁੰਦੀ ਹੈ। ਵਾਰਤਾਲਾਪ ਸਮੂਹਿਕ ਕਿਰਿਆ ਹੈ, 'ਕੱਲਾ-ਕਹਿਰਾ ਪਾਤਰ ਸੰਵਾਦ ਨਹੀਂ ਰਚਾ ਸਕਦਾ। ਏਥੇ ਇਹ ਇੱਕ ਵਿਰੋਧਾਭਾਸ ਹੈ ਕਿ ਨਾਟਕਕਾਰ ਆਪਣੇ-ਆਪ ਨੂੰ ਵਾਰਤਾਲਾਪ ਵਿੱਚੋਂ ਖਾਰਜ ਕਰਕੇ ਵਿਭਿੰਨ ਪਾਤਰਾਂ ਦੀ ਸੰਵਾਦ-ਸ਼ੈਲੀ ਅਤੇ ਉਹਨਾਂ ਦੀ ਵਾਰਤਾਲਾਪ ਦੇ ਪੱਧਰ ਨੂੰ ਹੀ ਪ੍ਰਸਤੁਤ ਕਰਦਾ ਹੈ ਕਿਉਂਕਿ ਨਾਟਕਕਾਰ ਵਾਰਤਾਲਾਪ ਵਿੱਚ ਕੋਈ ਹਿੱਸਾ ਨਹੀਂ ਲੈਂਦਾ ਭਾਵੇਂ ਵਾਰਤਾਲਾਪ ਉਸ ਦੀ ਪ੍ਰਤਿਭਾ ਦਾ ਹੀ ਕ੍ਰਿਸ਼ਮਾ ਹੁੰਦੀ ਹੈ।

ਨਾਟਕਕਾਰ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਉਹ ਇਸ ਕਿਸਮ ਦੀ ਵਾਰਤਾਲਾਪ ਸਿਰਜਿਤ ਕਰੇ ਜਿਹੜੀ ਕਿ ਪਾਤਰਾਂ ਦੀ ਉਮਰ, ਪੜ੍ਹਾਈ, ਪਦਵੀ ਅਤੇ ਉਸ ਦੇ ਨਾਟਕ ਵਿੱਚ ਕੀਤੇ ਜਾ ਰਹੇ ਰੋਲ ਦੇ ਅਨੁਕੂਲ ਹੋਵੇ ਅਤੇ ਉਹ ਸੱਚੀ-ਮੁੱਚੀ ਅਤੇ ਸੁਣੀ-ਸੁਣਾਈ ਹੋਵੇ। ਵਾਰਤਾਲਾਪ ਸੁਭਾਵਿਕ ਹੋਣੀ ਚਾਹੀਦੀ ਹੈ, ਬਣਾਉਟੀ ਨਹੀਂ ਲੱਗਣੀ ਚਾਹੀਦੀ, ਨਹੀਂ ਤਾਂ ਨਾਟਕ ਵਿੱਚ ਰਸ-ਭੰਗ ਹੋ ਸਕਦਾ ਹੈ ਅਤੇ ਦਰਸ਼ਕਾਂ ਨੂੰ ਅਕੇਵਾਂ ਮਹਿਸੂਸ ਹੋ ਸਕਦਾ ਹੈ। ਜੇ ਦਰਸ਼ਕ ਅੱਕ ਜਾਂਦੇ ਹਨ ਤਾਂ ਨਾਟਕ ਅਸਫਲ ਹੋ ਸਕਦਾ ਹੈ। ਨਾਟਕੀ ਵਾਰਤਾਲਾਪ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਨਾਟਕਕਾਰ ਭਾਸ਼ਾ ਪ੍ਰਤਿ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਸੰਬੰਧਿਤ ਭਾਸ਼ਾ ਉੱਤੇ ਉਸ ਦੀ ਪੂਰੀ ਪਕੜ ਹੈ।

ਨਾਟਕੀ ਵਾਰਤਾਲਾਪ ਕੀ ਹੈ ? ਅਸਲ ਵਿੱਚ ਕਿਸੇ ਵਿਸ਼ੇਸ਼ ਭਾਸ਼ਾ ਦੇ ਵਹਿਣ ਵਿੱਚੋਂ ਪਾਤਰਾਂ ਦੇ ਅਨੁਸਾਰ ਚੁਣਿਆ ਤੇ ਘੜਿਆ ਹੋਇਆ ਬੋਲੀ ਦਾ ਅੰਸ਼ ਹੀ ਵਾਰਤਾਲਾਪ ਹੈ। ਕੋਈ ਸਿੱਧ-ਹਸਤ ਨਾਟਕਕਾਰ ਹੀ ਵਾਰਤਾਲਾਪ ਦੇ ਲਈ ਭਾਸ਼ਾ-ਚੋਣ ਵਿੱਚ ਕੁਸ਼ਲ ਹੋ ਸਕਦਾ ਹੈ। ਵਾਰਤਾਲਾਪ ਤਾਂ ਨਾਟਕ ਦਾ ਚਿਹਰਾ ਹੈ ਜਿਸ ਵਿੱਚੋਂ ਨਾਟਕ ਦੀ ਸਮੁੱਚੀ ਰੂਹ ਝਲਕਦੀ ਦਿਸ ਪੈਂਦੀ ਹੈ। ਜੇਕਰ ਨਾਟਕ ਦੀ ਆਤਮਾ ਨੂੰ ਦਰਸ਼ਕਾਂ ਦੇ ਮਨ-ਮਸਤਕ ਉੱਤੇ ਸਹੀ ਅਰਥਾਂ ਵਿੱਚ ਅਸਰ-ਅੰਦਾਜ਼ ਕਰਨਾ ਹੈ ਤਾਂ ਨਾਟਕੀ ਵਾਰਤਾਲਾਪ ਨੂੰ ਨਾਟਕੀ, ਚੁਸਤ, ਠੇਠ, ਰਸਮਈ, ਰਮਜ਼- ਭਰਪੂਰ ਤੇ ਮੁਹਾਵਰੇਦਾਰ ਬਣਾਉਣਾ ਪਵੇਗਾ।

ਨਾਟਕ ਵਿੱਚ ਕਈ ਤਰ੍ਹਾਂ ਦੀਆਂ ਝਾਕੀਆਂ ਹੁੰਦੀਆਂ ਹਨ। ਝਾਕੀਆਂ ਦੇ ਅਨੁਕੂਲ ਵਾਰਤਾਲਾਪ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਜਿਵੇਂ ਬੀਰ-ਰਸੀ ਝਾਕੀਆਂ ਵਿੱਚ ਵਾਰਤਾਲਾਪ ਦੀ ਭਾਸ਼ਾ ਓਜਸੱਵੀ ਤੇ ਜੁਸ਼ੀਲੀ ਹੁੰਦੀ ਹੈ। ਪ੍ਰੀਤ-ਪਿਆਰ ਦੇ ਰੁਮਾਂਟਿਕ ਮੌਕਿਆਂ 'ਤੇ ਵਾਰਤਾਲਾਪ ਦੀ ਬੋਲੀ ਸੁਕੋਮਲ, ਮਧੁਰ, ਜਜ਼ਬਾਤੀ, ਅਲੰਕ੍ਰਿਤ ਤੇ ਰਸੀਲੀ ਹੁੰਦੀ ਹੈ। ਇਸੇ ਤਰ੍ਹਾਂ ਸੋਗੀ ਵਾਤਾਵਰਨ ਵਿੱਚ ਵਾਰਤਾਲਾਪ ਦੀ ਸ਼ਬਦਾਵਲੀ ਕਰੁਣਾਮਈ, ਤਰਸ-ਭਾਵੀ, ਸ਼ੋਕ-ਭਰਪੂਰ ਅਤੇ ਭਾਵ-ਭਿੰਨੀ ਹੁੰਦੀ ਹੈ। ਅਨੁਕੂਲ ਵਾਤਾਵਰਨ ਦੀ ਉਸਾਰੀ ਵਿੱਚ ਨਾਟਕੀ ਵਾਰਤਾਲਾਪ ਬੜੀ ਅਹਿਮ ਭੂਮਿਕਾ ਅਦਾ ਕਰਦੀ ਹੈ।

ਨਾਟਕ ਸਾਡੀ ਜ਼ਿੰਦਗੀ ਦਾ ਪਰਛਾਂਵਾਂ ਹੈ, ਅਕਸ ਹੈ। ਸਾਡੀ ਗੱਲ-ਬਾਤ ਆਮ ਜ਼ਿੰਦਗੀ ਵਿੱਚ ਵਿਅੰਗਾਤਮਿਕ, ਰਮਜ਼ੀਆ ਤੇ ਕਾਟਵੀਂ ਹੁੰਦੀ ਹੈ। ਉਸ ਵਿੱਚ ਛੋਟੇ-ਛੋਟੇ ਪੂਰੇ ਤੇ ਅਧੂਰੇ ਫ਼ਿਕਰੇ ਹੁੰਦੇ ਹਨ। ਕਈ ਵਾਰ ਵਾਰਤਾਲਾਪ ਵਿੱਚ ਬਹੁਤਾ ਕੁਝ ਅਣਕਿਹਾ ਛੱਡ ਦਿੱਤਾ ਜਾਂਦਾ ਹੈ ਅਤੇ ਦਰਸ਼ਕ ਕਲਪਨਾ-ਸ਼ਕਤੀ ਨਾਲ਼ ਅਧੂਰੀ ਗੱਲ ਨੂੰ ਪੂਰੀ ਕਰਦੇ ਹਨ।

ਨਾਲ਼ੇ ਨਾਟਕ ਵਿੱਚ ਸੰਬੋਧਨ-ਸ਼ੈਲੀ ਤੇ ਪ੍ਰਸ਼ਨ-ਸ਼ੈਲੀ ਦੀ ਹੀ ਪ੍ਰਮੁੱਖਤਾ ਹੁੰਦੀ ਹੈ ਕਿਉਂਕਿ ਆਪਸੀ ਪ੍ਰਸ਼ਨੋਤਰੀ-ਸ਼ੈਲੀ ਵਿੱਚੋਂ ਵਾਰਤਾਲਾਪ ਦਾ ਸਿਲਸਿਲਾ ਜਾਰੀ ਰਹਿ ਸਕਦਾ ਹੈ।

ਵਾਰਤਾਲਾਪ ਦੇ ਕਈ ਉਦੇਸ਼ ਹਨ, ਜਿਵੇਂਕਿ ਉੱਪਰ ਲਿਖ ਆਏ ਹਾਂ ਕਿ ਪਾਤਰ-ਉਸਾਰੀ ਵਿੱਚ ਸੰਵਾਦ ਤੇ ਵਾਰਤਾਲਾਪ ਖ਼ਾਸ ਤੌਰ 'ਤੇ ਲਾਭਦਾਇਕ ਸਿੱਧ ਹੁੰਦੀ ਹੈ। ਜਦੋਂ ਵੱਖ-ਵੱਖ ਪਾਤਰ ਵਾਰਤਾਲਾਪ ਵਿੱਚ ਰੁੱਝੇ ਹੁੰਦੇ ਹਨ ਤਾਂ ਉਹ ਇੱਕ- ਦੂਜੇ ਦੀਆਂ ਵਿਸ਼ੇਸ਼ਤਾਵਾਂ ਦਾ ਵੀ ਬਿਆਨ ਕਰ ਰਹੇ ਹੁੰਦੇ ਹਨ ਅਤੇ ਨਾਲ਼ੋ-ਨਾਲ਼ ਆਪਣੇ ਕਿਰਦਾਰ 'ਤੇ ਵੀ ਚਾਨਣਾ ਪਾ ਰਹੇ ਹੁੰਦੇ ਹਨ। ਇਸ ਤੋਂ ਇਲਾਵਾ ਵਾਰਤਾਲਾਪ ਕਥਾ ਦੀਆਂ ਤੰਦਾਂ ਨੂੰ ਵੀ ਅੱਗੇ ਤੋਰਦੇ ਹਨ ਅਤੇ ਨਾਟਕ ਦੇ ਮਾਹੌਲ ਤੇ ਵਾਤਾਵਰਨ ਦੀ ਉਸਾਰੀ ਕਰਨ ਵਿੱਚ ਵੀ ਯੋਗਦਾਨ ਪਾਉਂਦੇ ਹਨ।

### ਦੇਸ-ਕਾਲ ਜਾਂ ਵਾਤਾਵਰਨ

ਦੇਸ ਤੇ ਕਾਲ ਦਾ ਅਰਥ ਹੈ-ਸਥਾਨ ਤੇ ਸਮੇਂ ਦੇ ਅਨੁਕੂਲ ਦ੍ਰਿਸ਼-ਚਿਤਰਨ। ਨਾਟਕਾਂ ਵਿੱਚ ਨਾਵਲਾਂ ਦੀ ਤਰ੍ਹਾਂ ਦੇਸ, ਕਾਲ ਤੇ ਵਾਤਾਵਰਨ ਦਾ ਵਿਚਾਰ ਰੱਖਿਆ ਜਾਣਾ ਚਾਹੀਦਾ ਹੈ। ਦੇਸ, ਕਾਲ ਤੇ ਵਾਤਾਵਰਨ ਦੇ ਉਲਟ ਵਰਨਣ ਤੇ ਚਿਤਰਨ ਕਰਨ ਨਾਲ਼ ਬੇਗਾਨਗੀ ਤੇ ਓਪਰਾਪਣ ਪੈਦਾ ਹੋ ਜਾਂਦਾ ਹੈ ਅਤੇ ਸਾਰਾ ਦ੍ਰਿਸ਼-ਵਿਧਾਨ ਉਲਟ-ਪੁਲਟ ਹੋ ਕੇ ਦੇਸ-ਕਾਲ ਦੇ ਵਿਪਰੀਤ ਚਿਤਰਿਤ ਹੋ ਜਾਂਦਾ ਹੈ। ਹਰ ਇੱਕ ਯੁੱਗ ਦੀ ਅਤੇ ਹਰ ਇੱਕ ਦੇਸ ਦੀ ਆਪਣੀ ਸੱਭਿਅਤਾ, ਆਪਣੀ ਸੰਸਕ੍ਰਿਤੀ ਅਤੇ ਆਪਣਾ ਸੱਭਿਆਚਾਰ ਹੁੰਦਾ ਹੈ। ਉਹਨਾਂ ਦੇ ਆਪਣੇ ਰੀਤੀ-ਰਿਵਾਜ, ਰਹਿਣ-ਸਹਿਣ ਅਤੇ ਪਹਿਨ-ਪੁਸ਼ਾਕ ਦੇ ਢੰਗ ਹੁੰਦੇ ਹਨ, ਜਿਨ੍ਹਾਂ ਨੂੰ ਦੇਸ ਤੇ ਕਾਲ ਦੇ ਅਨੁਰੂਪ ਹੀ ਚਿਤਰਿਤ ਕਰਨਾ ਚਾਹੀਦਾ ਹੈ। ਇਸ ਲਈ ਦੇਸ-ਕਾਲ ਦੇ ਅੰਤਰਗਤ ਨਾਟਕ ਵਿੱਚ ਕਿਸੇ ਦੇਸ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸੱਭਿਆਚਾਰਿਕ ਪਰਿਸਥਿਤੀਆਂ ਉੱਪਰ ਵਿਚਾਰ ਕਰਨੀ ਚਾਹੀਦੀ ਹੈ। ਮਿਸਾਲ ਵਜੋਂ ਹੀਰ ਤੇ ਰਾਂਝੇ ਦੇ ਨਾਟਕ ਵਿੱਚ ਜੇਕਰ ਪਾਤਰਾਂ ਲਈ ਪੈਂਟ, ਕੋਟ ਤੇ ਨੈੱਕਟਾਈ ਦੀ ਵਰਤੋਂ ਕੀਤੀ ਜਾਵੇ ਜਾਂ ਹੀਰ ਦੀ ਪੁਸ਼ਾਕ ਵਿੱਚ ਫ਼ਰਾਕ, ਟਾੱਪ ਆਦਿ ਦਾ ਵਰਨਣ ਹੋਵੇ ਤਾਂ ਇਹ ਦੇਸ ਤੇ ਕਾਲ ਦੇ ਵਿਰੁੱਧ ਹੋਵੇਗਾ ਜਿਸ ਕਾਰਨ ਨਾਟਕ ਦੇ ਸੁਭਾਵਿਕ ਤੇ ਕੁਦਰਤੀ ਵਾਤਾਵਰਨ ਨੂੰ ਚੋਟ ਪਹੁੰਚੇਗੀ। ਇਸ ਲਈ ਇਹ ਜ਼ਰੂਰੀ ਹੈ ਕਿ ਜਿਸ ਦੇਸ ਤੇ ਕਾਲ ਨਾਲ਼ ਨਾਟਕੀ ਕਥਾ-ਵਸਤੂ ਦਾ ਸੰਬੰਧ ਹੋਵੇ, ਉਹਨਾਂ ਦੇ ਮੁਤਾਬਕ ਹੀ ਉਸ ਨਾਟਕ ਦਾ ਸਾਰਾ ਵਾਤਾਵਰਨ ਚਿਤਰਿਤ ਕੀਤਾ ਜਾਵੇ ਤਾਂਜੋ ਨਾਟਕ ਦੇ ਥੀਮ ਵਿੱਚ ਯਥਾਰਥਿਕਤਾ ਦੀ ਝਲਕ ਉੱਭਰ ਸਕੇ ਅਤੇ ਨਾਟਕੀ ਪਾਤਰ ਉਸ ਯੁੱਗ ਤੇ ਸਥਾਨ ਦੇ ਸੱਚੀਂ-ਮੁੱਚੀਂ ਵਸਨੀਕ ਜਾਪਣ ਲੱਗ ਪੈਣ।

ਅਰਸਤੂ ਅਤੇ ਹੋਰ ਗ੍ਰੀਕ ਵਿਦਵਾਨਾਂ ਨੇ ਸਮੇਂ, ਸਥਾਨ ਤੇ ਕਾਰਜ ਦੀਆਂ ਭਿੰਨ-ਭਿੰਨ ਏਕਤਾਵਾਂ ਦਾ ਜੋ ਸਿਧਾਂਤ ਪੇਸ਼ ਕੀਤਾ ਹੈ, ਉਹਨਾਂ ਨੂੰ ਦੇਸ-ਕਾਲ ਦੇ ਸੰਦਰਭ ਵਿੱਚ ਵੀ ਵਿਚਾਰਿਆ ਜਾ ਸਕਦਾ ਹੈ। ਜ਼ਾਹਰ ਹੈ ਕਿ ਨਾਟ-ਕਲਾ ਦੇ ਪੁਰਾਤਨ ਤੇ ਨਵੀਨ ਸਿਧਾਂਤਕਾਰ ਦੇਸ-ਕਾਲ ਦੇ ਸੰਕਲਪ ਪ੍ਰਤਿ ਭਲੀ-ਭਾਂਤ ਜਾਗਰੂਕ ਹਨ। ਫਲ਼ਸਰੂਪ ਦੇਸ-ਕਲਾ ਦਾ ਸੰਕਲਪ ਇਸ ਵਿਧਾਨਿਕ ਅਵੱਸ਼ਕਤਾ ਲਈ ਪ੍ਰਤਿਬੱਧ ਹੈ ਕਿ ਨਾਟਕ ਵਿੱਚ ਤਤਕਾਲੀ ਤੇ ਤਤਸਥਾਨੀ ਸਥਿਤੀਆਂ ਦੀ ਪ੍ਰਤਿਨਿਧਤਾ ਸੁਰੱਖਿਅਤ ਕੀਤੀ ਜਾਵੇ ਤਾਂਜੋ ਨਾਟਕ ਵਿੱਚ ਚਿਤਰਿਤ ਘਟਨਾ-ਕ੍ਰਮ, ਪਾਤਰ-ਉਸਾਰੀ ਤੇ ਸਥਾਨਗਤ ਵਾਤਾਵਰਨ ਦੇ ਤੱਤ ਵਾਸਤਵਿਕ ਪ੍ਰਭਾਵ ਪੇਸ਼ ਕਰਨ ਲਈ ਸਮਰੱਥ ਹੋ ਸਕਣ।

### ਭਾਸ਼ਾ ਤੇ ਸ਼ੈਲੀ :

ਨਾਟਕ ਦੀ ਭਾਸ਼ਾ ਤੇ ਸ਼ੈਲੀ ਦੇ ਸੰਦਰਭ ਵਿੱਚ ਇਸ ਗੱਲ ਦਾ ਖ਼ਿਆਲ ਰੱਖਿਆ ਜਾਣਾ ਜ਼ਰੂਰੀ ਹੈ ਕਿ ਇਸ ਦੀ ਭਾਸ਼ਾ ਲੋਕ-ਸਮੂਹ ਦੇ ਉਚਰਿਤ ਰੂਪ ਦੀ ਪ੍ਰਤਿਨਿਧਤਾ ਕਰਦੀ ਹੋਵੇ। ਇਹ ਮੌਖਿਕ ਕਿਸਮ ਦੀ ਬੋਲੀ ਹੁੰਦੀ ਹੈ ਜਿਹੜੀ ਲੋਕਾਂ ਦੇ ਮੂੰਹ ਚੜ੍ਹੀ ਹੁੰਦੀ ਹੈ ਅਤੇ ਜਿਸ ਵਿੱਚ ਲੋਕ-ਪ੍ਰਯੋਗ ਵਾਲੇ ਮੁਹਾਵਰੇ, ਨਿੱਤ-ਵਰਤੋਂ ਦੇ ਵਾਕਾਂਸ਼ ਤੇ ਆਮ ਸ਼ਬਦਾਵਲੀ ਚਮਤਕਾਰੀ ਢੰਗ ਨਾਲ਼ ਸ਼ਾਮਲ ਕੀਤੀ ਗਈ ਹੁੰਦੀ ਹੈ। ਨਾਟਕ ਦੀ ਸ਼ੈਲੀ ਵੀ ਕੋਈ ਗੂੜ੍ਹ, ਭਾਰੀ-ਭਰਕਮ ਨਹੀਂ ਹੁੰਦੀ ਸਗੋਂ ਨਾਟਕ ਦੇ ਥੀਮਿਕ ਪੈਟਰਨ ਦੇ ਅਨੁਰੂਪ, ਪ੍ਰਭਾਵਪੂਰਨ ਤੇ ਰਵਾਨੀ ਭਰਪੂਰ ਹੁੰਦੀ ਹੈ।

ਨਾਟਕਕਾਰ ਨੇ ਭਾਸ਼ਾ ਦੀ ਵਰਤੋਂ ਵਾਰਤਾਲਾਪ ਸਿਰਜਣ ਲਈ ਕਰਨੀ ਹੁੰਦੀ ਹੈ। ਵਾਰਤਾਲਾਪ ਨੇ ਹੀ ਕਥਾਨਕ ਦੀ ਸਿਰਜਣਾ ਕਰਦੇ ਹੋਏ ਨਾਟਕੀ ਕਾਰਜ ਦਾ ਵਿਕਾਸ ਕਰਨਾ ਹੁੰਦਾ ਹੈ ਅਤੇ ਪਾਤਰ-ਉਸਾਰੀ ਵਿੱਚ ਅਹਿਮ ਭੂਮਿਕਾ

ਨਿਭਾਉਣੀ ਹੁੰਦੀ ਹੈ। ਨਾਟਕਕਾਰ ਨਾਟਕ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੋ ਸਕਦਾ। ਇਸ ਲਈ ਨਾਟਕ ਦੀ ਸਮੁੱਚੀ ਸਫ਼ਲਤਾ ਲਈ ਉਸ ਨੂੰ ਭਾਸ਼ਾ ਦੀ ਚੋਣ ਬਹੁਤ ਸੋਚ-ਸਮਝ ਕੇ ਕਰਨੀ ਪੈਂਦੀ ਹੈ। ਜਿਹੋ-ਜਿਹੇ ਪਾਤਰ ਹੋਣ, ਉਹਨਾਂ ਤੋਂ ਉਹੋ-ਜਿਹੀ ਭਾਸ਼ਾ ਹੀ ਵਾਰਤਾਲਾਪ ਦੇ ਰੂਪ ਵਿੱਚ ਬੁਲਵਾਈ ਜਾਵੇ ਤਾਂ ਨਾਟਕ ਵਿੱਚ ਸੁਭਾਵਿਕਤਾ ਦਾ ਗੁਣ ਸਹਿਜੇ ਹੀ ਆ ਜਾਂਦਾ ਹੈ। ਇਸ ਲਈ ਉਹੀ ਸ਼ਬਦ ਵਰਤਣੇ ਉਚਿਤ ਹੁੰਦੇ ਹਨ ਜੋ ਸੰਬੰਧਿਤ ਪਾਤਰ ਆਪਣੀ ਆਮ ਜ਼ਿੰਦਗੀ ਵਿੱਚ ਵਰਤਦੇ ਹੋਣ। ਨਾਟਕ ਦੀ ਸ਼ੈਲੀ ਵੀ ਦਿਲ-ਟੁੰਬਵੀਂ ਅਤੇ ਰੋਚਕ ਹੋਣੀ ਚਾਹੀਦੀ ਹੈ।

### ਰੰਗ-ਮੰਚ ਅਤੇ ਅਭਿਨੈ :-

ਨਾਟਕ ਅਜਿਹੀ ਮਿਸ਼ਰਿਤ ਕਲਾ ਹੈ ਜਿਸ ਦਾ ਸੰਬੰਧ ਸਾਹਿਤ ਨਾਲ਼ ਵੀ ਹੈ ਅਤੇ ਰੰਗ-ਮੰਚ ਨਾਲ਼ ਵੀ। ਨਾਟਕ ਦੀ ਸੰਪੂਰਨਤਾ ਰੰਗ-ਮੰਚ ਉੱਤੇ ਪੇਸ਼ ਹੋਣ ਉਪਰੰਤ ਹੀ ਹੁੰਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਜਿੱਥੇ ਹੋਰ ਸਾਹਿਤ-ਰੂਪ ਕੇਵਲ ਸ਼ਬਦਾਂ ਰਾਹੀਂ ਜੀਵਨ-ਸੱਚ ਦੀ ਵਿਆਖਿਆ ਕਰਦੇ ਹਨ, ਉੱਥੇ ਨਾਟਕ ਪਾਤਰਾਂ ਦੀ ਕਲਾਤਮਿਕਤਾ, ਰੰਗ-ਮੰਚ ਦੀ ਸਜਾਵਟ ਆਦਿ ਅਨੇਕ ਸਾਧਨਾਂ ਉੱਤੇ ਨਿਰਭਰ ਕਰਦਾ ਹੈ। ਇੱਕ ਸਫਲ ਨਾਟਕਕਾਰ ਰੰਗ-ਮੰਚ ਨੂੰ ਧਿਆਨ ਵਿੱਚ ਰੱਖ ਕੇ ਹੀ ਨਾਟਕ ਦੀ ਸਿਰਜਣਾ ਕਰਦਾ ਹੈ। ਉਹ ਆਪਣੇ ਨਾਟਕ ਦੇ ਕਥਾ-ਵਸਤੂ ਵਿੱਚ ਅਜਿਹੇ ਤੱਤ ਸ਼ਾਮਲ ਨਹੀਂ ਕਰਦਾ ਜਿਨ੍ਹਾਂ ਨੂੰ ਰੰਗ-ਮੰਚ ਉੱਤੇ ਸਾਕਾਰ ਕਰਨਾ ਸੰਭਵ ਨਾ ਹੋਵੇ ਜਾਂ ਜਿਨ੍ਹਾਂ ਦੀ ਪੇਸ਼ਕਾਰੀ ਕਿਸੇ ਵੀ ਕਾਰਨ (ਸਮਾਜਿਕ, ਧਾਰਮਿਕ ਆਦਿ) ਵਰਜਿਤ ਹੋਵੇ।

ਰੋਸ਼ਨੀ, ਸੰਗੀਤ ਅਤੇ ਅਵਾਜ਼ ਆਧੁਨਿਕ ਰੰਗ-ਮੰਚ ਦਾ ਅਹਿਮ ਅੰਗ ਬਣ ਚੁੱਕੇ ਹਨ। ਇਹ ਨਾਟਕ ਦੀ ਪੇਸ਼ਕਾਰੀ ਨੂੰ ਯਥਾਰਥਿਕ ਰੰਗਣ ਦੇਣ ਵਿੱਚ ਅਤੇ ਨਾਟਕ ਦੇ ਪ੍ਰਭਾਵ ਨੂੰ ਤੀਖਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਰਤੀ ਵਿਦਵਾਨਾਂ ਨੇ ਅਭਿਨੈ-ਕਲਾ ਨੂੰ ਵੀ ਨਾਟਕ ਦਾ ਤੱਤ ਸਵੀਕਾਰ ਕੀਤਾ ਹੈ। ਅਭਿਨੈ ਐਕਟਿੰਗ ਹੈ, ਨਕਲ ਹੈ ਜਾਂ ਅਨੁਕਰਨ ਹੈ। ਅਭਿਨੈ, ਨਾਟਕ ਦੀ ਵਸਤੂ ਦੀ ਅਭਿਵਿਅਕਤੀ ਦਾ ਨਾਂ ਹੈ। ਅਭਿਨੈ ਨੂੰ ਚਾਰ ਤਰ੍ਹਾਂ ਦਾ ਕਿਹਾ ਗਿਆ ਹੈ – ਆਂਗਿਕ, ਵਾਚਿਕ, ਸਾਤਵਿਕ ਅਤੇ ਆਹਾਰਯ। ਅੰਗਾਂ ਨਾਲ਼ ਕੀਤਾ ਗਿਆ ਅਭਿਨੈ ਆਂਗਿਕ ਹੈ, ਵਾਚਿਕ ਅਭਿਨੈ ਦਾ ਸੰਬੰਧ ਵਚਨਾਂ ਤੇ ਬੋਲਾਂ ਨਾਲ਼ ਹੈ। ਮੁੜ੍ਹਕਾ, ਕੰਬਣੀ, ਹੰਝੂ ਕੇਰਨਾ ਆਦਿ ਦੀ ਐਕਟਿੰਗ ਸਾਤਵਿਕ ਹੈ ਅਤੇ ਪਹਿਨ-ਪੁਸ਼ਾਕ, ਬਸਤਰ,ਗਹਿਣੇ ਤੇ ਹੋਰ ਸਾਜ-ਸ਼ਿੰਗਾਰ ਦੀ ਨਕਲ ਕਰਨੀ ਆਹਾਰਯ ਅਭਿਨੈ ਹੈ।

ਨਾਟਕ ਦੀ ਰੰਗ-ਮੰਚ ਉੱਤੇ ਪੇਸ਼ਕਾਰੀ ਵਿੱਚ ਨਿਰਦੇਸ਼ਕ ਦੀ ਭੂਮਿਕਾ ਵੀ ਬਹੁਤ ਅਹਿਮ ਹੁੰਦੀ ਹੈ। ਅਸਲ ਵਿੱਚ ਇੱਕ ਚੰਗਾ ਨਿਰਦੇਸ਼ਕ ਹੀ ਨਾਟਕ ਦੇ ਲਿਖਤੀ ਸਾਹਿਤਿਕ ਰੂਪ ਨੂੰ ਰੰਗ-ਮੰਚ ਦੀਆਂ ਸੁਘੜ ਜੁਗਤਾਂ ਨਾਲ਼ ਜਿਊਂਣ ਜੋਗਾ ਬਣਾਉਂਦਾ ਹੈ।

### ਰਸ ਅਤੇ ਕਥਾਰਸਿਸ :-

ਨਾਟਕ ਲਈ ਸੰਸਕ੍ਰਿਤ ਨਾਟ-ਸ਼ਾਸਤ੍ਰੀਆਂ ਨੇ ਰਸ ਦੀ ਯੋਜਨਾ ਉੱਤੇ ਬਹੁਤ ਬਲ ਦਿੱਤਾ ਹੈ। ਰਸ ਇੱਕ ਸਾਹਿਤਿਕ ਸੁਹਜ-ਸੁਆਦ ਹੈ ਜਿਸ ਨੂੰ ਦਰਸ਼ਕ-ਗਣ ਮਾਣਦੇ ਹੋਏ ਨਾਟਕੀ ਪਾਤਰਾਂ ਨਾਲ਼ ਤਦਰੂਪ ਹੋ ਜਾਂਦੇ ਹਨ। ਨਾਟਕ ਦਾ ਉਦੇਸ਼ ਜਿੱਥੇ ਨੈਤਿਕ, ਸਮਾਜਿਕ ਜਾਂ ਮਾਨਵੀ ਹੋ ਸਕਦਾ ਹੈ, ਉੱਥੇ ਇਸ ਦਾ ਉਦੇਸ਼ ਰਸ ਤੇ ਰਸਾਤਮਿਕ ਸੁਆਦ ਪ੍ਰਦਾਨ ਕਰਨਾ ਵੀ ਹੈ। ਰਸ ਨਾਲ਼ ਮਿਲ਼ਦਾ-ਜੁਲ਼ਦਾ ਅਰਸਤੂ ਦਾ ਕਥਾਰਸਿਸ ਸਿਧਾਂਤ ਹੈ। ਕਥਾਰਸਿਸ ਯੂਨਾਨੀ (ਗ੍ਰੀਕ) ਸ਼ਬਦ ਹੈ ਜਿਸ ਨੂੰ ਵਿਰੇਚਨ, ਭਾਵ-ਮੁਕਤੀ ਜਾਂ ਸ਼ੁੱਧੀਕਰਨ ਕਿਹਾ ਜਾ ਸਕਦਾ ਹੈ। ਅੰਗਰੇਜ਼ੀ ਦੀ ਲਿਟਰੇਰੀ ਗਲਾਸਰੀ ਵਿੱਚ ਕਥਾਰਸਿਸ ਨੂੰ ਰਸਾਤਮਿਕ ਸੁਆਦ ਕਿਹਾ ਗਿਆ ਹੈ ਜੋ ਨਾਟਕ ਦੇ ਅਭਿਨੈ ਰਾਹੀਂ ਪ੍ਰਾਪਤ ਹੁੰਦਾ ਹੈ। ਕਈ ਵਿਦਵਾਨ ਕਥਾਰਸਿਸ ਦਾ ਮਤਲਬ ਤਰਸ ਤੇ ਭੈ ਦੇ ਵਧੇ ਹੋਏ ਭਾਵਾਂ ਤੋਂ ਮੁਕਤੀ ਲੈਂਦੇ ਹਨ ਜਿਸ ਨਾਲ਼ ਦਰਸ਼ਕਾਂ ਨੂੰ ਸ਼ਾਂਤੀ ਮਿਲ਼ਦੀ ਹੈ ਕਿਉਂਕਿ ਉਹ ਕਰੁਣਾ ਤੇ ਭੈ ਦੀ ਪਕੜ ਤੋਂ ਝੱਟ-ਬਿੰਦ ਲਈ ਮੁਕਤ ਹੋ ਜਾਂਦੇ ਹਨ।

### ਉਦੇਸ਼ :-

ਹਰ ਇੱਕ ਸਾਹਿਤ-ਰੂਪ ਦਾ ਪ੍ਰਮੁੱਖ ਉਦੇਸ਼ ਜੀਵਨ ਦੀ ਵਿਆਖਿਆ ਕਰਨਾ ਹੁੰਦਾ ਹੈ। ਨਾਟਕਕਾਰ ਵੀ ਕਿਸੇ ਉਦੇਸ਼ ਦੀ ਪੂਰਤੀ ਹਿਤ ਨਾਟਕ ਦੀ ਸਿਰਜਣਾ ਕਰਦਾ ਹੈ।'ਕਲਾ ਸਮਾਜ ਲਈ' ਸਿਧਾਂਤ ਨੂੰ ਮੰਨਣ ਵਾਲ਼ੇ ਵਿਦਵਾਨ

ਉਹਨਾਂ ਨਾਟਕਾਂ ਨੂੰ ਸਰਬੋਤਮ ਮੰਨਦੇ ਹਨ ਜਿਹੜੇ ਮਨੁੱਖੀ ਜ਼ਿੰਦਗੀ ਨੂੰ ਕੋਈ ਸੇਧ ਦਿੰਦੇ ਹਨ। ਸਮਾਜਿਕ ਬੁਰਾਈਆਂ ਸੰਬੰਧੀ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਨਾਟਕ ਇੱਕ ਸਰਬੋਤਮ ਸਾਧਨ ਹੈ।'ਕਲਾ ਕਲਾ ਲਈ,' ਸਿਧਾਂਤ ਨੂੰ ਮੰਨਣ ਵਾਲ਼ੇ ਵਿਦਵਾਨ ਦਰਸ਼ਕਾਂ ਨੂੰ ਅਨੰਦ ਦੇਣ ਅਤੇ ਉਹਨਾਂ ਦੀ ਸੁਹਜ-ਤ੍ਰਿਪਤੀ ਕਰਨ ਨੂੰ ਨਾਟਕ ਦਾ ਉਦੇਸ਼ ਮੰਨਦੇ ਹਨ। ਇਹ ਵੀ ਸਚਾਈ ਹੈ ਕਿ ਉਦੇਸ਼ ਵਿਹੂਣਾ ਨਾਟਕ ਹੋ ਹੀ ਨਹੀਂ ਸਕਦਾ। ਇੱਕ ਗੱਲ ਜ਼ਰੂਰ ਹੀ ਧਿਆਨ ਦੇਣਯੋਗ ਹੈ ਕਿ ਜੇ ਨਾਟਕ ਰਾਹੀਂ ਨਾਟਕਕਾਰ ਸਮਾਜ ਨੂੰ ਕੋਈ ਸੁਨੇਹਾ ਦੇਣਾ ਚਾਹੁੰਦਾ ਹੈ ਤਾਂ ਇਹ ਨਾਟਕ ਦੀ ਬਣਤਰ ਤੇ ਪੇਸ਼ਕਾਰੀ ਵਿੱਚੋਂ ਸਹਿਜੇ ਹੀ ਉੱਭਰ ਕੇ ਸਾਮ੍ਹਣੇ ਆਉਣਾ ਚਾਹੀਦਾ ਹੈ, ਕਿਸੇ ਵੀ ਤਰ੍ਹਾਂ ਨਾਲ਼ ਠੋਸਿਆ ਹੋਇਆ ਨਹੀਂ ਜਾਪਣਾ ਚਾਹੀਦਾ। ਅਜਿਹਾ ਕਰਨ ਨਾਲ਼ ਹੀ ਨਾਟਕਕਾਰ ਆਪਣੇ ਉਦੇਸ਼ ਵਿੱਚ ਸਫਲ ਹੋ ਸਕਦਾ ਹੈ।

### ਨਾਟਕਾਂ ਦਾ ਵਰਗੀਕਰਨ :-

ਨਾਟਕਾਂ ਦਾ ਵਰਗੀਕਰਨ ਦੋ ਆਧਾਰਾਂ 'ਤੇ ਕੀਤਾ ਜਾ ਸਕਦਾ ਹੈ :-

(ੳ) ਵਿਸ਼ੇ ਅਨੁਸਾਰ ਵਰਗੀਕਰਨ

(ਅ) ਪ੍ਰਭਾਵ ਅਨੁਸਾਰ ਵਰਗੀਕਰਨ

ਵਿਸ਼ੇ ਅਨੁਸਾਰ ਵਰਗੀਕਰਨ ਕਰਦੇ ਸਮੇਂ ਨਾਟਕ ਦੇ ਵਿਸ਼ੇ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਜਿੰਨੀ ਪ੍ਰਕਾਰ ਦੇ ਵਿਸ਼ੇ ਸੰਭਵ ਹਨ, ਓਨੀ ਪ੍ਰਕਾਰ ਦੇ ਹੀ ਨਾਟਕ ਹੋ ਸਕਦੇ ਹਨ ਪਰ ਪ੍ਰਮੁੱਖ ਰੂਪ ਵਿੱਚ ਇਹਨਾਂ ਨੂੰ ਪੌਰਾਣਿਕ, ਇਤਿਹਾਸਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਨਾਟਕ ਵਿੱਚ ਵੰਡਿਆ ਜਾਂਦਾ ਹੈ। ਆਧੁਨਿਕ ਯੁੱਗ ਵਿੱਚ ਊਟ-ਪਟਾਂਗ ਵਿਸ਼ਿਆਂ ਬਾਰੇ ਵੀ ਨਾਟਕ ਲਿਖੇ ਜਾ ਰਹੇ ਹਨ, ਇਹਨਾਂ ਨੂੰ 'ਐਬਸਰਡ' ਨਾਟਕ ਕਿਹਾ ਜਾਂਦਾ ਹੈ।

ਨਾਟਕ ਦੇ ਪ੍ਰਭਾਵ ਅਨੁਸਾਰ ਇਸ ਦੇ ਦੋ ਮੁੱਖ ਵਰਗ ਮੰਨੇ ਜਾਂਦੇ ਹਨ ਦੁਖਾਂਤ ਅਤੇ ਸੁਖਾਂਤ। ਦੁਖਾਂਤ ਅੰਗਰੇਜ਼ੀ ਦੇ ਟ੍ਰੈਜਡੀ (Tragedy) ਦਾ ਪੰਜਾਬੀ ਰੂਪਾਂਤਰ ਹੈ। 'ਦੁਖਾਂਤ' ਨਾਟਕ ਦੀ ਇੱਕ ਮਹੱਤਵਪੂਰਨ ਵੰਨਗੀ ਹੈ ਜਿਸ ਨੂੰ ਵੇਖ ਕੇ ਦਰਸ਼ਕ ਸੁਹਜ-ਸੁਆਦ ਵੀ ਮਾਣਦੇ ਹਨ ਅਤੇ ਸਧਾਰਨੀਕਰਨ ਦੀ ਪ੍ਰਕਿਰਿਆ ਰਾਹੀਂ ਆਪਣੇ ਮਨ ਦੇ ਅੰਦਰਲੇ ਦੋਸ਼ਾਂ ਤੋਂ ਮੁਕਤ ਵੀ ਹੁੰਦੇ ਹਨ। ਅਰਸਤੂ ਨੇ ਦੁਖਾਂਤ ਨਾਟਕ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਮੰਨਿਆ ਹੈ। ਯੂਨਾਨੀ ਨਾਟਕਾਂ ਦਾ ਪ੍ਰਭਾਵ ਦੁਖਾਂਤਿਕ ਹੈ। ਭਾਰਤੀ ਨਾਟਕਾਂ ਦਾ ਪ੍ਰਭਾਵ ਸੁਖਾਂਤਿਕ ਹੈ। ਇਹਨਾਂ ਨਾਟਕਾਂ ਦਾ ਅੰਤ ਸੁਖਦ ਹੁੰਦਾ ਹੈ। ਸੁਖਾਂਤ ਦਾ ਕੰਮ ਦਰਸ਼ਕਾਂ ਦੇ ਮਨ ਵਿੱਚ ਕੋਈ ਗੰਭੀਰ ਭਾਵ ਜਗਾਉਣਾ ਨਹੀਂ ਸਗੋਂ ਉਹਨਾਂ ਨੂੰ ਖ਼ੁਸ਼ ਕਰਨਾ ਹੁੰਦਾ ਹੈ।

ਸੁਖਾਂਤ ਅਤੇ ਦੁਖਾਂਤ ਦੀਆਂ ਕਿਸਮਾਂ ਵਿੱਚ ਪ੍ਰਹਸਨ, ਮੈਲੋਡਰਾਮਾ, ਸਵਾਂਗ, ਪੈਂਟੋਮਾਈਮ, ਬੈਲੇ, ਓਪੇਰਾ, ਰੇਡੀਓ-ਨਾਟਕ, ਨੁੱਕੜ-ਨਾਟਕ ਆਦਿ ਸ਼ਾਮਲ ਹਨ। ਆਧੁਨਿਕ ਸਮੇਂ ਵਿੱਚ ਟੈਲੀਵੀਜ਼ਨ-ਨਾਟਕਾਂ ਦੀ ਵਧੇਰੇ ਚੜ੍ਹਤ ਹੋ ਰਹੀ ਹੈ।

### ਪੰਜਾਬੀ ਨਾਟਕ-ਪਰੰਪਰਾ

ਪੰਜਾਬੀ ਦਾ ਨਾਟਕ-ਸਾਹਿਤ ਪੱਛਮੀ ਨਾਟਕ-ਕਲਾ ਦੇ ਅਸਰ ਹੇਠ ਹੀ ਉਦੈ ਹੋਇਆ ਹੈ। ਡਾ. ਹਰਚਰਨ ਸਿੰਘ ਦਾ ਕਹਿਣਾ ਹੈ ਕਿ ਸ੍ਰੀਮਤੀ ਨੋਰਾ ਰਿਚਰਡਸ ਪੰਜਾਬੀ ਨਾਟਕ ਦੀ ਮਾਂ ਹੈ ਜਿਸ ਦੀ ਪ੍ਰੇਰਨਾ ਨਾਲ਼ ਆਈ.ਸੀ.ਨੰਦਾ ਨੇ ਪਹਿਲਾ ਨਾਟਕ ਸੁਭੱਦਰਾ ਲਿਖਿਆ। ਪੰਜਾਬੀ ਨਾਟਕ ਵਿੱਚ ਸੰਸਕ੍ਰਿਤ ਨਾਟਕ ਦੇ ਤੱਤ ਵੀ ਪ੍ਰਵੇਸ਼ ਹੋਏ ਹਨ ਪਰ ਪ੍ਰੇਰਨਾ-ਬਿੰਦੂ ਅੰਗਰੇਜ਼ੀ ਨਾਟ-ਪਰੰਪਰਾ ਹੀ ਹੈ। ਕਈ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਬਚਿਤ੍ਰ ਨਾਟਕ' ਅਤੇ ਹਿਰਦੇ ਰਾਮ ਦੇ "ਹਨੂੰਮਾਨ ਨਾਟਕ" ਨੂੰ ਪੰਜਾਬੀ ਦੇ ਪ੍ਰਥਮ ਨਾਟਕ ਕਹਿੰਦੇ ਹਨ ਪਰ ਇਹ ਕਵਿਤਾ ਦੇ ਜ਼ਿਆਦਾ ਨੇੜੇ ਹਨ। ਨਾਟਕ ਦਾ ਸਹੀ ਸਰੂਪ ਆਈ.ਸੀ.ਨੰਦਾ, ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਫੁੱਲ ਆਦਿ ਦੇ ਨਾਟਕਾਂ ਵਿੱਚ ਮਿਲ਼ਦਾ ਹੈ। ਇਸ ਤੋਂ ਪਿੱਛੋਂ ਸੁਰਜੀਤ ਸਿੰਘ ਸੇਠੀ, ਰੋਸ਼ਨ ਲਾਲ ਆਹੂਜਾ, ਕਪੂਰ ਸਿੰਘ ਘੁੰਮਣ, ਅਜਮੇਰ ਸਿੰਘ ਔਲਖ, ਪਰਿਤੋਸ਼ ਗਾਰਗੀ, ਗੁਰਸ਼ਰਨ ਸਿੰਘ, ਰਵਿੰਦਰ ਰਵੀ, ਗੁਰਦਿਆਲ ਸਿੰਘ ਖੋਸਲਾ, ਗੁਰਚਰਨ ਸਿੰਘ ਜਸੂਜਾ, ਚਰਨਦਾਸ ਸਿੱਧੂ, ਡਾ. ਆਤਮਜੀਤ, ਡਾ. ਭੁਪਿੰਦਰ ਪਾਲੀ ਨੇ ਪੰਜਾਬੀ ਵਿੱਚ ਨਾਟਕ ਲਿਖੇ ਹਨ।

## ਔਖੇ ਸ਼ਬਦਾਂ ਦੇ ਅਰਥ :

**ਪ੍ਰਾਚੀਨ**-ਪੁਰਾਣਾ। **ਰੂ-ਬਰੂ**-ਆਮ੍ਹੋ-ਸਾਮ੍ਹਣੇ। **ਪੌਰਾਣਿਕ ਕਥਾ**-ਮਿਥਿਹਾਸਿਕ ਕਹਾਣੀ। **ਰਿਗਵੇਦ, ਸਾਮਵੇਦ, ਯਜੁਰਵੇਦ, ਅਥਰਵਵੇਦ** - ਹਿੰਦੂ ਧਰਮ-ਗ੍ਰੰਥ ਜਿਨ੍ਹਾਂ ਦੀ ਗਿਣਤੀ ਚਾਰ ਹੈ। **ਸ਼੍ਰਵ-ਕਾਵਿ**-ਜੋ ਸੁਣਿਆ ਜਾਵੇ। **ਦ੍ਰਿਸ਼ ਕਾਵਿ**-ਜੋ ਦੇਖਿਆ ਜਾਵੇ। **ਸਮਾਨਾਰਥਕ ਪਰਿਆਏ**-ਇੱਕੋ ਅਰਥ ਵਾਲ਼ੇ, ਉਹੀ ਅਰਥ। **ਅਸ਼ਟਾਧਿਆਈ**-ਪਾਣਿਨੀ ਦਾ ਵਿਆਕਰਨ। **ਨਾਟਯ ਸ਼ਾਸਤ੍ਰ**-ਭਰਤਮੁਨੀ ਦਾ ਨਾਟਕ ਬਾਰੇ ਗ੍ਰੰਥ। **ਆਯੋਜਨ**-ਪ੍ਰਬੰਧ। **ਅਭਿਨੈ**-ਅਦਾਕਾਰੀ। **ਉਸਤਤ**-ਵਡਿਆਈ, ਮਹਿਮਾ। **ਅਨੁਕਰਨ**-ਨਕਲ। **ਪ੍ਰਤਿਬੰਧ**-ਰੁਕਾਵਟ, ਵਿਘਨ, ਪਾਬੰਦੀ। **ਪਥ-ਪ੍ਰਦਰਸ਼ਨ**-ਰਾਹ ਦੱਸਣਾ। **ਪ੍ਰਦਰਸ਼ਨੀ**-ਨੁਮਾਇਸ਼। **ਪ੍ਰਸਤੁਤ**-ਪੇਸ਼ ਕਰਨਾ। **ਸ੍ਰੇਸ਼ਟ**-ਉੱਤਮ। **ਮਿਸ਼ਰਿਤ**-ਮਿਲਿਆ-ਜੁਲਿਆ। **ਨੈਤਿਕ**-ਇਖ਼ਲਾਕ, ਸਦਾਚਾਰ। **ਮ੍ਰਿੱਛਕਟਿਕ**-ਸੰਸਕ੍ਰਿਤ ਦਾ ਇੱਕ ਨਾਟਕ (ਮਿੱਟੀ ਦਾ ਗਡੀਰਾ)। **ਸਮ੍ਰਿੱਧੀ**-ਅਮੀਰੀ। **ਕੁਲੀਨ**- ਉੱਤਮ ਕੁਲ ਵਿੱਚ ਹੋਣ ਵਾਲ਼ਾ, ਖ਼ਾਨਦਾਨੀ। **ਵ੍ਰਿੱਤੀ**-ਮਨ ਦਾ ਝੁਕਾ, ਧਿਆਨ। **ਖਲਨਾਇਕ**-ਨਾਇਕ ਦਾ ਵਿਰੋਧੀ। **ਵਿਦੂਸ਼ਕ**-ਮਸਖ਼ਰਾ, ਮਖੌਲ ਕਰਨ ਵਾਲ਼ਾ। **ਊਬ**- ਅੱਕਣਾ। **ਤਦਰੂਪ**-ਉਸ ਜੇਹਾ, ਸਮਾਨ ਰੂਪ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਨਾਟਕ ਨੂੰ ________ ਵੇਦ ਕਿਹਾ ਜਾਂਦਾ ਹੈ।
2. ________ ਨੇ ਨਾਟਕ ਨੂੰ ਜੀਵਨ ਦੀ ਨਕਲ ਕਿਹਾ ਹੈ।
3. ਕਾਲੀਦਾਸ ਸੰਸਕ੍ਰਿਤ ਦੇ ਨਾਟਕਕਾਰਾਂ ਵਿੱਚੋਂ ________ ਹੈ।
4. ਨਾਇਕ ਦਾ ਵਿਰੋਧ________ ਹੁੰਦਾ ਹੈ।
5. ਰੰਗ-ਮੰਚ ________ ਦਾ ਅਹਿਮ ਤੱਤ ਹੈ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ -**

1. ਨਾਟਕ ਲਈ ਜ਼ਰੂਰੀ ਤਿੰਨ ਏਕਤਾਵਾਂ ਦੇ ਨਾਂ ਲਿਖੋ।
2. ਸੰਸਕ੍ਰਿਤ ਨਾਟਕ ਵਿੱਚ 'ਹਸਾਉਣੇ ਪਾਤਰ' ਨੂੰ ਕੀ ਕਹਿੰਦੇ ਹਨ?
3. ਪੱਛਮੀ ਵਿਦਵਾਨਾਂ ਨੇ ਨਾਟਕ ਦੇ ਕਥਾ-ਵਸਤੂ ਦੇ ਵਿਕਾਸ ਦੀਆਂ ਕਿੰਨੀਆਂ ਅਵਸਥਾਵਾਂ ਮੰਨੀਆਂ ਹਨ?
4. ਪੌਰਾਣਿਕ ਕਥਾ ਅਨੁਸਾਰ ਨਾਟਕ-ਸਿਰਜਣਾ ਲਈ ਕਥਾ-ਕਹਾਣੀ ਕਿਹੜੇ ਵੇਦ ਤੋਂ ਲਈ ਗਈ ਹੈ?

**(ੲ) ਵਿਸਤਾਰ ਸਹਿਤ ਉੱਤਰ ਦਿਓ-**

1. ਨਾਟਕ ਕੀ ਹੈ? ਇਸ ਦੇ ਸਰੂਪ ਤੇ ਲੱਛਣਾਂ ਬਾਰੇ ਚਾਨਣਾ ਪਾਓ।
2. 'ਨਾਟਕ ਸਾਹਿਤ ਦਾ ਇੱਕ ਪ੍ਰਾਚੀਨ ਤੇ ਮਹੱਤਵ ਪੂਰਨਰੂਪ ਹੈ' ਇਸ ਕਥਨ ਦੀ ਪੁਸ਼ਟੀ ਕਰਦੇ ਹੋਏ, ਇਸ ਦੇ ਨਿਕਾਸ ਸੰਬੰਧੀ ਚਰਚਾ ਕਰੋ।
3. ਇੱਕ ਸਫਲ ਨਾਟਕ ਵਿੱਚ ਕਿਹੜੇ-ਕਿਹੜੇ ਤੱਤ ਹੁੰਦੇ ਹਨ? ਉਹਨਾਂ ਦਾ ਉਲੇਖ ਕਰੋ।
4. ਨਾਟਕ ਵਿੱਚ ਕਥਾ-ਵਸਤੂ, ਪਾਤਰ-ਚਿਤਰਨ ਤੇ ਰੰਗ-ਮੰਚ ਦੇ ਮਹੱਤਵ ਬਾਰੇ ਚਰਚਾ ਕਰੋ।

ਜੇਕਰ ਤੁਸੀਂ ਕੋਈ ਨਾਟਕ ਪੜ੍ਹਿਆ ਜਾਂ ਦੇਖਿਆ ਹੈ ਤਾਂ ਉਸ ਸੰਬੰਧੀ ਆਪਣੀ ਸ਼੍ਰੇਣੀ ਦੇ ਸਾਥੀਆਂ ਤੇ ਅਧਿਆਪਕ ਜੀ ਨਾਲ਼ ਵਿਚਾਰ ਸਾਂਝੇ ਕਰੋ।

# ਇਕਾਂਗੀ 3

ਇਕਾਂਗੀ ਨਾਟਕ, ਨਾਟਕ ਕਲਾ ਦੀਆਂ ਕਈ ਵੰਨਗੀਆਂ ਵਿੱਚੋਂ ਇੱਕ ਵੰਨਗੀ ਕਹੀ ਜਾ ਸਕਦੀ ਹੈ। ਬਹੁ-ਅੰਗੀ, ਤਿੰਨ-ਅੰਗੀ ਜਾਂ ਪੰਜ-ਅੰਗੀ ਨਾਟਕਾਂ ਦੀ ਤੁਲਨਾ ਵਿੱਚ ਇੱਕ-ਅੰਗੀ ਨਾਟਕ ਜਾਂ ਇਕਾਂਗੀ ਨਾਟਕ ਆਧੁਨਿਕ ਜੁਗ ਵਿੱਚ ਵਿਕਸਿਤ ਹੋਈ ਬੜੀ ਲੋਕ-ਪ੍ਰਿਆ ਰੂਪ-ਵਿਧਾ ਹੈ।

ਇਕਾਂਗੀ ਦੇ ਸ਼ਾਬਦਿਕ ਅਰਥ ਇੱਕੋ ਹੀ ਅੰਗ ਅਰਥਾਤ ਇੱਕੋ ਅੰਕ-ਸੰਪੰਨ ਹੋਣ ਵਾਲ਼ਾ ਨਾਟਕ ਹੈ। ਅੰਗ ਤੋਂ ਭਾਵ ਅੰਕ ਹੈ ਜਿਸ ਦਾ ਅੰਗਰੇਜ਼ੀ ਭਾਸ਼ਾ ਵਿੱਚ ਸਮਾਨਾਰਥਕ ਸ਼ਬਦ ਐਕਟ (act) ਹੈ। ਇਕਾਂਗੀ ਨੂੰ ਬਹੁ-ਅੰਗੀ ਨਾਟਕ ਦਾ ਇੱਕ ਟੋਟਾ ਕਹਿਣਾ ਬੜੀ ਵੱਡੀ ਭੁੱਲ ਹੈ। ਵਾਸਤਵ ਵਿੱਚ ਇਕਾਂਗੀ ਨਾਟਕ-ਸਾਹਿਤ ਦਾ ਇੱਕ ਸੁਤੰਤਰ ਰੂਪ ਹੈ, ਜਿਸ ਦਾ ਸਮੁੱਚਾ ਪ੍ਰਭਾਵ ਬਹੁ-ਅੰਗੀ ਨਾਟਕ ਨਾਲ਼ੋਂ ਵੀ ਤੀਖਣ ਤੇ ਡੂੰਘਾ ਹੁੰਦਾ ਹੈ। ਪੂਰੇ ਨਾਟਕ ਵਾਂਗ ਇਸ ਵਿੱਚ ਜੀਵਨ ਦੀਆਂ ਬਹੁਤੀਆਂ ਗੁੰਝਲ਼ਾਂ ਜਾਂ ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਸਮਰੱਥਾ ਨਹੀਂ ਹੁੰਦੀ ਸਗੋਂ ਕਿਸੇ ਇੱਕੋ ਹੀ ਵਿਸ਼ੇਸ਼ ਨਾਟਕੀ ਘਟਨਾ ਜਾਂ ਸਥਿਤੀ ਦੀ ਪ੍ਰਭਾਵਸ਼ਾਲੀ ਢੰਗ ਨਾਲ਼ ਪੇਸ਼ਕਾਰੀ ਕਰਨਾ ਇਕਾਂਗੀ ਦਾ ਮੁੱਖ ਉਦੇਸ਼ ਹੈ।

ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਨਾਟਕੀ ਸਾਹਿਤ ਵਿੱਚੋਂ ਹੀ ਇਕਾਂਗੀ ਨਾਟਕ ਰੂਪਮਾਨ ਹੋਇਆ। ਇਸ ਦਾ ਜਨਮ ਆਧੁਨਿਕ ਜੁਗ ਵਿੱਚ ਉੱਨ੍ਹੀਵੀਂ ਸਦੀ ਦੇ ਅੰਤਿਮ ਦਹਾਕਿਆਂ ਵਿੱਚ ਹੋਇਆ। ਪੱਛਮ ਵਿੱਚ ਤਾਂ ਇਕਾਂਗੀ ਪਰਦਾ-ਉਠਾਊ ਰੂਪ ਵਿੱਚ ਹੀ ਅਰੰਭ ਹੋਇਆ। ਪੂਰੇ ਨਾਟਕ ਦੀ ਪੇਸ਼ਕਾਰੀ ਸਮੇਂ ਪਰਦਾ ਉੱਠਣ ਤੋਂ ਪਹਿਲਾਂ ਦਰਸ਼ਕਾਂ ਨੂੰ ਵਿਅਸਤ ਰੱਖਣ ਲਈ, ਉਹਨਾਂ ਦੇ ਮਨੋਰੰਜਨ ਲਈ ਤੇ ਸਮੇਂ ਦਾ ਸਦ-ਉਪਯੋਗ ਕਰਨ ਲਈ ਇਕਾਂਗੀ ਖੇਡਣ ਦਾ ਰਿਵਾਜ ਹੁੰਦਾ ਸੀ, ਜੋ ਸਮੇਂ ਦੇ ਬਦਲਣ ਨਾਲ਼ ਨਾਟਕ ਤੋਂ ਵੀ ਵਧੇਰੇ ਲੋਕ-ਪ੍ਰਿਆ ਹੁੰਦਾ ਗਿਆ ਅਤੇ ਥੋੜ੍ਹੇ ਹੀ ਸਮੇਂ ਵਿੱਚ ਸਾਹਿਤਿਕ ਖੇਤਰ ਵਿੱਚ ਨਾਟਕ ਦੇ ਸਮਾਨ ਹੀ ਪੂਰੀ ਤਰ੍ਹਾਂ ਪ੍ਰਮਾਣਿਕ ਰੂਪ ਵਿੱਚ ਸਥਾਪਿਤ ਹੋ ਗਿਆ।

ਇਕਾਂਗੀ ਦੀ ਲੋਕ-ਪ੍ਰਿਅਤਾ ਦਾ ਅਨੁਮਾਨ ਲਾਉਣ ਲਈ ਲੰਡਨ ਦੀ ਇੱਕ ਘਟਨਾ ਵਰਨਣਯੋਗ ਹੈ। ਲੰਡਨ ਵਿੱਚ ਪਰਦਾ-ਉਠਾਊ ਰੂਪ ਵਿੱਚ ਪੇਸ਼ ਕੀਤੇ ਗਏ ਇੱਕ ਇਕਾਂਗੀ 'ਬਾਂਦਰ ਦਾ ਪੰਜਾ' ਤੋਂ ਲੋਕ ਏਨੇ ਪ੍ਰਭਾਵਿਤ ਹੋਏ ਕਿ ਅਸਲੀ ਨਾਟਕ ਨੂੰ ਵੇਖੇ ਬਿਨਾਂ ਹੀ ਵਾਪਸ ਪਰਤ ਗਏ। ਘੱਟ ਸਮੇਂ ਵਿੱਚ ਘੱਟ ਖ਼ਰਚ ਤੇ ਘੱਟ ਜਤਨਾਂ ਦੁਆਰਾ ਪੇਸ਼ ਕੀਤੇ ਗਏ ਇਹਨਾਂ ਇਕਾਂਗੀਆਂ ਦੀ ਸਾਡੇ ਇਸ ਸਮੇਂ ਨੂੰ ਅਤਿਅੰਤ ਲੋੜ ਹੈ।

ਆਧੁਨਿਕ ਜੀਵਨ ਦੇ ਮਸ਼ੀਨੀਕਰਨ ਅਤੇ ਪੂੰਜੀਵਾਦ ਦੇ ਸਿਖਰ 'ਤੇ ਆ ਜਾਣ ਨਾਲ਼ ਮਨੁੱਖੀ ਜ਼ਿੰਦਗੀ ਦੇ ਵਧਦੇ ਰੁਝੇਵਿਆਂ ਨਾਲ਼ ਇਕਾਂਗੀ ਤੇ ਕਹਾਣੀ ਹੀ ਅਜਿਹੇ ਸਾਹਿਤਿਕ ਰੂਪ ਸਨ ਜੋ ਮਨੁੱਖੀ ਮਨ ਦੀ ਸੁਹਜ-ਤ੍ਰਿਪਤੀ ਤੇ ਮਨੋਰੰਜਨ ਥੋੜ੍ਹੇ ਸਮੇਂ ਵਿੱਚ ਹੀ ਕਰਨ ਦੀ ਸਮਰੱਥਾ ਰੱਖਦੇ ਸਨ। ਇਸ ਤੋਂ ਇਲਾਵਾ ਜੀਵਨ ਦੀਆਂ ਸੂਖਮ ਭਾਵਨਾਵਾਂ ਤੇ ਮਾਨਸਿਕ ਸਥਿਤੀਆਂ ਵੀ ਜਿਸ ਪ੍ਰਭਾਵਸ਼ਾਲੀ ਢੰਗ ਨਾਲ਼ ਇਕਾਂਗੀ ਰਾਹੀਂ ਪੇਸ਼ ਕਰਨੀਆਂ ਸੰਭਵ ਸਨ ਉਹ ਹੋਰ ਕਿਸੇ ਵੀ ਕਲਾ-ਰੂਪ ਰਾਹੀਂ ਪੇਸ਼ ਕਰਨਾ ਸੰਭਵ ਨਹੀਂ ਸੀ। ਸੰਜਮਤਾ ਦੇ ਗੁਣ ਕਾਰਨ ਇਕਾਂਗੀ ਤੇ ਕਹਾਣੀ ਨੂੰ ਪੱਤਰਾਂ ਤੇ ਪਤ੍ਰਿਕਾਵਾਂ ਵਿੱਚ ਵੀ ਯੋਗ ਥਾਂ ਉਪਲਬਧ ਹੋਈ। ਇਸ ਤਰ੍ਹਾਂ ਪ੍ਰਭਾਵ ਦੀ ਇਕਾਗਰਤਾ, ਤੀਖਣਤਾ, ਰੋਚਕਤਾ, ਨਾਟਕੀਅਤਾ ਅਤੇ ਸੰਜਮਤਾ ਵਰਗੇ ਗੁਣਾਂ ਕਾਰਨ ਇਕਾਂਗੀ-ਕਲਾ ਆਧੁਨਿਕ ਕਾਲ ਵਿੱਚ ਸਾਹਿਤ ਦਾ ਪ੍ਰਤਿਨਿਧ ਰੂਪ ਬਣ ਗਈ।

## ਇਕਾਂਗੀ

ਇਕਾਂਗੀ ਕੀ ਹੈ ? ਇਸ ਦੇ ਉੱਤਰ ਵਿੱਚ ਅਸੀਂ ਕਹਿ ਸਕਦੇ ਹਾਂ ਕਿ "ਇਕਾਂਗੀ ਉਹ ਨਾਟਕੀ ਰੂਪ ਹੈ ਜੋ ਜੀਵਨ

ਦੇ ਕਿਸੇ ਖੰਡ ਜਾਂ ਟੋਟੇ ਨੂੰ ਗਿਣੇ-ਚੁਣੇ ਪਾਤਰਾਂ ਰਾਹੀਂ ਪ੍ਰਭਾਵ ਤੇ ਕਾਰਜ ਦੀ ਏਕਤਾ ਕਾਇਮ ਰੱਖਦੇ ਹੋਏ ਸੀਮਿਤ ਸਮੇਂ ਵਿੱਚ ਰੰਗ-ਮੰਚ ਉੱਤੇ ਸਾਕਾਰ ਕਰਦਾ ਹੈ।" ਬਣਤਰ ਦੇ ਪੱਖ ਤੋਂ ਇਕਾਂਗੀ ਨਾਟਕ ਨੂੰ ਬਾਕੀ ਸਾਹਿਤਿਕ ਰੂਪਾਂ ਤੋਂ ਨਿਖੇੜਨ ਵਾਲ਼ੇ ਕੁਝ ਬੁਨਿਆਦੀ ਤੱਤ ਵਿਚਾਰਨਯੋਗ ਹਨ। ਇਕਾਂਗੀ ਦੇ ਇਹ ਬੁਨਿਆਦੀ ਤੱਤ ਹੇਠ ਲਿਖੇ ਅਨੁਸਾਰ ਹਨ, ਜੋ ਸਮੇਂ-ਸਮੇਂ ਆਲੋਚਕਾਂ ਦੀ ਚਰਚਾ ਦਾ ਵਿਸ਼ਾ ਰਹੇ ਹਨ:-

### ਵਿਸ਼ਾ-ਵਸਤੂ :

ਵਿਸ਼ਾ ਇਕਾਂਗੀ ਦਾ ਉਹ ਕੇਂਦਰੀ ਧੁਰਾ ਹੈ ਜਿਸ ਦੇ ਦੁਆਲ਼ੇ ਸਮੁੱਚੇ ਤੱਤਾਂ ਦਾ ਤਾਣਾ-ਬਾਣਾ ਤਿਆਰ ਹੁੰਦਾ ਹੈ। ਜੀਵਨ ਦੀ ਕਿਸੇ ਖ਼ਾਸ ਘਟਨਾ, ਵਿਚਾਰ ਜਾਂ ਗੁੰਝਲ ਨੂੰ ਆਮ ਤੌਰ 'ਤੇ ਇਕਾਂਗੀ ਦਾ ਵਿਸ਼ਾ ਬਣਾਇਆ ਜਾਂਦਾ ਹੈ। ਇਕਾਂਗੀ ਦਾ ਵਿਸ਼ਾ ਜੀਵਨ ਦੇ ਅਸਲ ਨਾਲ਼ ਜੁੜਿਆ ਹੁੰਦਾ ਹੈ ਤੇ ਜੀਵਨ ਦੀਆਂ ਪ੍ਰਤਿਨਿਧ ਘਟਨਾਵਾਂ ਨੂੰ ਹੀ ਸਾਕਾਰ ਕਰਦਾ ਹੈ ਪਰ ਇਹ ਗੱਲ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦੀ ਕਿ ਇਕਾਂਗੀ ਵਿੱਚ ਜੀਵਨ ਦੀ ਕੇਵਲ ਇੱਕੋ ਹੀ ਮੁੱਖ ਘਟਨਾ ਲਈ ਥਾਂ ਹੁੰਦੀ ਹੈ ਕਿਉਂਕਿ ਇਕਾਂਗੀ ਦਾ ਆਕਾਰ ਬੜਾ ਸੌੜਾ ਤੇ ਸਮਾਂ ਬੜਾ ਸੀਮਿਤ ਹੁੰਦਾ ਹੈ। ਬਹੁ-ਅੰਗੀ ਨਾਟਕ ਦੀ ਤੁਲਨਾ ਵਿੱਚ ਇਕਾਂਗੀ ਜੀਵਨ ਦੇ ਇੱਕੋ ਹੀ ਪੱਖ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਦਰਸਾ ਸਕਦਾ ਹੈ।

ਇਕਾਂਗੀ ਦਾ ਵਿਸ਼ਾ ਕਿਸੇ ਘਟਨਾ, ਪਾਤਰ ਜਾਂ ਮੂਲ ਵਿਚਾਰ ਨਾਲ਼ ਸੰਬੰਧਿਤ ਹੋ ਸਕਦਾ ਹੈ ਪਰ ਇਹ ਵਿਸ਼ਾ ਲਾਜ਼ਮੀ ਤੌਰ 'ਤੇ ਰੋਚਕ, ਸੰਜਮਮਈ, ਪ੍ਰਭਾਵਸ਼ਾਲੀ, ਸਪਸ਼ਟ ਤੇ ਨਾਟਕੀ ਹੁੰਦਾ ਹੈ। ਇਕਾਂਗੀਕਾਰ ਜੀਵਨ ਦੇ ਚੁਗਿਰਦੇ ਵਿੱਚੋਂ ਤੇ ਮੌਲਿਕ ਅਨੁਭਵਾਂ ਦੇ ਆਧਾਰ 'ਤੇ ਸਮਾਜ, ਰਾਜਨੀਤੀ, ਧਰਮ, ਮਨੋਵਿਗਿਆਨ ਜਾਂ ਇਤਿਹਾਸ ਵਿੱਚੋਂ ਵਿਸ਼ੇ ਚੁਣ ਕੇ ਇਕਾਂਗੀ ਦੇ ਰੂਪ ਵਿੱਚ ਸੁਸੱਜਿਤ ਕਰ ਸਕਦਾ ਹੈ ਜੋ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ।

### ਕਥਾਨਕ :-

ਕਥਾਨਕ ਇਕਾਂਗੀ ਦੀ ਆਧਾਰ-ਸ਼ਿਲਾ ਹੈ। ਕਥਾਨਕ ਜਾਂ ਗੋਂਦ ਇਕਾਂਗੀ ਦਾ ਢਾਂਚਾ ਹੀ ਹੁੰਦਾ ਹੈ ਜਿਸ ਵਿੱਚ ਇਕਾਂਗੀ ਦੀਆਂ ਘਟਨਾਵਾਂ ਨੂੰ ਲੜੀਵਾਰ ਪੇਸ਼ ਕਰਨ ਦਾ ਗੁਣ ਹੈ। ਇਕਾਂਗੀ ਦੀ ਗੋਂਦ ਜਾਂ ਕਥਾਨਕ ਬਹੁਤ ਪੇਚੀਦਾ ਨਹੀਂ ਹੁੰਦਾ ਅਤੇ ਨਾ ਹੀ ਇੱਕ ਤੋਂ ਵੱਧ ਪਲਾਟਾਂ ਨੂੰ ਸੰਭਾਲ਼ ਸਕਦਾ ਹੈ। ਗਿਣੀਆਂ-ਚੁਣੀਆਂ ਘਟਨਾਵਾਂ ਨੂੰ ਬੜੀ ਜੁਗਤ ਤੇ ਬੜੀ ਸੰਜਮਤਾ ਨਾਲ਼ ਪੇਸ਼ ਕੀਤਾ ਜਾਂਦਾ ਹੈ। ਇਹ ਸੰਜਮਤਾ ਇਕਾਂਗੀ ਦਾ ਅਨਿੱਖੜਵਾਂ ਅੰਗ ਹੈ। ਇਕਾਂਗੀ ਵਿੱਚੋਂ ਕੇਵਲ ਉਹਨਾਂ ਹੀ ਮੌਕਿਆਂ ਨੂੰ ਛੂਹਿਆ ਜਾਂਦਾ ਹੈ ਜਿਨ੍ਹਾਂ ਤੋਂ ਬਿਨਾਂ ਕਹਾਣੀ ਦੀ ਚਾਲ ਵਿੱਚ ਨਿਰੰਤਰਤਾ ਨਹੀਂ ਰਹਿੰਦੀ। ਇਸ ਤਰ੍ਹਾਂ ਇਕਾਂਗੀ ਦੀ ਗੋਂਦ ਇਕਹਿਰੀ ਹੁੰਦੀ ਹੈ।

ਅਰੰਭ ਤੋਂ ਲੈ ਕੇ ਅੰਤ ਤੱਕ ਕਥਾ-ਲੜੀ ਦੀ ਰੋਚਕਤਾ ਨੂੰ ਕਾਇਮ ਰੱਖਿਆ ਜਾਂਦਾ ਹੈ। ਇਕਾਂਗੀ ਦਾ ਅਰੰਭ ਬੜਾ ਝਟਪਟਾ ਤੇ ਉਤੇਜਨਾ-ਭਰਪੂਰ ਹੁੰਦਾ ਹੈ। ਘਟਨਾ ਦਾ ਪਿਛੋਕੜ ਨਹੀਂ ਉਲੀਕਿਆ ਜਾਂਦਾ ਸਗੋਂ ਇੱਕ-ਦੋ ਵਾਕਾਂ ਤੋਂ ਬਾਅਦ ਹੀ ਕੋਈ ਸੁਆਦਲੀ ਜਾਂ ਅਸਚਰਜਪੂਰਨ ਘਟਨਾ ਅਰੰਭ ਕੀਤੀ ਜਾਂਦੀ ਹੈ ਜੋ ਦਰਸ਼ਕਾਂ ਦੇ ਮਨ ਨੂੰ ਕੀਲ ਲੈਂਦੀ ਹੈ। ਬਾਕੀ ਦੀਆਂ ਘਟਨਾਵਾਂ ਵੀ ਤੇਜ਼ ਚਾਲ ਨਾਲ਼ ਇਕਾਂਗੀ ਨੂੰ ਸਿਖਰ ਵੱਲ ਲੈ ਜਾਂਦੀਆਂ ਹਨ। ਸਿਖਰ ਤੱਕ ਪਹੁੰਚ ਕੇ ਹੀ ਇਕਾਂਗੀ ਦਾ ਅੰਤ ਹੋ ਜਾਂਦਾ ਹੈ। ਇਕਾਂਗੀ ਸਿਖਰ 'ਤੇ ਪਹੁੰਚ ਕੇ ਵਿਸ਼ੇਸ਼ ਨਾਟਕੀ ਘਟਨਾ ਨੂੰ ਰੂਪਮਾਨ ਕਰਦਾ ਹੈ ਤੇ ਦਰਸ਼ਕਾਂ ਦੇ ਮਨ ਨੂੰ ਇੱਕ ਝਟਕੇ ਵਿੱਚ ਚਕਾਚੌਂਧ ਕਰ ਕੇ ਸਮਾਪਤ ਹੋ ਜਾਂਦਾ ਹੈ। ਇਕਾਂਗੀ ਦਾ ਅੰਤ ਬਹੁਅੰਗੀ ਨਾਟਕ ਵਾਂਗੂੰ ਸਪਸ਼ਟ ਤੇ ਵਿਆਖਿਆ-ਭਰਪੂਰ ਨਹੀਂ ਹੁੰਦਾ ਸਗੋਂ ਸੁਝਾਊ ਹੋ ਜਾਂਦਾ ਹੈ। ਸੁਝਾਊ ਤੋਂ ਭਾਵ ਹੈ ਉਹ ਅੰਤ ਜਿਸ ਦਾ ਦਰਸ਼ਕ ਆਪਣੀ ਸੂਝ ਅਨੁਸਾਰ ਅੰਦਾਜ਼ਾ ਕਰ ਲੈਣ। ਇਸ ਤਰ੍ਹਾਂ ਇਕਾਂਗੀ ਦੀ ਗੋਂਦ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ : ਅਰੰਭ, ਸਿਖਰ ਤੇ ਅੰਤ।

ਇਕਾਂਗੀ ਦੀ ਗੋਂਦ ਬੜੀ ਪੀਡੀ ਤੇ ਗੁੰਦਵੀਂ ਹੁੰਦੀ ਹੈ। ਕਥਾ-ਚਾਲ ਨਿਰੰਤਰ ਚੱਲਦੀ ਰਹਿੰਦੀ ਹੈ। ਅਧਵਾਟੇ ਕੋਈ ਪੜਾਅ ਨਹੀਂ ਆਉਂਦਾ ਸਗੋਂ ਅੰਤ 'ਤੇ ਇੱਕੋ ਹੀ ਪੜਾਅ ਆਉਂਦਾ ਹੈ। ਇਕਾਂਗੀ ਵਿੱਚ ਸਮੇਂ, ਸਥਾਨ ਤੇ ਕਾਰਜ ਇਹਨਾਂ ਤਿੰਨ ਏਕਤਾਵਾਂ ਨੂੰ ਵੀ ਕਈਆਂ ਆਲੋਚਕਾਂ ਨੇ ਜ਼ਰੂਰੀ ਅੰਗ ਮੰਨਿਆ ਹੈ। ਇਕਾਂਗੀ ਕਿਉਂਕਿ ਦਰਸ਼ਨੀ ਕਲਾ ਹੈ ਇਸ ਲਈ ਮਘਦੇ ਕਾਰਜ ਦੁਆਰਾ ਹੀ ਇਕਾਂਗੀ ਵਿੱਚ ਜਾਨ ਪੈ ਸਕਦੀ ਹੈ। ਚੁਸਤ ਵਾਰਤਾਲਾਪ ਪਾਤਰਾਂ ਦੀਆਂ ਹਰਕਤਾਂ ਤੇ ਭੱਜ-ਦੌੜ ਹੀ ਕਾਰਜ ਨੂੰ ਮਘਦਾ ਰੱਖਦੇ ਹਨ। ਇਹ ਕਾਰਜ ਸਰੀਰਿਕ ਵੀ ਹੋ ਸਕਦਾ ਹੈ ਤੇ ਮਾਨਸਿਕ ਵੀ।

### ਪਾਤਰ ਤੇ ਪਾਤਰ-ਚਿਤਰਨ :-

ਇਕਾਂਗੀ ਵਿੱਚ ਪਾਤਰਾਂ ਦੇ ਮਾਧਿਅਮ ਰਾਹੀਂ ਹੀ ਕਹਾਣੀ ਨੂੰ ਸਾਕਾਰ ਕੀਤਾ ਜਾਂਦਾ ਹੈ। ਪਾਤਰਾਂ ਦੁਆਰਾ ਹੀ ਕਥਾਨਕ ਨੂੰ ਯਥਾਰਿਥਕ ਰੰਗ ਚਾੜ੍ਹਿਆ ਜਾਂਦਾ ਹੈ। ਇਕਾਂਗੀਕਾਰ ਵੀ ਆਪਣੇ ਸੂਖਮ ਤੋਂ ਸੂਖਮ ਵਿਚਾਰਾਂ ਨੂੰ ਪਾਤਰਾਂ ਦੇ ਜ਼ਰੀਏ ਪ੍ਰਗਟ ਕਰਦਾ ਹੈ। ਇਸ ਲਈ ਪਾਤਰਾਂ ਦੀ ਘਾੜਤ ਬੜਾ ਮਹੱਤਵ ਰੱਖਦੀ ਹੈ।

ਪਾਤਰਾਂ ਦੀ ਗਿਣਤੀ ਬਹੁਤ ਸੀਮਿਤ ਹੁੰਦੀ ਹੈ। ਬੇਲੋੜੇ ਪਾਤਰਾਂ ਦੀ ਘੜਮੱਸ ਨਹੀਂ ਪਾਈ ਜਾਂਦੀ। ਇੱਕ ਹੀ ਮੁੱਖ ਪਾਤਰ ਹੁੰਦਾ ਹੈ ਤੇ ਬਾਕੀ ਦੇ ਗਿਣੇ-ਚੁਣੇ ਸਹਾਇਕ ਪਾਤਰ।

ਇਕਾਂਗੀ ਦੇ ਪਾਤਰ ਵਾਸਤਵਿਕ ਜਾਂ ਕਲਪਿਤ ਹੋ ਸਕਦੇ ਹਨ। ਪਾਤਰ ਸਥਿਤੀ ਦੇ ਅਨੁਕੂਲ ਹੁੰਦੇ ਹਨ। ਇਹ ਇਕਾਂਗੀਕਾਰ ਦੇ ਹੱਥਾਂ ਦੀ ਕਠਪੁਤਲੀ ਨਹੀਂ ਹੁੰਦੇ।

ਸ਼ਲਾਘਾਯੋਗ ਇਕਾਂਗੀਆਂ ਵਿੱਚ ਪਾਤਰ-ਉਸਾਰੀ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਉੱਤਮ ਢੰਗ ਨਾਲ਼ ਚਿਤਰਿਤ ਕੀਤੇ ਗਏ ਪਾਤਰ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ ਅਤੇ ਇਕਾਂਗੀ ਨੂੰ ਮਹਾਨ ਉਦੇਸ਼ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੇ ਹਨ। ਇਕਾਂਗੀ ਵਿੱਚ ਪਾਤਰਾਂ ਦੇ ਚਰਿੱਤਰ ਦਾ ਖੁੱਲ੍ਹਾ ਬਿਆਨ ਕਰਨਾ ਸੰਭਵ ਨਹੀਂ ਹੁੰਦਾ। ਇਸ ਲਈ ਇਕਾਂਗੀਕਾਰ ਸੰਕੇਤਾਂ, ਚਿੰਨ੍ਹਾਂ ਰਾਹੀਂ ਕਈ ਗੱਲਾਂ ਪੇਸ਼ ਕਰਦਾ ਹੈ। ਰੰਗ-ਮੰਚ ਉੱਤੇ ਪਾਤਰਾਂ ਦਾ ਪਹਿਰਾਵਾ, ਸਰੀਰਿਕ ਬਣਤਰ ਅਤੇ ਸ਼ਕਲ-ਸੂਰਤ ਆਦਿ ਤੋਂ ਦਰਸ਼ਕ ਉਹਨਾਂ ਦੇ ਚਰਿੱਤਰ ਬਾਰੇ ਕਈ ਗੱਲਾਂ ਝੱਟ ਹੀ ਸਮਝ ਜਾਂਦੇ ਹਨ। ਬਾਕੀ ਵਾਰਤਾਲਾਪ ਰਾਹੀਂ ਵੀ ਪਾਤਰ-ਉਸਾਰੀ ਕੀਤੀ ਜਾਂਦੀ ਹੈ। ਗੱਲ-ਬਾਤ ਅਤੇ ਭਾਸ਼ਾ ਤੋਂ ਉਹਨਾਂ ਦੇ ਨਿੱਜੀ ਜੀਵਨ ਦੀ ਝਲਕ ਮਿਲ਼ ਜਾਂਦੀ ਹੈ। ਕਾਰਜ ਰਾਹੀਂ ਵੀ ਪਾਤਰ ਦੇ ਗੁਣਾਂ ਤੇ ਔਗੁਣਾਂ ਉੱਤੇ ਚਾਨਣਾ ਪਾਇਆ ਜਾਂਦਾ ਹੈ। ਸਫਲ ਪਾਤਰ-ਉਸਾਰੀ ਦੀ ਨਿਸ਼ਾਨੀ ਇਹ ਹੈ ਕਿ ਭਿੰਨ-ਭਿੰਨ ਜੁਗਤੀਆਂ ਦੁਆਰਾ ਪਾਤਰਾਂ ਦੀ ਉਸਾਰੀ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਪਾਤਰ ਜਿਉਂਦੇ- ਜਾਗਦੇ, ਸਮਾਜ ਦਾ ਇੱਕ ਅੰਗ ਜਾਪਦੇ ਹਨ। ਇਕਾਂਗੀ ਵਿੱਚ ਇਹ ਉਸਾਰੀ ਦਾ ਕੰਮ ਥੋੜ੍ਹੀਆਂ ਕਲਾਤਮਿਕ ਛੂਹਾਂ ਨਾਲ਼ ਹੀ ਕੀਤਾ ਜਾਂਦਾ ਹੈ।

### ਵਾਰਤਾਲਾਪ :-

ਵਾਰਤਾਲਾਪ ਇਕਾਂਗੀ ਦੀ ਚਾਲ ਨੂੰ ਅੱਗੇ ਤੋਰਨ ਵਿੱਚ, ਪਾਤਰਾਂ ਦੀ ਉਸਾਰੀ ਵਿੱਚ , ਯੋਗ ਵਾਤਾਵਰਨ ਬਣਾਉਣ ਵਿੱਚ , ਸਥਾਨਿਕ ਰੰਗ ਭਰਨ ਵਿੱਚ ਤੇ ਘਟਨਾ ਵਿੱਚ ਸੁਭਾਵਿਕਤਾ ਲਿਆਉਣ ਵਿੱਚ ਸਹਾਇਕ ਸਿੱਧ ਹੁੰਦੀ ਹੈ।

ਵਾਰਤਾਲਾਪ ਵਿੱਚ ਸੰਜਮ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਛੋਟੇ-ਛੋਟੇ ਵਾਕ ਜੋ ਨਾਟਕੀ ਸੁਭਾਅ ਵਾਲ਼ੇ ਅਤੇ ਤੀਖਣ ਪ੍ਰਭਾਵ ਪਾਉਣ ਵਾਲ਼ੇ ਹੋਣ, ਵਰਤੇ ਜਾਂਦੇ ਹਨ। ਵਾਰਤਾਲਾਪ ਸਾਰਥਕ, ਫੁਰਤੀਲੀ ਤੇ ਚੁਸਤ ਹੁੰਦੀ ਹੈ। ਲੰਮੇ-ਲੰਮੇ ਵਾਕਾਂ ਤੇ ਬੇਲੋੜੇ ਸ਼ਬਦਾਂ ਦੀ ਭਰਮਾਰ ਪ੍ਰਭਾਵ ਦੀ ਏਕਤਾ ਨੂੰ ਭੰਗ ਕਰ ਦਿੰਦੀ ਹੈ। ਇਸ ਲਈ ਇਕਾਂਗੀ ਵਿੱਚ ਵਾਰਤਾਲਾਪ ਦਾ ਹਰ ਸ਼ਬਦ ਅਰਥ-ਭਰਪੂਰ ਤੇ ਪਾਤਰਾਂ ਦੇ ਸੁਭਾਅ ਅਨੁਕੂਲ, ਸੁਭਾਵਿਕ, ਉਚਿਤ, ਉਪਯੋਗੀ ਤੇ ਮੰਤਵ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ। ਹਰ ਸ਼ਬਦ ਗੇਂਦ ਨੂੰ ਅੱਗੇ ਲਿਜਾਣ ਵਿੱਚ ਮਦਦ ਕਰਦਾ ਹੈ। ਇਹ ਵਾਰਤਾਲਾਪ ਵਾਰਤਕ ਦਾ ਸੁੰਦਰ ਨਮੂਨਾ ਹੁੰਦਾ ਹੈ ਜਿਸ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ਼ ਕੀਤੀ ਜਾਂਦੀ ਹੈ।

### ਉਦੇਸ਼ :-

ਇਕਾਂਗੀ ਦਾ ਉਦੇਸ਼ ਕੇਵਲ ਸੁਹਜ ਦੀ ਤ੍ਰਿਪਤੀ ਵੀ ਹੋ ਸਕਦਾ ਹੈ ਅਤੇ ਕਲਾ ਨੂੰ ਜੀਵਨ ਲਈ ਉਪਯੋਗੀ ਬਣਾਉਣਾ ਵੀ ਹੋ ਸਕਦਾ ਹੈ। ਇਕਾਂਗੀ ਦੀ ਸਫਲਤਾ ਇਸੇ ਗੱਲ ਵਿੱਚ ਹੈ ਕਿ ਉਹ ਕਿਸੇ ਮਹਾਨ ਉਦੇਸ਼ ਦੀ ਪ੍ਰਾਪਤੀ ਵੱਲ ਅਗਰਸਰ ਹੁੰਦਾ ਹੋਵੇ। ਆਕਾਰ ਦੇ ਪੱਖੋਂ ਭਾਵੇਂ ਇਕਾਂਗੀ ਇੱਕ ਸੰਖੇਪ ਜਿਹਾ ਕਲਾ-ਰੂਪ ਹੀ ਕਿਉਂ ਨਾ ਹੋਵੇ ਪਰੰਤੂ ਇਸ ਵਿੱਚ ਅਵੱਸ਼ ਕੋਈ ਵੱਡਾ ਉਦੇਸ਼ ਸਮੋਇਆ ਹੁੰਦਾ ਹੈ ਜੋ ਦਰਸ਼ਕਾਂ ਦੇ ਮਨ ਉੱਤੇ ਸਦੀਵੀ ਪ੍ਰਭਾਵ ਪਾਉਂਦਾ ਹੈ। ਇਕਾਂਗੀਕਾਰ ਦੇ ਉਦੇਸ਼ ਰਚਨਾ ਵਿੱਚੋਂ ਅਪ੍ਰਤੱਖ ਰੂਪ ਵਿੱਚ ਉਜਾਗਰ ਹੁੰਦੇ ਹਨ। ਇੱਕ ਚੇਤੰਨ ਲੇਖਕ ਹੀ ਸਮੇਂ ਦੀ ਮੰਗ ਅਨੁਸਾਰ ਕਿਸੇ ਮਨੋਰਥ ਦੀ ਪ੍ਰਾਪਤੀ ਲਈ ਕੁਝ ਸਫਲ ਇਕਾਂਗੀ ਲਿਖ ਸਕਦਾ ਹੈ। ਜਿੰਨਾ ਲੇਖਕ ਦਾ ਅਨੁਭਵ ਤੇ ਗਿਆਨ ਵਿਸ਼ਾਲ ਹੋਵੇਗਾ, ਓਨਾ ਹੀ ਉਸ ਦੀ ਰਚਨਾ ਦਾ ਪ੍ਰਭਾਵ ਪੈਦਾ ਹੋਵੇਗਾ।

## ਰੰਗ-ਮੰਚ :-

ਇਕਾਂਗੀ ਕਿਉਂਕਿ ਦ੍ਰਿਸ਼-ਕਾਵਿ ਹੈ ਇਸ ਲਈ ਇਕਾਂਗੀ ਦੀ ਸਫ਼ਲਤਾ ਅਸਲ ਵਿੱਚ ਰੰਗ-ਮੰਚ ਉੱਤੇ ਪੇਸ਼ ਕਰਨ ਉਪਰੰਤ ਹੀ ਪਰਖੀ ਜਾ ਸਕਦੀ ਹੈ। ਸੂਝਵਾਨ ਇਕਾਂਗੀਕਾਰ ਰੰਗ-ਮੰਚ ਦੀ ਦ੍ਰਿਸ਼ਟੀ ਤੋਂ ਹੀ ਇਕਾਂਗੀ ਦੀ ਰਚਨਾ ਕਰਦਾ ਹੈ। ਉਹਨਾਂ ਘਟਨਾਵਾਂ ਜਾਂ ਦ੍ਰਿਸ਼ਾਂ ਦਾ ਉਲੇਖ ਠੀਕ ਨਹੀਂ ਹੁੰਦਾ ਜਿਨ੍ਹਾਂ ਨੂੰ ਰੰਗ-ਮੰਚ ਉੱਤੇ ਪੇਸ਼ ਕਰਨਾ ਅਸੰਭਵ ਹੁੰਦਾ ਹੈ। ਰੰਗ-ਮੰਚ ਉੱਤੇ ਰੋਸ਼ਨੀ ਤੇ ਅਵਾਜ਼ ਦਾ ਖ਼ਾਸ ਪ੍ਰਬੰਧ ਹੁੰਦਾ ਹੈ। ਰੰਗ-ਮੰਚ ਸਾਰੇ ਦਰਸ਼ਕਾਂ ਦੀ ਸਹੂਲਤ ਮੁਤਾਬਕ ਤਿਆਰ ਕੀਤਾ ਹੁੰਦਾ ਹੈ। ਰੰਗ-ਮੰਚ ਉੱਤੇ ਇਕਾਂਗੀ ਦੀ ਸਫਲਤਾ ਨਿਰਦੇਸ਼ਕ, ਸਟੇਜ-ਪ੍ਰਬੰਧਕ ਤੇ ਅਭਿਨੇਤਾ ਉੱਤੇ ਵੀ ਨਿਰਭਰ ਕਰਦੀ ਹੈ।

## ਪੰਜਾਬੀ ਵਿੱਚ ਇਕਾਂਗੀ :-

ਅਰੰਭਿਕ ਇਕਾਂਗੀਆਂ ਵਿੱਚ ਸਮਕਾਲੀ ਸਮਾਜਿਕ ਸਮੱਸਿਆਵਾਂ ਨੂੰ ਹੀ ਵਿਸ਼ਾ ਬਣਾਇਆ ਜਾਂਦਾ ਸੀ। ਪੰਜਾਬੀ ਇਕਾਂਗੀ ਦੇ ਪਿਤਾਮਾ ਪ੍ਰੋ. ਈਸ਼ਵਰ ਚੰਦਰ ਨੰਦਾ ਨੇ ਸਭ ਤੋਂ ਪਹਿਲਾਂ ਵਿਧਵਾ-ਵਿਆਹ, ਬਾਲ-ਵਿਆਹ, ਦਾਜ-ਪ੍ਰਥਾ ਵਰਗੀਆਂ ਸਮਾਜਿਕ ਸਮੱਸਿਆਵਾਂ ਨੂੰ ਬੜੀ ਸਫ਼ਲਤਾ ਨਾਲ਼ ਇਕਾਂਗੀ ਦੇ ਰਾਹੀਂ ਪ੍ਰਗਟ ਕੀਤਾ। ਇਸ ਲਈ ਆਈ.ਸੀ.ਨੰਦਾ ਦੇ 'ਦੁਲਹਨ', 'ਬੇਬੇ ਰਾਮ ਭਜਨੀ', 'ਚੋਰ ਕੌਣ' ਆਦਿ ਇਕਾਂਗੀ ਬਹੁਤ ਮਸ਼ਹੂਰ ਹੋਏ।

ਇਸੇ ਦੌਰ ਦੇ ਹੋਰ ਪ੍ਰਤਿਨਿਧ ਇਕਾਂਗੀਕਾਰ ਡਾ. ਹਰਚਰਨ ਸਿੰਘ, ਬਲਵੰਤ ਗਾਰਗੀ ਅਤੇ ਕਰਤਾਰ ਸਿੰਘ ਦੁੱਗਲ ਹਨ। ਸੰਤ ਸਿੰਘ ਸੇਖੋਂ, ਕਪੂਰ ਸਿੰਘ ਘੁੰਮਣ, ਡਾ. ਆਤਮਜੀਤ ਅਤੇ ਅਜਮੇਰ ਔਲਖ ਦੇ ਇਕਾਂਗੀ ਵੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ।

## ਔਖੇ ਸ਼ਬਦਾਂ ਦੇ ਅਰਥ :-

**ਰੂਪ-ਵਿਧਾ**- ਸਾਹਿਤਿਕ ਰੂਪ। **ਵਿਅਸਤ**- ਕੰਮ ਵਿੱਚ ਲੱਗਾ ਹੋਇਆ, ਰੁੱਝਿਆ, ਮਸਰੂਫ਼। **ਸਦ-ਉਪਯੋਗ**- ਉੱਤਮ ਵਰਤੋਂ। **ਉਪਲਬਧ**- ਪ੍ਰਾਪਤ। **ਆਧਾਰ-ਸ਼ਿਲਾ**- ਬੁਨਿਆਦ। **ਪੇਚੀਦਾ**- ਗੁੰਝਲ਼ਦਾਰ। **ਅਗਰਸਰ**- ਅੱਗੇ ਵਧਣਾ। **ਸਮਕਾਲੀ**- ਉਸੇ ਸਮੇਂ ਹੋਣ ਵਾਲ਼ਾ। **ਸੁਸੱਜਿਤ**-ਸਜਾਉਣਾ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ________ ਇਕਾਂਗੀ ਦਾ ਉਹ ਕੇਂਦਰੀ ਧੁਰਾ ਹੈ, ਜਿਸ ਦੁਆਲੇ ਸਮੁੱਚੇ ਤੱਤਾਂ ਦਾ ਤਾਣਾ-ਬਾਣਾ ਤਿਆਰ ਹੁੰਦਾ ਹੈ।
2. ਇਕਾਂਗੀ ਦੀ ਗੋਂਦ ________ ਹੁੰਦੀ ਹੈ।
3. ਇਕਾਂਗੀ ਵਿੱਚ ਪਾਤਰਾਂ ਦੀ ਗਿਣਤੀ________ ਹੁੰਦੀ ਹੈ।
4. ਇਕਾਂਗੀ________ਕਾਵਿ ਹੈ।
5. ਪਾਤਰ ਇਕਾਂਗੀਕਾਰ ਦੇ ਹੱਥਾਂ ਦੀ__________ਨਹੀਂ ਹੁੰਦੇ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ -:**

1. ਲੰਡਨ ਵਿੱਚ ਪਰਦਾ-ਉਠਾਊ ਰੂਪ ਵਿੱਚ ਕਿਹੜਾ ਇਕਾਂਗੀ ਪੇਸ਼ ਕੀਤਾ ਗਿਆ, ਜਿਸ ਨੂੰ ਵੇਖ ਕੇ ਲੋਕ ਅਸਲ ਨਾਟਕ ਵੇਖੇ ਬਿਨਾਂ ਹੀ ਵਾਪਸ ਪਰਤ ਗਏ?
2. ਇਕਾਂਗੀ ਦੀ ਗੋਂਦ ਨੂੰ ਕਿੰਨੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ?
3. ਇਕਾਂਗੀ ਦੀ ਵਾਰਤਾਲਾਪ ਦੇ ਦੋ ਗੁਣ ਦੱਸੋ।

4. ਇਕਾਂਗੀ ਵਿੱਚ ਵਾਰਤਾਲਾਪ ਦਾ ਹਰ ਸ਼ਬਦ ਕਿਸ ਨੂੰ ਅੱਗੇ ਲਿਜਾਣ ਵਿੱਚ ਮਦਦ ਕਰਦਾ ਹੈ?
5. ਰੰਗ-ਮੰਚ ਉੱਤੇ ਕਿਸ ਚੀਜ਼ ਦਾ ਖ਼ਾਸ ਪ੍ਰਬੰਧ ਹੁੰਦਾ ਹੈ?

**(ੲ) ਵਿਸਤਾਰ ਸਹਿਤ ਉੱਤਰ ਦਿਓ -**

1. ਇਕਾਂਗੀ ਨਾਟਕ ਕੀ ਹੁੰਦਾ ਹੈ? ਇਸ ਦਾ ਜਨਮ ਕਿਵੇਂ ਹੋਇਆ?
2. ਇਕਾਂਗੀ ਦੇ ਪ੍ਰਮੁੱਖ ਲੱਛਣ ਕਿਹੜੇ-ਕਿਹੜੇ ਹਨ?
3. ਇਕਾਂਗੀ ਦੇ ਬੁਨਿਆਦੀ ਤੱਤਾਂ ਬਾਰੇ ਵਰਨਣ ਕਰੋ।
4. ਤੁਹਾਡੀ ਪਾਠ-ਪੁਸਤਕ ਵਿੱਚ ਇਕਾਂਗੀ ਬਾਰੇ ਜੋ ਲੇਖ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਆਪਣੀ ਸਕੂਲ-ਲਾਇਬਰੇਰੀ ਵਿੱਚੋਂ ਕੋਈ 'ਇਕਾਂਗੀ-ਸੰਗ੍ਰਹਿ' ਲਓ। ਉਹਨਾਂ ਨੂੰ ਪੜ੍ਹੋ ਅਤੇ ਪਾਤਰਾਂ ਅਨੁਸਾਰ ਆਪਣੇ ਸਾਥੀਆਂ ਨੂੰ ਭੂਮਿਕਾ ਵੰਡੋ। ਰੰਗ-ਮੰਚ ਉੱਤੇ ਪੇਸ਼ਕਾਰੀ ਦਾ ਯਤਨ ਵੀ ਕਰੋ।**

# ਨਾਵਲ 4

ਨਾਵਲ ਆਧੁਨਿਕ ਕਾਲ ਦਾ ਪ੍ਰਮੁੱਖ ਸਾਹਿਤ-ਰੂਪ ਹੈ। ਇਸ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਵੀਹਵੀਂ ਸਦੀ ਵਿੱਚ ਜਨਮ ਧਾਰ ਕੇ ਵੀ ਇਹ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਗਿਆ ਹੈ। ਇਸ ਦੀ ਮੂਲ ਵਿਸ਼ੇਸ਼ਤਾ ਇਹ ਮੰਨੀ ਜਾ ਸਕਦੀ ਹੈ ਕਿ ਇਹ ਜੀਵਨ ਦੀ ਸਹਿਜ-ਸੁਭਾਵਿਕ ਢੰਗ ਨਾਲ਼ ਇਉਂ ਵਿਆਖਿਆ ਕਰਦਾ ਹੈ ਕਿ ਜ਼ਿੰਦਗੀ ਵਰਗਾ ਹੀ ਜਾਪਣ ਲੱਗ ਪੈਂਦਾ ਹੈ ਅਤੇ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਆਪਣੀ ਬੁੱਕਲ਼ ਵਿੱਚ ਲੈਂਦਾ ਪ੍ਰਤੀਤ ਹੁੰਦਾ ਹੈ।

'ਨਾਵਲ' ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Novel ਦਾ ਸਮਾਨਾਰਥੀ ਹੈ ਜਿਸ ਦੀ ਸਿਰਜਣਾ ਲਾਤੀਨੀ ਭਾਸ਼ਾ ਦੇ ਸ਼ਬਦ Novella ਤੋਂ ਹੋਈ ਹੈ ਜੋ ਸੱਚੀ ਜਾਂ ਤਾਜ਼ਾ ਬੀਤੀ ਘਟਨਾ ਦੇ ਬਿਆਨ ਦਾ ਅਰਥ ਦਿੰਦਾ ਹੈ। ਕੁਝ ਚਿੰਤਕ Novella ਤੋਂ ਭਾਵ ਨਵਾਂ ਤੋਂ ਵੀ ਲੈਂਦੇ ਹਨ ਅਤੇ ਦਲੀਲ ਦੇਂਦੇ ਹਨ ਕਿ ਨਵਾਂ ਸਾਹਿਤ-ਰੂਪ ਹੋਣ ਕਰਕੇ ਇਸ ਨੂੰ 'ਨੋਵੇਲਾ' ਕਿਹਾ ਗਿਆ। ਖ਼ੈਰ ਨਾਵਲ ਤੋਂ ਭਾਵ ਅਜਿਹੇ ਰੂਪ ਤੋਂ ਹੀ ਮੰਨਣਾ ਜਾਇਜ਼ ਹੈ ਜੋ ਵਿਸ਼ੇਸ਼ ਰੂਪ ਵਿੱਚ ਪਾਤਰ ਦੀ ਜ਼ਿੰਦਗੀ ਦੀਆਂ ਅਨੇਕ ਘਟਨਾਵਾਂ ਦੀ ਵਿਆਖਿਆ ਜ਼ਿੰਦਗੀ ਦੇ ਪ੍ਰਸੰਗ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਵਲ ਦੀ ਇਸ ਵਿਆਪਕਤਾ ਕਰਕੇ ਹੀ ਇਸ ਵਿੱਚ ਸਮਾਜਿਕ, ਰਾਜਨੀਤਿਕ, ਇਤਿਹਾਸਿਕ, ਸੱਭਿਆਚਾਰਿਕ, ਤਕਨੀਕੀ, ਮਨੋਵਿਗਿਆਨਿਕ ਆਦਿ ਸਭ ਕਿਸਮ ਦੇ ਵਿਸ਼ੇ ਆ ਜਾਂਦੇ ਹਨ।

### ਪਰਿਭਾਸ਼ਾ -

ਨਾਵਲ ਸਾਹਿਤ ਦਾ ਉਹ ਗੱਦ-ਰੂਪ ਹੈ ਜਿਸ ਵਿੱਚ ਘਟਨਾ ਜਾਂ ਘਟਨਾਵਾਂ ਦਾ ਵਿਓਂਤਬੱਧ ਬਿਆਨ ਹੁੰਦਾ ਹੈ ਜਿਹੜੀਆਂ ਇੱਕ ਜਾਂ ਕਈ ਪਾਤਰਾਂ ਨਾਲ਼ ਵਾਪਰੀਆਂ ਹੋਈਆਂ ਹੁੰਦੀਆਂ ਹਨ। ਅੰਗਰੇਜ਼ੀ ਦੇ ਨਾਵਲਕਾਰ ਵਾਲਟਰ ਸਕਾਟ ਨੇ ਕਿਹਾ ਹੈ ਕਿ ਨਾਵਲ ਇੱਕ ਅਜਿਹਾ ਰੋਜ਼ਨਾਮਚਾ ਹੈ ਜਿਸ ਵਿੱਚ ਸਾਡੀਆਂ ਗੱਲਾਂ ਦਾ ਜ਼ਿਕਰ ਹੋਵੇ ਅਤੇ ਪਾਤਰ ਅਜਿਹੇ ਹੋਣ ਜਿਨ੍ਹਾਂ ਨੂੰ ਅਸੀਂ ਹਰੇਕ ਗਲ਼ੀ ਦੇ ਮੋੜ 'ਤੇ ਦੇਖ ਸਕੀਏ। ਰਾਲਫ਼ ਫ਼ਾਕਸ ਦਾ ਵਿਚਾਰ ਹੈ ਕਿ ਨਾਵਲ ਕਲਪਨਾ-ਪ੍ਰਧਾਨ ਗੱਦ ਹੀ ਨਹੀਂ ਹੁੰਦਾ ਸਗੋਂ ਉਹ ਮਾਨਵ-ਜੀਵਨ ਦਾ ਗੱਦ ਹੈ। ਉਹ ਪਹਿਲੀ ਕਲਾ ਹੈ ਜਿਸ ਵਿੱਚ ਸੰਪੂਰਨ ਮਨੁੱਖ ਨੂੰ ਸਮਾਉਣ ਅਤੇ ਉਸ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਜਾਂਦਾ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਨਾਵਲ ਨੂੰ ਗੱਦ-ਬਿਰਤਾਂਤ ਵਿੱਚ ਕਿਸੇ ਵਿਸ਼ੇਸ਼ ਘਟਨਾ-ਪ੍ਰਬੰਧ ਨੂੰ ਵਿਆਪਕ ਰੂਪ ਦੇਣ ਦੀ ਕਲਾ ਕਿਹਾ ਹੈ। ਹਿੰਦੀ ਦੇ ਪ੍ਰਸਿੱਧ ਨਾਵਲਕਾਰ ਮੁਨਸ਼ੀ ਪ੍ਰੇਮ ਚੰਦ ਦਾ ਵਿਚਾਰ ਹੈ," ਮੈਂ ਉਪਨਿਆਸ ਨੂੰ ਮਾਨਵ-ਚਰਿੱਤਰ ਦਾ ਚਿੱਤਰ-ਮਾਤਰ ਸਮਝਦਾ ਹਾਂ। ਮਾਨਵ-ਚਰਿੱਤਰ ਉੱਤੇ ਪ੍ਰਕਾਸ਼ ਪਾਉਣਾ ਅਤੇ ਉਸ ਦੇ ਰਹੱਸਾਂ ਨੂੰ ਖੋਲ੍ਹਣਾ ਹੀ ਉਪਨਿਆਸ ਦਾ ਮੂਲ ਤੱਤ ਹੈ।"

### ਨਾਵਲ ਦੇ ਤੱਤ

ਕੋਈ ਵੀ ਸਾਹਿਤ-ਰੂਪ ਭਿੰਨ-ਭਿੰਨ ਤੱਤਾਂ ਦੇ ਸੁਮੇਲ ਰਾਹੀਂ ਹੀ ਹੋਂਦ ਧਾਰਨ ਕਰਦਾ ਹੈ। ਇਹ ਤੱਤ ਸਮੁੱਚੇ ਤੌਰ 'ਤੇ ਸਾਹਿਤ ਦੀ ਅਜਿਹੀ ਕਿਰਤ ਸਿਰਜਦੇ ਹਨ ਜਿਸ ਰਾਹੀਂ ਵਿਚਾਰਾਂ ਦਾ ਪ੍ਰਗਟਾਅ ਸੰਭਵ ਹੁੰਦਾ ਹੈ ਅਤੇ ਕਿਰਤ ਸਾਹਿਤਿਕ ਅਰਥ ਗ੍ਰਹਿਣ ਕਰਦੀ ਹੈ। ਨਾਵਲ ਦੇ ਪ੍ਰਮੁੱਖ ਤੱਤ ਇਹ ਹਨ :-

## ਕਥਾਨਕ :

ਕਥਾਨਕ ਨਾਵਲ ਦਾ ਪਹਿਲਾ ਤੇ ਮਹੱਤਵਪੂਰਨ ਤੱਤ ਹੈ। ਇਸ ਨੂੰ ਗੋਂਦ ਤੇ ਪਲਾਟ ਵੀ ਕਿਹਾ ਜਾਂਦਾ ਹੈ। ਨਾਵਲਕਾਰ ਕਥਾਨਕ ਰਾਹੀਂ ਹੀ ਆਪਣੇ ਸਮੁੱਚੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਥਾਨਕ ਅੰਦਰ ਪਹਿਲਾਂ ਨਾਵਲਕਾਰ ਘਟਨਾਵਾਂ ਚੁਣ ਕੇ ਨਾਵਲੀ ਗੁੰਝਲ਼ਾਂ ਦੀ ਸਿਰਜਣਾ ਕਰਦਾ ਹੈ ਅਤੇ ਬਾਅਦ ਵਿੱਚ ਗੁੰਝਲ਼ ਨੂੰ ਸੁਲਝਾਉਂਦਾ ਹੋਇਆ ਨਾਵਲ ਦਾ ਵਿਸਤਾਰ ਕਰਦਾ ਹੈ। ਇਸ ਅੰਦਰ ਹਰ ਇੱਕ ਗੱਲ ਨੂੰ ਕਾਰਜ ਕਰਨ ਦੇ ਪ੍ਰਸੰਗ ਵਿੱਚ ਨੇਪਰੇ ਚਾੜ੍ਹਿਆ ਜਾਂਦਾ ਹੈ, ਜਿਵੇਂ ਇੱਕ ਮਾਲੀ ਵੱਖ-ਵੱਖ ਕਿਆਰੀਆਂ ਵਿੱਚੋਂ ਰੰਗ-ਬਰੰਗੇ ਫੁੱਲ ਚੁਣ ਕੇ ਗੁਲਦਸਤਾ ਤਿਆਰ ਕਰਦਾ ਹੈ, ਉਸੇ ਤਰ੍ਹਾਂ ਇੱਕ ਨਾਵਲਕਾਰ ਜੀਵਨ ਵਿੱਚੋਂ ਵੱਖ-ਵੱਖ ਘਟਨਾਵਾਂ ਚੁਣ ਕੇ ਇੱਕ ਕਥਾਨਕ ਜਾਂ ਪਲਾਟ ਬਣਾਉਂਦਾ ਹੈ। ਕਥਾਨਕ ਦੀ ਵਿਆਖਿਆ ਕਰਦਾ ਹੋਇਆ ਈ. ਐਮ. ਫ਼ੋਰਸਟਰ ਲਿਖਦਾ ਹੈ ਕਿ 'ਰਾਜਾ ਮਰ ਗਿਆ ਰਾਣੀ ਮਰ ਗਈ' ਸਧਾਰਨ ਕਥਾ ਹੈ ਪਰ "ਰਾਜਾ ਮਰ ਗਿਆ ਫਿਰ ਉਹਦੇ ਦੁੱਖ ਵਿੱਚ ਰਾਣੀ ਮਰ ਗਈ," ਇਹ ਕਥਾਨਕ ਹੈ, ਜਿਸ ਵਿੱਚ ਨਾ ਕੇਵਲ ਕਥਾ ਵਾਲ਼ੀ ਤਰਤੀਬ ਹੀ ਕਾਇਮ ਰਹਿੰਦੀ ਹੈ ਸਗੋਂ ਉਸ ਦੀ ਕਾਰਨ-ਕਾਰਜ ਨਾਲ਼ ਵਿਆਖਿਆ ਵੀ ਪੇਸ਼ ਕੀਤੀ ਜਾਂਦੀ ਹੈ ਪਰ ਆਧੁਨਿਕ ਵਿਦਵਾਨ ਇਸ ਤਰ੍ਹਾਂ ਦੇ ਸੰਬੰਧਾਂ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ।

ਗੋਂਦ ਜਾਂ ਕਥਾਨਕ ਨੂੰ ਤਿਆਰ ਕਰਨ ਲਈ ਕੋਈ ਖ਼ਾਸ ਨਿਯਮ ਪੇਸ਼ ਨਹੀਂ ਕੀਤਾ ਜਾ ਸਕਦਾ ਸਗੋਂ ਜਿਵੇਂ-ਜਿਵੇਂ ਘਟਨਾਵਾਂ ਦੀ ਲੜੀ ਚੱਲਦੀ ਰਹਿੰਦੀ ਹੈ, ਕਥਾਨਕ ਦੀ ਸਿਰਜਣਾ ਹੁੰਦੀ ਰਹਿੰਦੀ ਹੈ। ਇਸ ਵਿੱਚ ਲੇਖਕ ਵਿਕੋਲਿਤਰੀਆਂ ਘਟਨਾਵਾਂ ਅਨਿਯਮਿਤ ਢੰਗ ਨਾਲ਼ ਨਹੀਂ ਜੋੜਦਾ-ਤੋੜਦਾ ਸਗੋਂ ਫੁੱਲਾਂ ਦਾ ਹਾਰ ਪਰੋਣ ਵਾਂਗ ਇੱਕ ਤਰਤੀਬ ਦਿੰਦਾ ਹੈ ਤਾਂਕਿ ਉਹ ਵਿਸ਼ੇਸ਼ ਲੜੀ ਅਧੀਨ ਜੁੜ ਕੇ ਹਾਰ ਵਾਂਗ ਖ਼ੂਬਸੂਰਤੀ ਪ੍ਰਦਾਨ ਕਰ ਸਕਣ। ਅੱਜ-ਕੱਲ੍ਹ ਦੇ ਜ਼ਿਆਦਾ ਵਿਦਵਾਨ ਭਾਵੇਂ ਪਲਾਟ ਦੇ ਮਹੱਤਵ ਨੂੰ ਨਕਾਰਦੇ ਹੋਏ ਵਿਚਾਰ ਪੇਸ਼ ਕਰਦੇ ਹਨ ਕਿ ਸਾਹਿਤ ਜੀਵਨ ਦਾ ਦਰਪਣ ਹੈ, ਜਿਸ ਪ੍ਰਕਾਰ ਜੀਵਨ ਵਿੱਚ ਘਟਨਾਵਾਂ ਉੱਘੜ-ਦੁੱਘੜੇ ਰੂਪ ਵਿੱਚ ਵਾਪਰਦੀਆਂ ਹਨ ਅਤੇ ਉਹਨਾਂ ਦੀ ਕੋਈ ਵਿਸ਼ੇਸ਼ ਤਰਤੀਬ ਨਹੀਂ ਹੁੰਦੀ, ਉਸੇ ਪ੍ਰਕਾਰ ਨਾਵਲ ਦੀਆਂ ਸਮੁੱਚੀਆਂ ਘਟਨਾਵਾਂ ਨੂੰ ਮਕੈਨਕੀ ਢੰਗ ਨਾਲ਼ ਜੋੜਨਾ ਠੀਕ ਪ੍ਰਤੀਤ ਹੁੰਦਾ ਹੈ ਪਰ ਇਸ ਦਲੀਲ ਨੂੰ ਵਿਗਿਆਨਿਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸਾਹਿਤ ਭਾਵੇਂ ਸਮਾਜ ਦਾ ਸ਼ੀਸ਼ਾ ਹੀ ਹੈ ਪਰ ਇਸ ਵਿੱਚ ਕਲਾਕਾਰ ਦੀ ਆਪਣੀ ਪ੍ਰਤਿਭਾ ਵੀ ਸ਼ਾਮਲ ਹੁੰਦੀ ਹੈ। ਲੇਖਕ ਸਾਡੇ ਜੀਵਨ ਦੀਆਂ ਘਟਨਾਵਾਂ ਤੋਂ ਪ੍ਰੇਰਨਾ ਲੈ ਕੇ 'ਜੀਵਨ ਵਰਗਾ' ਨਾਵਲ ਲਿਖਦਾ ਹੈ ਜਿਸ ਵਿੱਚ ਉਹ ਆਪਣੀ ਕਲਾਤਮਿਕ ਚੋਣ ਨਾਲ਼ ਘਟਨਾਵਾਂ ਦੀ ਸਿਰਜਣਾ ਕਰਦਾ ਹੈ। ਇਸ ਕਰਕੇ ਕਥਾਨਕ ਦੇ ਮਹੱਤਵ ਨੂੰ ਨਕਾਰਨਾ ਯੋਗ ਨਹੀਂ ਸਗੋਂ ਕਥਾਨਕ ਦੀ ਨਾਵਲ ਵਿੱਚ ਵਿਸ਼ੇਸ਼ ਮਹੱਤਤਾ ਹੁੰਦੀ ਹੈ।

## ਪਾਤਰ-ਉਸਾਰੀ :

ਕਥਾਨਕ ਤੋਂ ਬਾਅਦ ਪਾਤਰ-ਉਸਾਰੀ ਨਾਵਲ ਦਾ ਦੂਜਾ ਮਹੱਤਵਪੂਰਨ ਤੱਤ ਹੈ। ਅਸਲ ਵਿੱਚ ਨਾਵਲਕਾਰ ਕਥਾਨਕ ਦੀ ਸਿਰਜਣਾ ਕੇਵਲ ਬਿਆਨਾਂ ਰਾਹੀਂ ਨਹੀਂ ਕਰਦਾ ਸਗੋਂ ਕਥਾਨਕ ਦੀ ਪੇਸ਼ਕਾਰੀ ਪਾਤਰਾਂ ਰਾਹੀਂ ਸੰਭਵ ਹੁੰਦੀ ਹੈ। ਸੋ ਪਾਤਰ-ਉਸਾਰੀ ਉਹ ਕਲਾਤਮਿਕ ਵਿਧੀ ਹੈ ਜੋ ਅਮੂਰਤ ਕਥਾਨਕ ਨੂੰ ਸਮੂਰਤ ਰੂਪ ਪ੍ਰਦਾਨ ਕਰਦੀ ਹੈ। ਇਸ ਪ੍ਰਕਾਰ ਪਾਤਰ-ਉਸਾਰੀ ਨਾਵਲ ਦਾ ਮਹੱਤਵਪੂਰਨ ਤੱਤ ਹੈ।

ਪਾਤਰ-ਉਸਾਰੀ ਕਰਨ ਸਮੇਂ ਲੇਖਕ ਨੂੰ ਬੜਾ ਸੁਚੇਤ ਰਹਿਣ ਦੀ ਜ਼ਰੂਰਤ ਹੁੰਦੀ ਹੈ ਅਤੇ ਉਸ ਨੂੰ ਕਾਫ਼ੀ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ, ਜਿਵੇਂ ਕਿ ਨਾਵਲਕਾਰ ਪਾਤਰਾਂ ਨੂੰ ਆਪਣੀ ਕਲਪਨਾ ਰਾਹੀਂ ਸਜੀਵ ਸਰੂਪ ਦੇ ਸਕਿਆ ਹੈ ਕਿ ਨਹੀਂ। ਕੀ ਉਹ ਸਾਰੇ ਪਾਤਰ ਆਪਣੇ ਵਿਵਹਾਰ ਰਾਹੀਂ ਅਸਲੀ ਜ਼ਿੰਦਗੀ ਦਾ ਪਰਤੌਅ ਸਿਰਜਦੇ ਜਾਪਦੇ ਹਨ ਜਾਂ ਕਿਸੇ ਜਗਤ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਕਰਦੇ ਹਨ? ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਅੰਦਰ ਰੱਖ ਕੇ ਹੀ ਪਾਤਰ-ਉਸਾਰੀ ਸੰਭਵ ਹੁੰਦੀ ਹੈ। ਨਾਵਲਕਾਰ ਓਨਾ ਹੀ ਮਹਾਨ ਹੋਵੇਗਾ ਜਿੰਨੀ ਸਫਲ ਉਹ ਪਾਤਰ-ਉਸਾਰੀ ਕਰ ਸਕੇਗਾ। ਇਸੇ ਕਰਕੇ ਹੀ ਅੰਗਰੇਜ਼ੀ ਦੇ ਆਲੋਚਕ ਹਡਸਨ ਨੇ ਲਿਖਿਆ ਹੈ ਕਿ ਅਸੀਂ ਪਾਤਰਾਂ ਨੂੰ ਜਾਣਦੇ ਹਾਂ, ਉਹਨਾਂ 'ਤੇ ਵਿਸ਼ਵਾਸ ਕਰਦੇ ਹਾਂ ਅਤੇ ਨਾਵਲ ਦੀਆਂ ਸਾਰੀਆਂ ਘਟਨਾਵਾਂ ਨੂੰ ਆਪਣੇ ਨੇੜੇ ਲਿਆ ਕੇ ਇਸ ਤਰ੍ਹਾਂ ਮਹਿਸੂਸ ਕਰਦੇ ਹਾਂ ਜਿਵੇਂਕਿ ਉਹ ਲਹੂ-ਮਾਸ ਦੇ ਬਣੇ ਮਨੁੱਖਾਂ ਨਾਲ਼ ਵਾਪਰ ਰਹੀਆਂ ਹੋਣ। ਸੋ, ਉਪਰੋਕਤ ਪ੍ਰਸੰਗ ਦੇ ਆਧਾਰ' ਤੇ ਕਿਹਾ ਜਾਂਦਾ ਹੈ ਕਿ

ਨਾਵਲਕਾਰ ਨੂੰ ਅਜਿਹੇ ਪਾਤਰਾਂ ਦੀ ਸਿਰਜਣਾ ਕਰਨੀ ਚਾਹੀਦੀ ਹੈ ਜੋ ਸਾਡੀ ਵਿਹਾਰਿਕ ਜ਼ਿੰਦਗੀ ਦੇ ਏਨੇ ਨੇੜੇ ਹੋਣ ਕਿ ਸਾਨੂੰ ਜ਼ਿੰਦਗੀ ਵਰਗੀ ਝਲਕ ਪੇਸ਼ ਕਰਨ ਦੇ ਸਮੱਰਥ ਹੋਣ। ਆਲੋਚਕ ਨਾਵਲਾਂ ਵਿੱਚ ਦੋ ਪ੍ਰਕਾਰ ਦੇ ਪਾਤਰਾਂ ਦਾ ਜ਼ਿਕਰ ਕਰਦੇ ਹਨ- ਪਹਿਲਾ ਗੋਲ਼ ਪਾਤਰ ਅਤੇ ਦੂਜਾ ਚਪਟਾ ਪਾਤਰ। ਗੋਲ਼ ਪਾਤਰ ਅਜਿਹੇ ਪਾਤਰ ਹੁੰਦੇ ਹਨ ਜੋ ਸਥਿਤੀਆਂ, ਪਰਿਸਥਿਤਿਆਂ ਅਨੁਸਾਰ ਬਦਲਦੇ ਰਹਿੰਦੇ ਹਨ ਜਦਕਿ ਚਪਟੇ ਪਾਤਰ ਉਹ ਪਾਤਰ ਹੁੰਦੇ ਹਨ ਜੋ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇੱਕੋ ਸਰੂਪ ਅਖਤਿਆਰ ਕਰੀ ਰੱਖਦੇ ਹਨ।

ਇਸ ਪ੍ਰਕਾਰ ਕਿਸੇ ਵੀ ਨਾਵਲ ਵਿੱਚ ਪਾਤਰ-ਉਸਾਰੀ ਪ੍ਰਮੁੱਖ ਸਥਾਨ ਰੱਖਦੀ ਹੈ। ਲੇਖਕ ਪਾਤਰਾਂ ਦੀ ਸਹਾਇਤਾ ਨਾਲ਼ ਨਾ ਕੇਵਲ ਨਾਵਲ ਦੀ ਕਥਾ-ਵਸਤੂ ਦਾ ਵਿਸਤਾਰ ਕਰਦਾ ਹੈ ਸਗੋਂ ਨਾਵਲ ਦੇ ਬਿਰਤਾਂਤ ਨੂੰ ਯਥਾਰਥਿਕ ਸਰੂਪ ਵੀ ਪ੍ਰਦਾਨ ਕਰਦਾ ਹੈ। ਜਦੋਂ ਪਾਤਰ ਆਪਣੇ ਕਾਰਜਾਂ ਰਾਹੀਂ ਬਿਰਤਾਂਤ ਦੀ ਸਿਰਜਣਾ ਕਰਦੇ ਹਨ ਤਾਂ ਪਾਠਕਾਂ ਨੂੰ ਉਹ ਯਥਾਰਥਿਕ ਪ੍ਰਤੀਤ ਹੁੰਦੇ ਹਨ।

### ਵਾਰਤਾਲਾਪ :-

ਵਾਰਤਾਲਾਪ ਨਾਵਲ ਦਾ ਅਗਲੇਰਾ ਤੱਤ ਹੈ। ਭਾਵੇਂ ਨਾਵਲ ਵਿੱਚ ਵਾਰਤਾਲਾਪ ਦੀ ਮਹੱਤਤਾ ਨਾਟਕ ਜਿੰਨੀ ਨਹੀਂ ਹੁੰਦੀ ਫਿਰ ਵੀ ਵਾਰਤਾਲਾਪ ਦੀ ਸਾਰਥਿਕਤਾ ਨੂੰ ਨਾਵਲ ਵਿੱਚੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਨਾਵਲ ਵਿੱਚ ਵਾਰਤਾਲਾਪ ਪਾਤਰ-ਉਸਾਰੀ ਕਰਨ ਅਤੇ ਕਥਾਨਕ ਨੂੰ ਸਿਰਜਣ ਵਿੱਚ ਪ੍ਰਮੁੱਖ ਰੋਲ ਅਦਾ ਕਰਦੇ ਹਨ। ਲੇਖਕ ਪਾਤਰਾਂ ਦੀ ਵਿਸ਼ੇਸ਼ ਮਾਨਸਿਕ ਸਥਿਤੀ ਦੀ ਅਭਿਵਿਅਕਤੀ ਵਾਰਤਾਲਾਪ ਰਾਹੀਂ ਹੀ ਕਰਦਾ ਹੈ ਜਿਸ ਕਰਕੇ ਵਾਰਤਾਲਾਪ ਪਾਤਰਾਂ ਦੇ ਵਿਸ਼ੇਸ਼ੀਕਰਨ ਦਾ ਪ੍ਰਮੁੱਖ ਹਥਿਆਰ ਹੋ ਨਿੱਬੜਦੇ ਹਨ। ਇੱਕ ਚਿੰਤਕ ਨੇ ਵਾਰਤਾਲਾਪ ਦੇ ਗੁਣਾਂ ਵਿੱਚ ਸੰਖੇਪਤਾ, ਸੁਭਾਵਿਕਤਾ ਅਤੇ ਨਾਟਕੀਅਤਾ ਦੀ ਚਰਚਾ ਕੀਤੀ ਹੈ ਜੋ ਇੱਕ ਪਾਸੇ ਵਾਰਤਾਲਾਪਾਂ ਦੀ ਰੋਚਕਤਾ ਨੂੰ ਵਧਾਉਂਦੇ ਹਨ ਅਤੇ ਦੂਜੇ ਪਾਸੇ ਨਾਵਲ ਦੇ ਗਲਪ-ਸੰਸਾਰ ਨੂੰ ਸਿਰਜਣ ਦੇ ਸਮਰੱਥ ਕਰਦੇ ਹਨ। ਵਾਰਤਾਲਾਪ ਹਮੇਸ਼ਾਂ ਸਥਾਨ ਤੇ ਪਾਤਰਾਂ ਦੇ ਸੁਭਾਵਾਂ ਅਨੁਸਾਰ ਹੀ ਹੁੰਦੀ ਹੈ। ਪਾਤਰ ਆਪਣੇ ਵਿਸ਼ੇਸ਼ ਖੇਤਰ, ਕਿੱਤੇ ਅਤੇ ਵਿੱਦਿਅਕ ਯੋਗਤਾ ਆਦਿ ਦੇ ਅਨੁਸਾਰ ਗੱਲ-ਬਾਤ ਕਰਦੇ ਹਨ।

### ਸਥਾਨਿਕ ਰੰਗਣ :

ਸਥਾਨਿਕ ਰੰਗਣ ਨਾਵਲ ਦਾ ਜ਼ਰੂਰੀ ਗੁਣ ਹੈ। ਨਾਵਲਕਾਰ ਆਪਣੀ ਰਚਨਾ ਸਮੇਂ ਸਮੁੱਚੇ ਬਿਰਤਾਂਤ ਦੀ ਸਿਰਜਣਾ ਵਿਸ਼ੇਸ਼ ਭੂ-ਖੰਡ ਦੇ ਲੋਕਾਂ ਦੇ ਜੀਵਨ ਉੱਪਰ ਆਧਾਰਿਤ ਹੀ ਕਰਦਾ ਹੈ। ਲੋਕਾਂ ਦੇ ਸੁਭਾਅ ਦਾ ਕਿਉਂਕਿ ਵਿਸ਼ੇਸ਼ ਖਿੱਤੇ ਦੀ ਜੀਵਨ-ਜਾਚ, ਰਹਿਣ-ਸਹਿਣ, ਆਚਾਰ-ਵਿਹਾਰ ਆਦਿ ਨਾਲ਼ ਨਹੁੰ-ਮਾਸ ਦਾ ਰਿਸ਼ਤਾ ਹੁੰਦਾ ਹੈ ਜਿਸ ਕਰਕੇ ਸਥਾਨਿਕ ਰੰਗਣ ਨਾਵਲ ਵਿੱਚ ਪ੍ਰਮੁੱਖ ਸਥਾਨ ਹਾਸਲ ਕਰ ਲੈਂਦੀ ਹੈ। ਸਥਾਨਿਕ ਰੰਗਣ ਦੀ ਮਹੱਤਤਾ ਇਸ ਕਰਕੇ ਹੋਰ ਵੀ ਵਧੇਰੇ ਹੋ ਜਾਂਦੀ ਹੈ ਕਿ ਇਸ ਨਾਲ਼ ਨਾ ਕੇਵਲ ਦਿਲਚਸਪੀ ਅਤੇ ਰੋਚਕਤਾ ਵਧਦੀ ਹੈ ਸਗੋਂ ਪਾਠਕ ਦੀ ਆਮ ਵਾਕਫ਼ੀ ਵਿੱਚ ਵੀ ਵਾਧਾ ਹੁੰਦਾ ਹੈ, ਜਿਸ ਰਾਹੀਂ ਉਸ ਦੇ ਅਨੁਭਵ ਦੀ ਵਿਸ਼ਾਲਤਾ ਸੰਭਵ ਹੁੰਦੀ ਹੈ। ਸੋ, ਸਥਾਨਿਕ ਰੰਗਣ ਨਾਵਲ ਦਾ ਪ੍ਰਮੁੱਖ ਅੰਗ ਹੋ ਨਿੱਬੜਦੀ ਹੈ ਪਰ ਇਸ ਦਾ ਇਹ ਭਾਵ ਨਹੀਂ ਕਿ ਨਾਵਲ ਵਿੱਚ ਨਾਵਲਕਾਰ ਕੇਵਲ ਦ੍ਰਿਸ਼ਟਾਂਤਿਕ ਵੇਰਵੇ ਦੇ ਕੇ ਸਿਰਫ਼ ਸਥਾਨਿਕ ਵਸਤੂਆਂ ਦਾ ਚਿਤਰਨ ਕਰਦਾ ਰਹੇ। ਅਜਿਹੀ ਰੁਚੀ ਜਾਇਜ਼ ਨਹੀਂ ਕਿਉਂਕਿ ਇਸ ਨਾਲ਼ ਨਾ ਕੇਵਲ ਨਾਵਲ ਦੀ ਸਾਰਥਕਤਾ ਨੂੰ ਠੇਸ ਪਹੁੰਚਦੀ ਹੈ ਸਗੋਂ ਪਾਠਕ ਅਕੇਵਾਂ ਵੀ ਮਹਿਸੂਸ ਕਰਦੇ ਹਨ। ਪਰ ਲੋੜ ਮੁਤਾਬਕ ਸਥਾਨਿਕ ਰੰਗਣ ਦਾ ਚਿਤਰਨ ਨਾਵਲ ਦੀ ਗਲਪੀ ਸਾਰਥਕਤਾ ਨੂੰ ਉਜਾਗਰ ਕਰਦਾ ਹੈ ਅਤੇ ਉਸ ਨੂੰ ਰੋਚਕ ਬਣਾਉਂਦਾ ਹੈ।

### ਭਾਸ਼ਾ :-

ਸਾਹਿਤ-ਰਚਨਾ ਇੱਕ ਸ਼ਾਬਦਿਕ ਕਲਾ ਹੈ ਜਿਸ ਕਰਕੇ ਨਾਵਲ ਦੀ ਰਚਨਾ ਵੀ ਸ਼ਬਦਾਂ ਦੇ ਸੁਯੋਗ ਸੁਮੇਲ ਰਾਹੀਂ ਹੀ ਸੰਭਵ ਹੁੰਦੀ ਹੈ। ਨਾਵਲ ਵਿੱਚ ਵਰਤੀ ਜਾਣ ਵਾਲ਼ੀ ਭਾਸ਼ਾ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਪਾਤਰਾਂ ਦੁਆਰਾ ਬੋਲੀ ਜਾਣ ਵਾਲ਼ੀ ਭਾਸ਼ਾ, ਦੂਜੀ-ਨਾਵਲਕਾਰ ਵੱਲੋਂ ਬਿਰਤਾਂਤ ਸਿਰਜਣ ਸਮੇਂ ਵਰਤੀ ਜਾਣ ਵਾਲ਼ੀ ਭਾਸ਼ਾ।

ਨਾਵਲ ਅੰਦਰ ਦੋਵੇਂ ਪ੍ਰਕਾਰ ਦੀ ਭਾਸ਼ਾ ਹੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਅਤੇ ਦੋਂਹਾਂ ਦੀ ਹੀ ਯੋਗ ਵਰਤੋਂ ਦੀ ਜ਼ਰੂਰਤ ਹੈ। ਅਕਸਰ ਨਾਵਲਕਾਰ ਪਾਤਰਾਂ ਦੀ ਭਾਸ਼ਾ ਅਤੇ ਬਿਰਤਾਂਤ ਦੀ ਸਮਾਨਤਾ ਨੂੰ ਸਿਰਜਦੇ ਹੋਏ ਜਾਂ ਫਿਰ ਦੋਵੇਂ ਹੀ ਸਥਾਨਿਕ ਭਾਸ਼ਾ ਅੰਦਰ ਲਿਖ ਦਿੰਦੇ ਹਨ। ਇਹ ਰੁਚੀ ਨਿਆਇਸ਼ੀਲ ਨਹੀਂ ਕਿਉਂਕਿ ਅਜਿਹੀ ਰੁਚੀ ਨਾਲ਼ ਨਾ ਕੇਵਲ ਨਿਆਇਸ਼ੀਲਤਾ ਹੀ ਖ਼ਤਮ ਹੁੰਦੀ ਹੈ ਸਗੋਂ ਨਾਵਲ ਦਾ ਪ੍ਰਭਾਵ ਵੀ ਘਟਦਾ ਹੈ। ਇਸ ਪ੍ਰਕਾਰ ਸਪਸ਼ਟ ਹੈ ਕਿ ਭਾਸ਼ਾ ਦੀ ਚੋਣ ਸਮੇਂ ਲੇਖਕ ਦਾ ਸੁਚੇਤ ਹੋਣਾ ਜ਼ਰੂਰੀ ਹੈ। ਉਸ ਨੂੰ ਅਜਿਹੀ ਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨਾਲ਼ ਨਾਵਲ ਦਾ ਸਾਹਿਤਿਕ ਪ੍ਰਭਾਵ ਖੰਡਿਤ ਨਾ ਹੋਵੇ।

### ਸ਼ੈਲੀ :-

ਭਾਸ਼ਾ ਦੇ ਨਾਲ਼-ਨਾਲ਼ ਸ਼ੈਲੀ ਪ੍ਰਤਿ ਵੀ ਲੇਖਕ ਦਾ ਸੁਚੇਤ ਹੋਣਾ ਬੜਾ ਜ਼ਰੂਰੀ ਹੈ। ਨਾਵਲ ਅੰਦਰ ਕਈ ਪ੍ਰਕਾਰ ਦੀ ਸ਼ੈਲੀਗਤ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ; ਵਰਨਣਾਤਮਿਕ ਵਿਧੀ, ਬਿਰਤਾਂਤਿਕ ਵਿਧੀ, ਚੇਤਨ-ਪ੍ਰਵਾਹ ਦੀ ਵਿਧੀ ਆਦਿ। ਲੇਖਕ ਇਹਨਾਂ ਵਿੱਚੋਂ ਕੋਈ ਵੀ ਵਿਧੀ ਲੈ ਕੇ ਆਪਣੇ ਗਲਪੀ ਸੰਸਾਰ ਦੀ ਸਿਰਜਣਾ ਕਰ ਸਕਦਾ ਹੈ। ਭਾਵੇਂ ਸ਼ੈਲੀਗਤ ਵਿਧੀਆਂ ਦੀ ਚੋਣ ਲੇਖਕ ਦਾ ਵਿਅਕਤੀਗਤ ਮਸਲਾ ਹੈ ਫਿਰ ਵੀ ਇਹ ਜ਼ਰੂਰੀ ਹੈ ਕਿ ਲੇਖਕ ਉਹਨਾਂ ਹੀ ਵਿਧੀਆਂ ਦੀ ਵਰਤੋਂ ਕਰੇ ਜਿਨ੍ਹਾਂ ਰਾਹੀਂ ਉਸ ਦੀ ਗਲਪੀ ਵਸਤੂ ਦਾ ਯੋਗ ਪ੍ਰਗਟਾਅ ਸੰਭਵ ਹੋ ਸਕਦਾ ਹੈ। ਇਸ ਤਰ੍ਹਾਂ ਨਾਵਲੀ ਸ਼ੈਲੀ ਦੇ ਪ੍ਰਸੰਗ ਵਿੱਚ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਦੀ ਮਹੱਤਤਾ ਨੂੰ ਸ੍ਵੀਕਾਰ ਕਰਦਿਆਂ ਨਾਵਲਕਾਰ ਨੂੰ ਯੋਗ ਨਾਵਲੀ ਸ਼ੈਲੀ ਦੀ ਵਰਤੋਂ ਕਰਨੀ ਚਾਹੀਦੀ ਹੈ।

### ਉਦੇਸ਼ :-

ਹਰ ਇੱਕ ਸਾਹਿਤਿਕ ਕਿਰਤ ਦਾ ਕੋਈ ਨਾ ਕੋਈ ਉਦੇਸ਼ ਹੋਣਾ ਜ਼ਰੂਰੀ ਹੁੰਦਾ ਹੈ। ਜਿਸ ਪ੍ਰਕਾਰ ਰੂਹ ਤੋਂ ਬਿਨਾਂ ਸਰੀਰ ਬੇਜਾਨ ਅਤੇ ਬੇਅਰਥ ਹੋ ਜਾਂਦਾ ਹੈ ਉਸੇ ਪ੍ਰਕਾਰ ਉਦੇਸ਼ ਤੋਂ ਬਿਨਾਂ ਰਚਨਾ ਬੇਜਾਨ ਅਤੇ ਨਿਰਾਰਥਕ ਹੋ ਜਾਂਦੀ ਹੈ। ਨਾਵਲ ਦਾ ਵੀ ਕੋਈ ਨਾ ਕੋਈ ਉਦੇਸ਼ ਹੋਣਾ ਬੜਾ ਜ਼ਰੂਰੀ ਹੈ। ਉਦੇਸ਼ ਤੋਂ ਬਿਨਾਂ ਰਚੇ ਗਏ ਨਾਵਲ ਨੂੰ ਨਾਵਲ ਮੰਨਣਾ ਯੋਗ ਨਹੀਂ, ਕਿਉਂਕਿ ਅਜਿਹੀ ਰਚਨਾ ਆਪਣੇ ਸਾਹਿਤਿਕ ਮਹੱਤਵ ਤੋਂ ਬੇਮੁੱਖ ਹੁੰਦੀ ਹੈ। ਹੈਨਰੀ ਜੇਮਜ਼ ਅਨੁਸਾਰ ਨਾਵਲ ਲਈ ਕਿਸੇ ਉਦੇਸ਼ ਅਧੀਨ ਜੀਵਨ ਦੀ ਸੋਝੀ ਪ੍ਰਦਾਨ ਕਰਨੀ ਬੜੀ ਜ਼ਰੂਰੀ ਹੁੰਦੀ ਹੈ। ਉਸ ਨੂੰ ਜੀਵਨ ਦੀ ਸਰਲ ਤੇ ਸਧਾਰਨ ਵਿਆਖਿਆ ਨਹੀਂ ਕਰ ਦੇਣੀ ਚਾਹੀਦੀ ਸਗੋਂ ਵਿਸ਼ੇਸ਼ ਦ੍ਰਿਸ਼ਟੀਕੋਣ ਰਾਹੀਂ ਜੀਵਨ ਦੀ ਵਿਆਖਿਆ ਕਰਨੀ ਚਾਹੀਦੀ ਹੈ।

ਉਪਰੋਕਤ ਚਰਚਾ ਦੇ ਆਧਾਰ 'ਤੇ ਸਪਸ਼ਟ ਹੈ ਕਿ ਨਾਵਲ ਦੀ ਹੋਂਦ ਉਪਰੋਕਤ ਤੱਤਾਂ ਦੇ ਸੁਮੇਲ ਰਾਹੀਂ ਹੀ ਸੰਭਵ ਹੁੰਦੀ ਹੈ। ਜਦੋਂ ਇਹ ਤੱਤ ਸਾਰਥਕ ਅਤੇ ਨਿਯਮਿਤ ਪੈਟਰਨ ਵਿੱਚ ਜੁੜਦੇ ਹਨ ਤਾਂ ਹੀ ਉੱਤਮ ਨਾਵਲ ਦੀ ਸਿਰਜਣਾ ਹੁੰਦੀ ਹੈ। ਕਿਸੇ ਇੱਕ ਤੱਤ ਦੇ ਅਸਾਂਵੇਂਪਣ ਨਾਲ਼ ਨਾਵਲ ਦੀ ਸਾਹਿਤਿਕਤਾ ਉੱਪਰ ਪ੍ਰਭਾਵ ਪੈਂਦਾ ਹੈ ਅਤੇ ਨਾਵਲ ਦੀ ਸਾਰਥਕਤਾ ਖੇਰੂੰ-ਖੇਰੂੰ ਹੋ ਜਾਂਦੀ ਹੈ।

### ਨਾਵਲ ਦੇ ਪ੍ਰਕਾਰ

ਭਾਵੇਂ ਨਾਵਲ ਦੀ ਨਿਸ਼ਚੇ ਨਾਲ਼ ਪ੍ਰਕਾਰ-ਵੰਡ ਕਰਨੀ ਔਖੀ ਹੈ ਪਰ ਫਿਰ ਵੀ ਹਰ ਪ੍ਰਕਾਰ ਦੇ ਨਾਵਲ ਦੀਆਂ ਰੂਪ-ਚੋਣ ਤੇ ਵਿਸ਼ੇ ਦੇ ਨਿਭਾਅ ਦੇ ਪੱਖ ਤੋਂ ਕੁਝ ਅਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਮੁੱਖ ਰੱਖ ਕੇ ਨਾਵਲਾਂ ਨੂੰ ਨਿਖੇੜਿਆ ਜਾ ਸਕਦਾ ਹੈ। ਆਮ ਤੌਰ 'ਤੇ ਨਾਵਲਾਂ ਦੇ ਹੇਠ ਲਿਖੇ ਪ੍ਰਕਾਰ ਮੰਨੇ ਜਾਂਦੇ ਹਨ :

ਤਲਿਸਮੀ ਨਾਵਲ, ਜਸੂਸੀ ਨਾਵਲ, ਇਤਿਹਾਸਿਕ ਨਾਵਲ, ਸਮਾਜਿਕ ਨਾਵਲ, ਮਨੋਵਿਗਿਆਨਿਕ ਨਾਵਲ, ਚੇਤਨਾ-ਪ੍ਰਵਾਹੀ ਨਾਵਲ ਜਾਂ ਆਂਚਲਿਕ (ਇਲਾਕਾਈ) ਨਾਵਲ। ਨਾਵਲੈੱਟ ਜਾਂ ਲਘੂ ਨਾਵਲ ਵੀ ਨਾਵਲ ਦਾ ਇੱਕ ਭੇਦ ਹੈ।

### ਪੰਜਾਬੀ ਨਾਵਲ ਦਾ ਇਤਿਹਾਸ

ਪੰਜਾਬੀ ਨਾਵਲ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਹੈ। ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਨਾਲ਼ ਪੰਜਾਬੀ ਵਿੱਚ

ਨਾਵਲ ਲਿਖਣੇ ਸ਼ੁਰੂ ਹੋਏ ਸਨ। ਪਹਿਲਾਂ-ਪਹਿਲਾਂ ਦੇਵਕੀ ਨੰਦਨ ਖੱਤਰੀ ਦੁਆਰਾ ਰਚੀ ਗਈ ਨਾਵਲੀ ਲੜੀ 'ਚੰਦਰਕਾਂਤਾ' ਬੜੀ ਰੁਚੀ ਨਾਲ਼ ਪੜ੍ਹੀ ਜਾਂਦੀ ਸੀ। ਡਾ. ਚਰਨ ਸਿੰਘ ਨੇ 'ਸ਼ਰਾਬ ਕੌਰ' ਨਾਵਲ ਲਿਖਿਆ ਜੋ ਸਮਾਜਿਕ ਨਾਵਲ ਸੀ। ਉਸ ਤੋਂ ਬਾਅਦ ਭਾਈ ਵੀਰ ਸਿੰਘ ਨੇ ਕਈ ਨਾਵਲ ਲਿਖੇ ਪਰ 'ਸੁੰਦਰੀ' ਬਹੁਤ ਪ੍ਰਸਿੱਧ ਹੋਇਆ। ਨਾਨਕ ਸਿੰਘ ਪੰਜਾਬੀ ਨਾਵਲ ਦਾ ਪਿਤਾਮਾ ਹੈ ਜਿਸ ਨੇ ਪੰਜਾਬੀ ਨਾਵਲ ਨੂੰ ਬਹੁਤ ਹਰਮਨ-ਪਿਆਰਾ ਬਣਾਇਆ ਹੈ। ਨਾਨਕ ਸਿੰਘ ਦੇ 'ਪਵਿੱਤਰ ਪਾਪੀ', 'ਚਿੱਟਾ ਲਹੂ', 'ਇੱਕ ਮਿਆਨ ਦੋ ਤਲਵਾਰਾਂ' ਬਹੁਤ ਪ੍ਰਸਿੱਧ ਨਾਵਲ ਹਨ। ਇਸੇ ਤਰ੍ਹਾਂ ਸੁਰਿੰਦਰ ਸਿੰਘ ਨਰੂਲਾ ਦਾ 'ਪਿਉ-ਪੁੱਤਰ', ਕਰਤਾਰ ਸਿੰਘ ਦੁੱਗਲ ਦਾ 'ਇੱਕ ਦਿਲ ਵਿਕਾਊ' ਹੈ, ਜਸਵੰਤ ਸਿੰਘ ਕੰਵਲ ਦਾ 'ਹਾਣੀ', ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ', ਨਰਿੰਦਰਪਾਲ ਸਿੰਘ ਦਾ 'ਇੱਕ ਸਰਕਾਰ ਬਾਝੋਂ' ਆਦਿ ਮਸ਼ਹੂਰ ਨਾਵਲ ਹਨ। ਇਸਤਰੀ ਨਾਵਲਕਾਰਾਂ ਵਿੱਚ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਉਲੇਖਯੋਗ ਹਨ। ਰਾਮ ਸਰੂਪ ਅਣਖੀ ਦਾ ਨਾਵਲ 'ਕੋਠੇ ਖੜਕ ਸਿੰਘ', ਓਮ ਪ੍ਰਕਾਸ਼ ਗਾਸੋ ਦਾ 'ਤੱਤੀ ਹਵਾ' ਬਹੁਤ ਚਰਚਿਤ ਨਾਵਲ ਹਨ। ਜਸਵੰਤ ਸਿੰਘ ਕੰਵਲ ਦਾ 'ਐਨਿਆਂ 'ਚੋਂ ਉਠੋ ਸੂਰਮਾ', ਅਤੇ ਕਰਮਜੀਤ ਕੁੱਸਾ ਦੇ ਦੋ ਨਾਵਲ 'ਰੋਹੀ ਬੀਆਬਾਨ' ਤੇ 'ਰਾਤ ਦੇ ਰਾਹੀ' ਵੀ ਚਰਚਾ ਦੇ ਪਾਤਰ ਨਾਵਲ ਹਨ।

### ਔਖੇ ਸ਼ਬਦਾਂ ਦੇ ਅਰਥ :

**ਚਿੰਤਕ**-ਵਿਚਾਰਨ ਵਾਲ਼ਾ, ਸੋਚਣ ਵਾਲ਼ਾ। **ਰੋਜ਼ਨਾਮਚਾ**- ਜਿਸ 'ਤੇ ਨਿੱਤ ਦਾ ਕੰਮ ਲਿਖਿਆ ਜਾਵੇ। **ਕਥਾਨਕ**-ਕਹਾਣੀ, ਕਿੱਸਾ। **ਵਿਕੋਲਿਤਰੀਆਂ**- ਵੱਖੋ-ਵੱਖਰੀਆਂ। **ਮਕੈਨਕੀ**- ਮਸ਼ੀਨੀ। **ਅਮੂਰਤ**- ਆਕਾਰ ਰਹਿਤ। **ਸਮੂਰਤ**- ਆਕਾਰ ਸਹਿਤ। **ਉਜਾਗਰ**- ਰੋਸ਼ਨ, ਪ੍ਰਗਟ। **ਨਿਆਇਸ਼ੀਲ**- ਇਨਸਾਫ਼ ਵਾਲ਼ਾ। **ਖੰਡਿਤ**- ਵੰਡਿਆ, ਟੁਕੜੇ ਕੀਤਾ। **ਸ਼ੈਲੀ**-ਲਿਖਣ-ਵਿਧੀ। **ਨਿਰਾਰਥਕ**- ਬਿਨਾਂ ਮਤਲਬ। **ਤਲਿਸਮੀ**- ਜਾਦੂਗਰੀ, ਚਮਤਕਾਰੀ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਨਾਵਲ _______ ਦਾ ਮਹੱਤਵਪੂਰਨ ਰੂਪ ਹੈ।
2. _______ਪਾਤਰ ਸਥਿਤੀਆਂ, ਪਰਿਸਥਿਤੀਆਂ ਅਨੁਸਾਰ ਨਹੀਂ ਬਦਲਦੇ।
3. _______ਹਮੇਸ਼ਾਂ ਸਥਾਨ ਤੇ ਪਾਤਰਾਂ ਦੇ ਸੁਭਾਵਾਂ ਅਨੁਸਾਰ ਹੋਣੀ ਚਾਹੀਦੀ ਹੈ।
4. _______ਦੀ ਚੋਣ ਲੇਖਕ ਦਾ ਵਿਅਕਤੀਗਤ ਮਸਲਾ ਹੈ।
5. ਉਦੇਸ਼ ਤੋਂ ਬਿਨਾਂ ਰਚਨਾ ਬੇਜਾਨ ਤੇ _______ ਹੋ ਜਾਂਦੀ ਹੈ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ :**

1. ਕਿਸ ਆਲੋਚਕ ਨੇ ਨਾਵਲ ਨੂੰ 'ਰੋਜ਼ਨਾਮਚਾ' ਕਿਹਾ ਹੈ ?
2. ਨਾਵਲਕਾਰ ਕਿਸ ਨੂੰ ਫੁੱਲਾਂ ਦੇ ਹਾਰ ਪਰੋਣ ਵਾਂਗ ਇੱਕ ਤਰਤੀਬ ਦਿੰਦਾ ਹੈ ?
3. ਸਥਿਤੀਆਂ, ਪਰਿਸਥਿਤੀਆਂ ਅਨੁਸਾਰ ਬਦਲਣ ਵਾਲ਼ੇ ਪਾਤਰ ਨੂੰ ਕਿਸ ਕਿਸਮ ਦਾ ਪਾਤਰ ਕਿਹਾ ਜਾਂਦਾ ਹੈ ?
4. ਨਾਵਲ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?
5. ਕਿਸੇ ਇੱਕ ਪੰਜਾਬੀ ਨਾਵਲ ਦਾ ਨਾਂ ਲਿਖੋ।

(ੲ) **ਵਿਸਤਾਰ ਸਹਿਤ ਉੱਤਰ ਦਿਓ:**

1. ਨਾਵਲ ਕੀ ਹੁੰਦਾ ਹੈ ? ਇਸ ਦੀ ਪਰਿਭਾਸ਼ਾ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
2. ਨਾਵਲ ਦੇ ਮੁੱਖ ਤੱਤਾਂ ਦਾ ਵਰਨਣ ਕਰੋ।
3. ਨਾਵਲ ਹਰਮਨ-ਪਿਆਰਾ ਸਾਹਿਤ-ਰੂਪ ਕਿਉਂ ਹੈ ? ਸਪਸ਼ਟ ਕਰੋ।
4. ਤੁਹਾਡੀ ਪਾਠ-ਪੁਸਤਕ ਵਿੱਚ ਨਾਵਲ ਬਾਰੇ ਜੋ ਲੇਖ ਹੈ, ਉਸ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

'ਮੇਰਾ ਮਨ-ਭਾਉਂਦਾ ਨਾਵਲ' ਵਿਸ਼ੇ 'ਤੇ ਲੇਖ ਲਿਖੋ।

# ਨਿੱਕੀ ਕਹਾਣੀ 5

ਆਧੁਨਿਕ ਸਾਹਿਤ ਵਿੱਚ ਨਿੱਕੀ ਕਹਾਣੀ ਇੱਕ ਪ੍ਰਮੁੱਖ ਰੂਪ ਹੈ। ਇਹ ਅਜਿਹਾ ਰੂਪ ਹੈ ਜੋ ਨਵੀਨ ਹੈ ਅਤੇ ਪੁਰਾਣਾ ਵੀ ਹੈ। ਨਿੱਕੀ ਕਹਾਣੀ ਦਾ ਵਰਤਮਾਨ ਮੁਹਾਂਦਰਾ ਆਧੁਨਿਕ ਪੱਛਮੀ ਕਹਾਣੀ ਦੀ ਹੀ ਦੇਣ ਹੈ। ਭਾਵੇਂ ਸੰਸਕ੍ਰਿਤ ਵਿੱਚ 'ਕਥਾ' ਤੇ 'ਆਖਾਇਕਾ' ਦੇ ਰੂਪ ਕਹਾਣੀ ਦੇ ਗੁਣਾਂ ਨਾਲ਼ ਮਿਲ਼ਦੇ-ਜੁਲ਼ਦੇ ਗੁਣ ਰੱਖਦੇ ਹਨ ਪਰ ਨਵੀਨ ਕਹਾਣੀ ਦਾ ਸੁਭਾਅ ਪੱਛਮੀ ਕਹਾਣੀ ਦੇ ਪ੍ਰਭਾਵ ਅਧੀਨ ਵਿਸ਼ੇਸ਼ ਰੂਪ ਵਿੱਚ ਨਿੱਖਰਿਆ ਹੈ ਜਿਸ ਕਰਕੇ ਆਧੁਨਿਕ ਕਹਾਣੀ ਨੂੰ ਪੱਛਮੀ ਕਹਾਣੀ ਦੇ ਪ੍ਰਭਾਵ ਅਧੀਨ ਵਿਕਸਿਤ ਹੋਇਆ ਸਾਹਿਤ-ਰੂਪ ਮੰਨਣਾ ਪਵੇਗਾ। ਇਕਾਂਗੀ ਤੇ ਨਾਟਕ ਵਾਂਗ ਨਿੱਕੀ ਕਹਾਣੀ ਜੀਵਨ ਦੇ ਪਸਾਰੇ ਵਿੱਚੋਂ ਸਿਰਫ਼ ਇੱਕ ਪੱਖ ਦਾ ਹੀ ਵਰਨਣ ਕਰਦੀ ਹੈ। ਨਿੱਕੀ ਕਹਾਣੀ ਧੁਰ ਮੁੱਢ ਤੋਂ ਆਪਣੇ ਨਾਟਕੀ ਗੁਣਾਂ ਕਰਕੇ ਪਾਠਕ ਨੂੰ ਕੀਲ ਕੇ ਬੰਨ੍ਹ ਲੈਂਦੀ ਹੈ ਅਤੇ ਪਾਠਕ 'ਅੱਗੇ ਕੀ ਹੈ ? , ਹੋਰ ਅੱਗੇ ਕੀ ਹੈ ?' ਇਸ ਨੂੰ ਜਾਣਨ ਲਈ ਅੰਤ ਤੱਕ ਉਤਾਵਲਾ ਰਹਿੰਦਾ ਹੈ। ਨਿੱਕੀ ਕਹਾਣੀ ਦਾ ਅਰੰਭ ਝਟਪਟਾ, ਤਿੱਖਾ ਤੇ ਅਸਚਰਜ ਭਰਿਆ ਹੁੰਦਾ ਹੈ। ਇਹੋ ਤਿਖੇਰਾਪਣ ਕਹਾਣੀ ਦੇ ਸਾਰੇ ਪਿੰਡੇ ਵਿੱਚ ਪਸਰਿਆ ਰਹਿੰਦਾ ਹੈ।

### ਪਰਿਭਾਸ਼ਾ :

ਪੱਛਮ ਵਿੱਚ ਕਹਾਣੀ ਦੇ ਸਰੂਪ ਨੂੰ ਸਮਝਣ ਦੀ ਕੋਸ਼ਸ਼ ਕੀਤੀ ਗਈ ਹੈ। ਇੱਕ ਆਲੋਚਕ ਐਲਗੀ ਸੇਜਵਿਕ ਦੇ ਅਨੁਸਾਰ "ਕਹਾਣੀ ਘੋੜ-ਦੌੜ ਵਾਂਗ ਹੁੰਦੀ ਹੈ ਜਿਸ ਤਰ੍ਹਾਂ ਘੋੜ-ਦੌੜ ਦਾ ਆਦਿ ਤੇ ਅੰਤ ਬਹੁਤ ਮਹੱਤਵਪੂਰਨ ਹੁੰਦਾ ਹੈ, ਉਸੇ ਤਰ੍ਹਾਂ ਕਹਾਣੀ ਦਾ ਮੁੱਢ ਤੇ ਅੰਤ ਵਿਸ਼ੇਸ਼ ਮਹੱਤਵ ਰੱਖਦਾ ਹੈ।" ਐਲਨ ਪੋ ਲਿਖਦਾ ਹੈ ਕਿ "ਕਹਾਣੀ ਇੱਕ ਅਜਿਹੀ ਨਿੱਕੀ ਰਚਨਾ ਹੈ ਜਿਸ ਨੂੰ ਇੱਕੋ ਬੈਠਕ ਵਿੱਚ ਪੜ੍ਹਿਆ ਜਾ ਸਕੇ ਅਤੇ ਜੋ ਪਾਠਕਾਂ ਉੱਤੇ ਆਪਣਾ ਤਿੱਖਾ ਪ੍ਰਭਾਵ ਪਾ ਸਕੇ।" ਇਸ ਤਰ੍ਹਾਂ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਨਿੱਕੀ ਕਹਾਣੀ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਇੱਥੇ ਡਾ. ਸਵਿੰਦਰ ਸਿੰਘ ਉੱਪਲ ਦੁਆਰਾ ਦਿੱਤੀ ਗਈ 'ਨਿੱਕੀ ਕਹਾਣੀ' ਦੀ ਪਰਿਭਾਸ਼ਾ ਵੀ ਵਿਚਾਰਨਯੋਗ ਹੈ:

"ਕਲਾਤਮਿਕ ਨਿੱਕੀ ਕਹਾਣੀ ਗਲਪ ਦਾ ਉਹ ਨਵੀਨ ਰੂਪ ਹੈ ਜੋ ਕਲਾਤਮਿਕ ਗੋਂਦ ਰਾਹੀਂ ਕਿਸੇ ਇਕਮੁਖੀ ਘਟਨਾ ਜਾਂ ਇਕਮੁਖੀ ਪਾਤਰ ਦਾ ਨਾਟਕੀ ਬਿਆਨ, ਸੰਜਮਤਾ ਨਾਲ਼ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਅਤੇ ਇਕਹਿਰਾ ਹੋ ਨਿੱਬੜਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਨਿੱਕੀ ਕਹਾਣੀ ਜੀਵਨ ਜਾਂ ਜਗਤ ਦੇ ਕਿਸੇ ਇੱਕ ਪੱਖ ਦਾ ਅਜਿਹਾ ਭਾਵਕ ਚਿਤਰਨ ਹੈ ਕਿ ਉਸ ਦੇ ਵੇਗ ਨਾਲ਼ ਉਸ ਪੱਖ ਦੀ ਧੁਰ ਗਹਿਰਾਈ ਨੂੰ ਸਮਝ ਸਕਦੇ ਹਾਂ।

### ਨਿੱਕੀ ਕਹਾਣੀ ਦੇ ਗੁਣ :-

ਕਹਾਣੀ ਦੀਆਂ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਹਾਣੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੋਣੀਆਂ ਚਾਹੀਦੀਆਂ ਹਨ :-

**ਨਿੱਕਾ ਆਕਾਰ :** ਕਹਾਣੀ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਆਕਾਰ ਨਿੱਕਾ ਹੋਣਾ ਚਾਹੀਦਾ ਹੈ। ਇਸ ਵਿੱਚ

ਜ਼ਿੰਦਗੀ ਦੀ ਸਮੁੱਚਤਾ ਪੇਸ਼ ਕਰਨ ਦੀ ਕੋਸ਼ਸ਼ ਨਹੀਂ ਕੀਤੀ ਜਾਣੀ ਚਾਹੀਦੀ ਸਗੋਂ ਜ਼ਿੰਦਗੀ ਦੇ ਸਿਰਫ਼ ਵਿਸ਼ੇਸ਼ ਅਨੁਭਵ ਦਾ ਹੀ ਬਹੁਪੱਖੀ ਪ੍ਰਗਟਾਅ ਹੋਣਾ ਚਾਹੀਦਾ ਹੈ। ਕਹਾਣੀ ਸੰਬੰਧੀ ਵਿਚਾਰ ਕਰਨ ਵਾਲਾ ਹਰ ਇੱਕ ਵਿਦਵਾਨ ਇਸ ਤੱਤ ਦੀ ਅਹਿਮੀਅਤ ਨੂੰ ਸ੍ਵੀਕਾਰਦਾ ਹੈ ਅਤੇ ਨਿੱਕੇਪਣ ਨੂੰ ਕਹਾਣੀ ਦਾ ਪ੍ਰਤੱਖ ਲੱਛਣ ਮੰਨਦਾ ਹੈ। ਇਸ ਲਈ ਕਹਾਣੀ ਦੀ ਵਿਸ਼ੇਸ਼ਤਾ ਇਸ ਦਾ ਇੱਕ ਵਿਸ਼ੇਸ਼ ਛਿਣ, ਵਿਸ਼ੇਸ਼ ਅਨੁਭਵ ਜਾਂ ਭਾਵ ਦਾ ਤੀਖਣ ਪ੍ਰਗਟਾਅ ਮੰਨਿਆ ਜਾ ਸਕਦਾ ਹੈ।

**ਪ੍ਰਭਾਵ ਦੀ ਇਕਾਗਰਤਾ :** ਕਹਾਣੀ ਦਾ ਪ੍ਰਭਾਵਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਲੇਖਕ ਨੂੰ ਜ਼ਿੰਦਗੀ ਦੇ ਅਜਿਹੇ ਛਿਣਾਂ ਦਾ ਬਿਆਨ ਕਰਨਾ ਚਾਹੀਦਾ ਹੈ ਜਿਹੜੇ ਸਾਡੇ ਮਨ ਉੱਪਰ ਪ੍ਰਭਾਵ ਪਾਉਣ ਦੀ ਸਮਰੱਥਾ ਰੱਖਦੇ ਹੋਣ। ਕਈ ਵਾਰ ਲੇਖਕ ਅਜਿਹੀਆਂ ਘਟਨਾਵਾਂ ਨੂੰ ਬਿਆਨਣ ਦੀ ਗ਼ਲਤੀ ਵੀ ਕਰ ਲੈਂਦੇ ਹਨ ਜਿਨ੍ਹਾਂ ਦੀ ਸਾਡੀ ਜ਼ਿੰਦਗੀ ਵਿੱਚ ਖ਼ਾਸ ਸਾਰਥਿਕਤਾ ਨਹੀਂ ਹੁੰਦੀ ਅਤੇ ਜਿਸ ਦੇ ਫਲਸਰੂਪ ਉਹ ਸਫਲਤਾ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦੀ ਹੈ। ਸੋ, ਕਹਾਣੀ ਵਿੱਚ ਪ੍ਰਭਾਵ ਦੀ ਇਕਾਗਰਤਾ ਦਾ ਹੋਣਾ ਅਤਿ ਜ਼ਰੂਰੀ ਹੈ।

**ਕਲਾਤਮਿਕਤਾ:** ਕਹਾਣੀ ਕਿਉਂਕਿ ਸਾਹਿਤ-ਰੂਪ ਹੈ ਜਿਸ ਕਰਕੇ ਕਲਾਤਮਿਕ ਰੂਪ ਨੂੰ ਤਿਆਗਣਾ ਨਹੀਂ ਚਾਹੀਦਾ। ਕਹਾਣੀ ਨੂੰ ਹਮੇਸ਼ਾਂ ਕਹਾਣੀ ਦੇ ਰੂਪ ਦੀਆਂ ਸੀਮਾਵਾਂ ਅੰਦਰ ਹੀ ਰਹਿਣਾ ਚਾਹੀਦਾ ਹੈ। ਜੇਕਰ ਕਹਾਣੀ ਵਿੱਚ ਸਿੱਧੀ ਬਿਆਨਬਾਜ਼ੀ ਹੋਵੇਗੀ ਤਾਂ ਉਹ ਸਿਰਫ਼ ਦਸਤਾਵੇਜ਼ ਬਣ ਜਾਵੇਗੀ ਅਤੇ ਪ੍ਰਚਾਰ ਦਾ ਸਾਧਨ ਬਣ ਜਾਵੇਗੀ। ਇਸ ਲਈ ਕਹਾਣੀ ਵਿੱਚ ਕਲਾਤਮਿਕਤਾ ਹੋਣੀ ਬੜੀ ਜ਼ਰੂਰੀ ਹੈ।

**ਰੋਚਕਤਾ :-** ਕਹਾਣੀ ਵਿੱਚ ਰੋਚਕਤਾ ਹੋਣੀ ਜ਼ਰੂਰੀ ਹੈ। ਰੋਚਕਤਾ ਤੋਂ ਬਿਨਾਂ ਹਰ ਇੱਕ ਸਾਹਿਤ-ਰਚਨਾ ਨਿਰਜਿੰਦ ਹੋ ਜਾਂਦੀ ਹੈ। ਕਹਾਣੀ ਵਿੱਚ ਰੋਚਕਤਾ ਦਾ ਹੋਣਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਹ ਸਿਰਫ਼ ਜ਼ਿੰਦਗੀ ਦੇ ਕੁਝ ਭਾਗ ਨੂੰ ਹੀ ਫੜਨ ਦਾ ਜਤਨ ਕਰਦੀ ਹੈ। ਅਜਿਹੀ ਕਿਰਿਆ ਸਮੇਂ ਲੇਖਕ ਕੋਲ਼ ਚੋਣ ਹੁੰਦੀ ਹੈ ਕਿ ਉਹ ਜ਼ਿੰਦਗੀ ਦੇ ਵੱਧ ਰੋਚਕ ਛਿਣਾਂ ਨੂੰ ਪਕੜ ਸਕਦਾ ਹੈ। ਇਸ ਦੇ ਨਾਲ਼ ਹੀ ਪ੍ਰਗਟਾਅ-ਮਾਧਿਅਮ ਵਾਰਤਕ ਹੋਣ ਕਰਕੇ ਉਸ ਨੂੰ ਬਗ਼ੈਰ ਕਿਸੇ ਮੁਸ਼ਕਲ ਤੋਂ ਪ੍ਰਗਟ ਵੀ ਕਰ ਸਕਦਾ ਹੈ। ਇਸ ਪ੍ਰਕਾਰ ਕਹਾਣੀ ਵਿੱਚ ਰੋਚਕਤਾ ਦਾ ਹੋਣਾ ਅਤਿ ਜ਼ਰੂਰੀ ਹੈ।

**ਗਤੀਸ਼ੀਲਤਾ:-** ਕਹਾਣੀ ਵਿੱਚ ਗਤੀਸ਼ੀਲਤਾ ਦਾ ਵਿਸ਼ੇਸ਼ ਗੁਣ ਹੈ। ਅਸਲ ਵਿੱਚ ਜੇਕਰ ਕਹਾਣੀ ਦਾ ਪ੍ਰਮੁੱਖ ਲੱਛਣ ਦੱਸਣ ਦੀ ਕੋਸ਼ਸ਼ ਕਰੀਏ ਤਾਂ ਸਾਡੀ ਨਜ਼ਰ ਗਤੀਸ਼ੀਲਤਾ 'ਤੇ ਹੀ ਜਾਂਦੀ ਹੈ। ਕਹਾਣੀ ਦੀ ਚਾਲ ਨਾਵਲ ਵਾਂਗ ਸੁਸਤ ਨਹੀਂ ਹੋਣੀ ਚਾਹੀਦੀ ਸਗੋਂ ਤੇਜ਼ ਹੋਣੀ ਚਾਹੀਦੀ ਹੈ। ਕਹਾਣੀ ਵਿੱਚ ਇੱਕ ਘਟਨਾ ਨੂੰ ਜ਼ਿਆਦਾ ਲੰਮੀ ਕਰਕੇ ਪੇਸ਼ ਕਰਨ ਨਾਲ਼ ਬਿਰਤਾਂਤ ਵਿੱਚ ਬੋਝਲਤਾ ਆਉਂਦੀ ਹੈ। ਇਸ ਲਈ ਕਹਾਣੀ ਵਿੱਚ ਗਤੀਸ਼ੀਲਤਾ ਦਾ ਹੋਣਾ ਜ਼ਰੂਰੀ ਹੈ।

## ਕਹਾਣੀ ਦੇ ਤੱਤ

ਜਦੋਂ ਅਸੀਂ ਕਹਾਣੀ ਦੇ ਤੱਤਾਂ ਦੀ ਚਰਚਾ ਕਰਦੇ ਹਾਂ ਤਾਂ ਉਸ ਦੇ ਛੇ ਪ੍ਰਮੁੱਖ ਤੱਤ ਦੇਖੇ ਜਾ ਸਕਦੇ ਹਨ-

### 1. ਕਥਾ-ਵਸਤੂ :-

ਕਥਾ-ਵਸਤੂ ਕਹਾਣੀ ਦਾ ਪ੍ਰਮੁੱਖ ਤੱਤ ਹੈ। ਸਾਡੀ ਜ਼ਿੰਦਗੀ ਦੀ ਹਰ ਇੱਕ ਘਟਨਾ ਕਹਾਣੀ ਦਾ ਕਥਾ-ਵਸਤੂ ਬਣਨ ਦੀ ਸੰਭਾਵਨਾ ਰੱਖਦੀ ਹੈ। ਕਹਾਣੀ ਦਾ ਉਦੇਸ਼ ਕਿਉਂਕਿ ਜੀਵਨ ਦੇ ਕਿਸੇ ਪੱਖ ਜਾਂ ਮਾਨਵੀ ਸੁਭਾਅ ਦੇ ਕਿਸੇ ਵਿਸ਼ੇਸ਼ ਚਰਿੱਤਰ ਉੱਪਰ ਰੋਸ਼ਨੀ ਪਾਉਣੀ ਹੁੰਦੀ ਹੈ ਜਿਸ ਕਰਕੇ ਕਹਾਣੀ ਸਾਡੇ ਜੀਵਨ ਨਾਲ਼ ਵੱਧ ਤੋਂ ਵੱਧ ਸੰਬੰਧ ਰੱਖਣ ਦੀਆਂ ਸੰਭਾਵਨਾਵਾਂ ਰੱਖਦੀ ਹੈ। ਇਸ ਲਈ ਕਹਾਣੀ ਵਿੱਚ ਲਗ-ਪਗ ਹਰ ਪ੍ਰਕਾਰ ਦੇ ਵਿਸ਼ੇ ਨੂੰ ਲਿਆ ਜਾ ਸਕਦਾ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਜੀਵਨ ਦੇ ਅਰੋਚਕ ਅਤੇ ਅਰਥਹੀਣ ਛਿਣਾਂ ਦੀ ਵੀ ਵਿਆਖਿਆ ਕੀਤੀ ਜਾ ਸਕਦੀ ਹੈ ਕਿਉਂਕਿ ਕਹਾਣੀ ਵਿੱਚ ਰੋਚਕਤਾ ਅਤੇ ਪ੍ਰਭਾਵਸ਼ੀਲਤਾ ਦਾ ਹੋਣਾ ਅਤਿ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਕਹਾਣੀ ਸਾਡੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਅਜਿਹੀਆਂ ਸਥਿਤੀਆਂ ਬਿਆਨ ਕਰੇ ਜੋ ਪ੍ਰਭਾਵਸ਼ਾਲੀ ਵੀ ਹੋਣ ਅਤੇ ਸਰਬ-ਸਧਾਰਨ ਵੀ। ਉਦਾਹਰਨ ਵਜੋਂ ਸੁਜਾਨ ਸਿੰਘ ਦੀ ਕਹਾਣੀ 'ਕੁਲਫ਼ੀ' ਵਿੱਚ ਬੱਚੇ ਦੀ ਕੁਲਫ਼ੀ ਪ੍ਰਾਪਤ ਕਰਨ ਦੀ ਕਿਰਿਆ ਨੂੰ ਪ੍ਰਭਾਵਸ਼ਾਲੀ ਪ੍ਰਸੰਗ ਪ੍ਰਦਾਨ ਕਰਕੇ ਸਾਡੀ ਹੋ ਰਹੀ ਸਮਾਜਿਕ ਲੁੱਟ ਦਾ ਯੋਗ ਹੱਲ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਗਈ ਹੈ।

ਕਹਾਣੀ ਦੀ ਗੋਂਦ ਜਾਂ ਕਥਾਨਕ ਸੰਖੇਪ ਤੇ ਸਰਲ ਹੁੰਦਾ ਹੈ। ਕਥਾਨਕ ਦਾ ਅਰੰਭ ਬੜਾ ਨਾਟਕੀ ਹੁੰਦਾ ਹੈ ਅਤੇ

ਕਹਾਣੀ ਪਹਿਲੇ ਫ਼ਿਕਰੇ ਵਿੱਚ ਹੀ ਸਮੱਸਿਆ ਦੀ ਸੂਚਨਾ ਦੇ ਦੇਂਦੀ ਹੈ। ਫੇਰ ਕਹਾਣੀ ਮਘਦੇ ਕਾਰਜ ਨਾਲ਼ ਸਿਖਰ ਵੱਲ ਵਧਦੀ ਹੈ ਅਤੇ ਅੰਤ ਸੁਝਾਊ ਤੇ ਹੈਰਾਨੀਜਨਕ ਹੁੰਦਾ ਹੈ। ਆਮ ਤੌਰ 'ਤੇ ਕਹਾਣੀ ਦਾ ਅੰਤ ਬੰਦੂਕ ਵਿੱਚੋਂ ਨਿਕਲ਼ੀ ਗੋਲ਼ੀ ਵਾਂਗ ਝਟਪਟਾ ਹੁੰਦਾ ਹੈ ਅਤੇ ਬਹੁਤਾ ਕੁਝ ਪਾਠਕਾਂ ਦੀ ਕਲਪਨਾ 'ਤੇ ਅਣਕਿਹਾ ਛੱਡ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਨਿੱਕੀ ਕਹਾਣੀ ਦੀ ਗੋਂਦ ਕੱਸਵੀਂ ਤੇ ਚੁਸਤ ਹੁੰਦੀ ਹੈ, ਇਸ ਲਈ ਸੰਜਮਤਾ ਤੇ ਸੰਖੇਪਤਾ ਕਹਾਣੀ ਦਾ ਜ਼ਰੂਰੀ ਗੁਣ ਹੈ।

### 2. ਪਾਤਰ ਤੇ ਪਾਤਰ-ਚਿਤਰਨ :-

ਸਾਹਿਤ ਦੇ ਦੂਜੇ ਰੂਪ ਵਾਂਗ ਕਹਾਣੀ ਦੇ ਵਿੱਚ ਹੀ ਪਾਤਰ-ਚਿਤਰਨ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਕਹਾਣੀ ਚਾਹੇ ਇਤਿਹਾਸਿਕ, ਪੌਰਾਣਿਕ ਅਤੇ ਸਮਾਜਿਕ ਜਾਂ ਮਨੋਵਿਗਿਆਨਿਕ ਆਦਿ ਕੋਈ ਵੀ ਹੋਵੇ, ਪਾਤਰ-ਚਿਤਰਨ ਦਾ ਮਹੱਤਵ ਨਿਰੰਤਰ ਰੂਪ ਵਿੱਚ ਕਾਇਮ ਰਹਿੰਦਾ ਹੈ।

ਭਾਵੇਂ ਕਹਾਣੀ ਵਿੱਚ ਘਟਨਾਵਾਂ ਦੀ ਆਪਣੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਹੈ ਪਰ ਘਟਨਾਵਾਂ ਕਦੇ ਵੀ ਸੁਤੰਤਰ ਰੂਪ ਵਿੱਚ ਨਹੀਂ ਵਾਪਰ ਸਕਦੀਆਂ। ਲੇਖਕ ਘਟਨਾ ਨੂੰ ਵਿਸ਼ੇਸ਼ ਪ੍ਰਸੰਗ ਅਧੀਨ ਪੇਸ਼ ਕਰਦਾ ਹੈ ਅਤੇ ਅਜਿਹਾ ਪ੍ਰਸੰਗ ਦੇਣ ਲਈ ਹੀ ਉਹ ਪਾਤਰਾਂ ਦਾ ਨਿਰਮਾਣ ਕਰਦਾ ਹੈ। ਇਸ ਲਈ ਪਾਤਰ-ਚਿਤਰਨ ਦੀ ਸਫਲਤਾ ਦੇ ਆਧਾਰ 'ਤੇ ਹੀ ਕਹਾਣੀ ਦੀ ਸਫ਼ਲਤਾ ਆ ਟਿਕਦੀ ਹੈ।

ਕਹਾਣੀ ਅੰਦਰ ਪਾਤਰ-ਚਿਤਰਨ ਸਮੇਂ ਪਹਿਲੀ ਧਿਆਨ ਦੇਣ ਵਾਲ਼ੀ ਗੱਲ ਇਹ ਹੈ ਕਿ ਪਾਤਰਾਂ ਦੀ ਗਿਣਤੀ ਜ਼ਿਆਦਾ ਨਾ ਹੋਵੇ। ਕਹਾਣੀ ਦਾ ਆਕਾਰ ਛੋਟਾ ਹੋਣ ਕਰਕੇ ਕਹਾਣੀ ਵਿੱਚ ਘੱਟ ਪਾਤਰ ਹੀ ਸਮਾ ਸਕਦੇ ਹਨ। ਜ਼ਿਆਦਾ ਪਾਤਰ ਆਪਣੇ ਕਿਰਦਾਰ ਦਾ ਵਿਸਤਾਰ ਸਹਿਤ ਪ੍ਰਗਟਾਅ ਕਰਨ ਦੇ ਸਮਰੱਥ ਨਹੀਂ ਹੁੰਦੇ। ਇਸ ਲਈ ਕਹਾਣੀ ਵਿੱਚ ਘੱਟ ਪਾਤਰ ਹੋਣੇ ਚਾਹੀਦੇ ਹਨ। ਇਸ ਦੇ ਨਾਲ਼ ਹੀ ਜ਼ਰੂਰੀ ਹੈ ਕਿ ਸਿਰਫ਼ ਵਿਸ਼ੇਸ਼ ਪਾਤਰਾਂ ਦੇ ਕਿਰਦਾਰ ਨੂੰ ਹੀ ਸਮੁੱਚੀਆਂ ਸੰਭਾਵਨਾਵਾਂ ਸਹਿਤ ਨਿਖਾਰਿਆ ਜਾਵੇ ਤਾਂਕਿ ਕਹਾਣੀ ਦੇ ਨਿਸ਼ਚਿਤ ਆਕਾਰ ਵਿੱਚ ਜੀਵਨ ਦਾ ਇੱਕ ਸਜੀਵ ਬਿੰਬ ਪੇਸ਼ ਕੀਤਾ ਜਾ ਸਕੇ।

### 3. ਵਾਰਤਾਲਾਪ :-

ਵਾਰਤਾਲਾਪ ਦਾ ਕਹਾਣੀ ਵਿੱਚ ਪ੍ਰਮੁੱਖ ਸਥਾਨ ਹੈ। ਇਹ ਕਹਾਣੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਕਥਾਨਕ ਦੇ ਵਿਸਤਾਰ ਅਤੇ ਪਾਤਰ-ਚਿਤਰਨ ਦਾ ਪ੍ਰਮੁੱਖ ਆਧਾਰ ਵਾਰਤਾਲਾਪ ਹੀ ਹੁੰਦੇ ਹਨ। ਵਾਰਤਾਲਾਪਾਂ ਰਾਹੀਂ ਪਾਤਰਾਂ ਦੇ ਚਿਤਰਨ ਵਿੱਚ ਵਿਲੱਖਣਤਾ ਅਤੇ ਸੁਭਾਵਿਕਤਾ ਆਉਂਦੀ ਹੈ ਅਤੇ ਇਹ ਵਰਨਣ ਨੂੰ ਵੀ ਰੋਚਕਤਾ ਅਤੇ ਰਵਾਨੀ ਪ੍ਰਦਾਨ ਕਰਦੇ ਹਨ। ਕਹਾਣੀ ਵਿੱਚ ਵਿਸ਼ੇਸ਼ ਕਿਸਮ ਦਾ ਵਾਤਾਵਰਨ ਵਾਰਤਾਲਾਪਾਂ ਰਾਹੀਂ ਹੀ ਸਿਰਜਿਆ ਜਾ ਸਕਦਾ ਹੈ ਜਿਸ ਨਾਲ਼ ਕਹਾਣੀ ਵਿੱਚ ਸੁਭਾਵਿਕਤਾ ਅਤੇ ਯਥਾਰਥਿਕਤਾ ਦੇ ਵਿਸ਼ੇਸ਼ ਗੁਣ ਸ਼ਾਮਲ ਹੋ ਜਾਂਦੇ ਹਨ।

ਵਾਰਤਾਲਾਪਾਂ ਦੀ ਵਰਤੋਂ ਸਮੇਂ ਸੁਚੇਤ ਰੂਪ ਵਿੱਚ ਕੋਸ਼ਸ਼ ਕਰਨੀ ਚਾਹੀਦੀ ਹੈ ਕਿ ਇਹ ਚੁਸਤ, ਸੁਭਾਵਿਕ ਅਤੇ ਪਾਤਰਾਂ ਦੇ ਅਨੁਕੂਲ ਹੋਣ। ਇਹਨਾਂ ਦਾ ਪਾਤਰਾਂ ਦੀ ਮਨੋ-ਦਸ਼ਾ, ਗੁਣਾਂ-ਔਗੁਣਾਂ, ਸ਼ਖ਼ਸੀਅਤ ਅਤੇ ਯੋਗਤਾਵਾਂ ਦੇ ਅਨੁਸਾਰੀ ਹੋਣਾ ਵੀ ਜ਼ਰੂਰੀ ਹੈ। ਅਜਿਹੇ ਵਾਰਤਾਲਾਪਾਂ ਦੀ ਵਰਤੋਂ ਰਾਹੀਂ ਕਹਾਣੀ ਸਫਲਤਾ ਪ੍ਰਾਪਤ ਕਰਦੀ ਹੈ। ਇਸ ਦੇ ਉਲਟ ਲੰਮੇ-ਲੰਮੇ ਵਾਰਤਾਲਾਪਾਂ ਅਤੇ ਸੁਸਤ ਗਤੀ ਦਾ ਵਾਤਾਵਰਨ-ਚਿਤਰਨ ਕਹਾਣੀ ਦੀ ਪ੍ਰਭਾਵਸ਼ੀਲਤਾ ਨੂੰ ਠੇਸ ਪਹੁੰਚਾਉਂਦਾ ਹੈ। ਇਸ ਲਈ ਵਾਰਤਾਲਾਪਾਂ ਦਾ ਕਹਾਣੀ ਵਿੱਚ ਵਿਸ਼ੇਸ਼ ਯੋਗਦਾਨ ਹੁੰਦਾ ਹੈ।

### 4. ਵਾਤਾਵਰਨ :-

ਕਹਾਣੀ ਵਿੱਚ ਵਾਤਾਵਰਨ ਤੇ ਦ੍ਰਿਸ਼-ਚਿਤਰਨ ਦਾ ਵੀ ਵਿਸ਼ੇਸ਼ ਮਹੱਤਵ ਹੈ। ਕਹਾਣੀ ਕਿਉਂਕਿ ਜੀਵਨ ਦੀ ਵਿਸ਼ੇਸ਼ ਘਟਨਾ ਜਾਂ ਪਰਿਸਥਿਤੀ ਦਾ ਭਾਵਕ ਪ੍ਰਗਟਾਅ ਹੁੰਦੀ ਹੈ ਜਿਸ ਕਰਕੇ ਉਸ ਵਿਸ਼ੇਸ਼ ਘਟਨਾ ਨੂੰ ਸਮੁੱਚੇ ਵਾਤਾਵਰਨ ਦੇ ਚਿਤਰਨ ਰਾਹੀਂ ਪੇਸ਼ ਕਰਨ ਨਾਲ਼ ਯਥਾਰਥਿਕਤਾ ਅਤੇ ਸੁਭਾਵਿਕਤਾ ਦੇ ਦੋ ਵਿਸ਼ੇਸ਼ ਗੁਣ ਸੰਭਵ ਹੁੰਦੇ ਹਨ। ਨਿਰਸੰਦੇਹ ਦ੍ਰਿਸ਼-ਚਿਤਰਨ ਨੂੰ ਕਹਾਣੀ ਵਿੱਚ ਵਿਸ਼ੇਸ਼ ਸਥਾਨ ਹਾਸਲ ਹੈ। ਪੰਜਾਬੀ ਕਹਾਣੀ ਦੇ ਖੇਤਰ ਵਿੱਚ ਵਰਿਆਮ ਸੰਧੂ ਦੀਆਂ ਕਹਾਣੀਆਂ ਵਿੱਚ ਵਾਤਾਵਰਨ ਵਿਸ਼ੇਸ਼ ਸਫਲਤਾ ਨਾਲ਼ ਚਿਤਰਿਆ ਜਾਂਦਾ ਹੈ। ਉਸ ਦੀ ਪ੍ਰਸਿੱਧ ਕਹਾਣੀ 'ਭੱਜੀਆਂ ਬਾਹੀਂ'

ਵਿੱਚ ਉਸ ਨੇ ਇੱਕ ਘਰ ਦੀ ਘਰੋਗੀ ਸਮੱਸਿਆ ਨੂੰ ਪੰਜਾਬੀ ਸਮੱਸਿਆ ਦੇ ਦ੍ਰਿਸ਼ ਰਾਹੀਂ ਪੇਸ਼ ਕਰਕੇ, ਦਰਪੇਸ਼ ਸਮੱਸਿਆ ਨੂੰ ਇਤਿਹਾਸਿਕ ਅਤੇ ਵਾਰਤਾਲਾਪ-ਪ੍ਰਸੰਗ ਵਿੱਚ ਅਰਥ ਪ੍ਰਦਾਨ ਕਰਨ ਦੀ ਕੋਸ਼ਸ਼ ਕੀਤੀ ਹੈ।

### 5. ਭਾਸ਼ਾ ਤੇ ਸ਼ੈਲੀ :-

ਭਾਸ਼ਾ ਤੇ ਸ਼ੈਲੀ ਦਾ ਕਹਾਣੀ ਦੇ ਰਚਨਾ-ਵਿਧਾਨ ਵਿੱਚ ਵਿਸ਼ੇਸ਼ ਸਥਾਨ ਹੈ। ਸਾਹਿਤ-ਰਚਨਾ ਕਿਉਂਕਿ ਸ਼ਬਦਾਂ ਦੀ ਵਿਸ਼ੇਸ਼ ਕਿਸਮ ਦੀ ਸੰਜੋਗ-ਵਿਧੀ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਦੀ ਹੈ ਇਸ ਕਰਕੇ ਭਾਸ਼ਾ ਅਤੇ ਸ਼ੈਲੀ ਸਾਹਿਤ-ਸਿਰਜਣਾ ਦੇ ਪ੍ਰਮੁੱਖ ਸੰਦ ਹੁੰਦੇ ਹਨ। ਕਹਾਣੀ ਵਿੱਚ ਸ਼ਬਦਾਂ ਦਾ ਸਜੀਵ, ਰੋਚਕ, ਸੰਕੇਤਿਕ ਅਤੇ ਪ੍ਰਭਾਵਸ਼ਾਲੀ ਹੋਣਾ ਬੜਾ ਜ਼ਰੂਰੀ ਹੈ। ਇਸ ਦੇ ਨਾਲ਼ ਹੀ ਬਿਰਤਾਂਤ-ਸਿਰਜਣ ਸਮੇਂ ਲੇਖਕ ਨੂੰ ਲੋਕ-ਮੁਹਾਵਰਿਆਂ ਅਤੇ ਅਖਾਉਤਾਂ ਦੀ ਖੁੱਲ੍ਹ ਕੇ ਵਰਤੋਂ ਕਰਨੀ ਚਾਹੀਦੀ। ਕਹਾਣੀ ਵਿੱਚ ਚਾਲ ਕਦੇ ਵੀ ਸੁਸਤ ਨਹੀਂ ਹੋਣੀ ਚਾਹੀਦੀ ਸਗੋਂ ਉਸ ਨੂੰ ਤੇਜ਼ ਗਤੀ ਨਾਲ਼ ਚੱਲਣਾ ਚਾਹੀਦਾ ਹੈ। ਭਾਸ਼ਾ-ਚੋਣ ਸਮੇਂ ਲੇਖਕ ਨੂੰ ਕੇਂਦਰੀ ਭਾਸ਼ਾ ਵਰਤਣੀ ਚਾਹੀਦੀ ਹੈ। ਇਸ ਦੇ ਨਾਲ਼ ਹੀ ਵੱਖ-ਵੱਖ ਵਾਰਤਾਲਾਪਾਂ ਸਮੇਂ ਸਥਾਨਿਕ ਉਪਭਾਸ਼ਾ ਜਾਂ ਪਾਤਰਾਂ ਦੀ ਮਾਨਸਿਕਤਾ, ਵਿੱਦਿਅਕ-ਪੱਧਰ ਅਤੇ ਸੁਭਾਅ ਦੇ ਅਨੁਸਾਰ ਬੋਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਅਜਿਹੀ ਰੁਚੀ ਤੋਂ ਅਣਗਹਿਲੀ ਨਾਲ਼ ਕਹਾਣੀ ਵਿੱਚ ਰੋਚਕਤਾ ਤੇ ਸੁਭਾਵਿਕਤਾ ਘਟਦੀ ਹੈ। ਸ਼ੈਲੀ ਹੀ ਮੁੱਖ ਹੈ। ਸ਼ੈਲੀ, ਕਹਾਣੀਕਾਰ ਦੀ ਸ਼ਖ਼ਸੀਅਤ, ਉਸ ਦੀਆਂ ਰੁਚੀਆਂ ਅਤੇ ਉਸ ਦੇ ਅਨੁਭਵਾਂ ਉੱਤੇ ਨਿਰਭਰ ਕਰਦੀ ਹੈ। ਕਹਾਣੀ ਬਿਆਨ ਕਰਨ ਦੀ ਜੋ ਵਿਧੀ ਹੈ ਜਾਂ ਪ੍ਰਗਟਾਅ-ਢੰਗ ਹੈ, ਉਹੋ ਹੀ ਉਸ ਦੀ ਸ਼ੈਲੀ ਹੈ। ਕਹਾਣੀਕਾਰ ਵਿਸ਼ੇ-ਵਸਤੂ ਦੇ ਅਨੁਸਾਰ ਕੋਈ ਸ਼ੈਲੀ ਵਰਤ ਸਕਦਾ ਹੈ। ਕਹਾਣੀ ਦੀਆਂ ਆਮ ਸ਼ੈਲੀਆਂ ਵਿੱਚ ਕਥਾਤਮਿਕ ਸ਼ੈਲੀ, ਆਤਮ-ਕਥਾ ਸ਼ੈਲੀ, ਪੱਤਰਾਤਮਿਕ ਸ਼ੈਲੀ, ਵਾਰਤਾਲਾਪੀ ਸ਼ੈਲੀ ਜਾਂ ਡਾਇਰੀ - ਸ਼ੈਲੀ ਪ੍ਰਸਿੱਧ ਹਨ। ਪਰ ਸਭ ਤੋਂ ਵੱਧ ਲੋਕ-ਪ੍ਰਿਆ ਸ਼ੈਲੀ ਕਥਾਤਮਿਕ ਸ਼ੈਲੀ ਹੈ।

### 6. ਉਦੇਸ਼ :

ਹਰ ਇੱਕ ਨਿੱਕੀ ਕਹਾਣੀ ਦਾ ਇੱਕ ਉਦੇਸ਼ ਵੀ ਹੁੰਦਾ ਹੈ। ਹਰ ਕਹਾਣੀਕਾਰ ਆਪਣੇ ਉਦੇਸ਼ ਨੂੰ ਕਹਾਣੀ ਦੇ ਪਾਤਰਾਂ ਤੇ ਘਟਨਾਵਾਂ ਦੁਆਰਾ ਨਿਰੂਪਣ ਕਰਦਾ ਹੈ। ਅੱਜ-ਕੱਲ੍ਹ ਦੀਆਂ ਕਹਾਣੀਆਂ ਵਿੱਚ ਆਮ ਤੌਰ 'ਤੇ ਕਿਸੇ ਸੱਚ ਦੀ ਸਥਾਪਨਾ ਹੁੰਦੀ ਹੈ। ਇਹ ਸੱਚ ਮਨੋਵਿਗਿਆਨਿਕ ਹੋ ਸਕਦਾ ਹੈ, ਸਮਾਜਿਕ ਜਾਂ ਆਰਥਿਕ ਵੀ ਹੋ ਸਕਦਾ ਹੈ। ਮਨੁੱਖੀ ਸੁਭਾਅ ਨੂੰ ਕਹਾਣੀ ਦੇ ਰਾਹੀਂ ਪੇਸ਼ ਕਰਨਾ ਕਹਾਣੀਕਾਰ ਦਾ ਖ਼ਾਸ ਮੰਤਵ ਹੁੰਦਾ ਹੈ। ਨਿੱਕੀ ਕਹਾਣੀ ਵਿੱਚ ਸੰਪੂਰਨ ਜ਼ਿੰਦਗੀ ਦੀ ਵਿਆਖਿਆ ਤਾਂ ਨਹੀਂ ਹੋ ਸਕਦੀ ਪਰ ਜ਼ਿੰਦਗੀ ਦੇ ਕਿਸੇ ਇੱਕ ਪਹਿਲੂ ਉੱਤੇ ਇੱਕ ਖ਼ਾਸ ਨਜ਼ਰੀਏ ਨਾਲ਼ ਚਾਨਣਾ ਪਾਇਆ ਜਾ ਸਕਦਾ ਹੈ। ਇਸ ਲਈ ਕਹਾਣੀ ਦਾ ਅਸਲੀ ਮੰਤਵ ਜਾਂ ਉਦੇਸ਼ ਇਹੀ ਹੈ ਕਿ ਉਹ ਮਨੁੱਖੀ ਜੀਵਨ ਦੀ ਵਿਆਖਿਆ ਕਰੇ ਅਤੇ ਜੀਵਨ ਦੀਆਂ ਨਵੀਆਂ ਸੰਭਾਵਨਾਵਾਂ ਦੀ ਸਥਾਪਨਾ ਕਰੇ।

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਕਹਾਣੀ ਉਪਰੋਕਤ ਤੱਤਾਂ ਦੇ ਯੋਗ ਸੁਮੇਲ ਨਾਲ਼ ਹੀ ਸਾਰਥਕ ਹੋਂਦ ਧਾਰਨ ਕਰਦੀ ਹੈ। ਸਫਲ ਕਹਾਣੀ ਵਿੱਚ ਇਹਨਾਂ ਸਾਰਿਆਂ ਤੱਤਾਂ ਦਾ ਨਿਸ਼ਚਿਤ ਅਨੁਪਾਤ ਵਿੱਚ ਹੋਣਾ ਅਤਿ ਜ਼ਰੂਰੀ ਹੈ। ਇਹਨਾਂ ਵਿੱਚੋਂ ਕਿਸੇ ਤੱਤ ਦੀ ਅਣਹੋਂਦ ਨਾਲ਼ ਕਹਾਣੀ ਸੰਭਵ ਨਹੀਂ ਹੋ ਸਕਦੀ। ਸੋ, ਕਹਾਣੀ ਦੇ ਉਪਰੋਕਤ ਮਹੱਤਵਪੂਰਨ ਤੱਤ ਹਨ ਜਿਨ੍ਹਾਂ ਦਾ ਯੋਗ ਨਿਭਾਅ ਕਹਾਣੀ ਨੂੰ ਸਫਲਤਾ ਤੇ ਸਾਹਿਤਿਕ ਉੱਤਮਤਾ ਪ੍ਰਦਾਨ ਕਰਦਾ ਹੈ।

### ਪੰਜਾਬੀ ਕਹਾਣੀ :-

ਪੰਜਾਬੀ ਕਹਾਣੀ ਆਧੁਨਿਕ ਜੁਗ ਦੀ ਦੇਣ ਹੈ। ਭਾਵੇਂ ਇਸ ਨੂੰ ਪੱਛਮੀ ਸਾਹਿਤ ਦੇ ਸੰਪਰਕ ਨਾਲ਼ ਹੋਂਦ ਵਿੱਚ ਆਈ ਦੱਸਿਆ ਜਾਂਦਾ ਹੈ ਪਰ ਇਸ ਦੇ ਬੀਜ ਤਾਂ ਪੰਜਾਬੀ ਸਾਹਿਤ-ਪਰੰਪਰਾ ਵਿੱਚ ਪਹਿਲਾਂ ਹੀ ਪਏ ਸਨ ਜੋ ਢੁਕਵੀਆਂ ਪਰਸਥਿਤੀਆਂ ਤੇ ਵਾਤਾਵਰਨ ਬਣਦਿਆਂ ਹੀ ਉੱਗ ਪਏ। ਸਾਹਿਤ ਦੇ ਪ੍ਰਭਾਵਾਂ ਨੇ ਵੀ ਇਸ ਦੇ ਨਕਸ਼ ਉਘਾੜਨ ਵਿੱਚ ਭੂਮਿਕਾ ਨਿਭਾਈ ਹੈ।

ਪੰਜਾਬੀ ਕਹਾਣੀ ਨੇ ਕੁਝ ਦਹਾਕਿਆਂ ਵਿੱਚ ਹੀ ਸਿਖਰਾਂ ਛੂਹ ਲਈਆਂ ਹਨ। ਪ੍ਰਿੰਸੀਪਲ ਸੁਜਾਨ ਸਿੰਘ, ਸੰਤ ਸਿੰਘ

ਸੇਖੋਂ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਮਹਿੰਦਰ ਸਿੰਘ ਸਰਨਾ, ਮੋਹਨ ਭੰਡਾਰੀ ਪੰਜਾਬੀ ਕਹਾਣੀ ਦੇ ਵੱਡੇ ਨਾਂ ਹਨ। ਪੰਜਾਬੀ ਕਹਾਣੀ ਨੂੰ ਭਾਰਤ ਦੀਆਂ ਹੋਰ ਭਾਸ਼ਾਵਾਂ ਵਿੱਚ ਲਿਖੀ ਜਾਂਦੀ ਕਹਾਣੀ ਤੇ ਸੰਸਾਰ ਦੀਆਂ ਉੱਘੀਆਂ ਭਾਸ਼ਾਵਾਂ ਵਿੱਚ ਲਿਖੀ ਜਾਂਦੀ ਕਹਾਣੀ ਦੇ ਬਰਾਬਰ ਸਨਮਾਨਯੋਗ ਸਥਾਨ ਦਿਵਾਉਣ ਲਈ ਅਨੇਕਾਂ ਪੰਜਾਬੀ ਕਹਾਣੀਕਾਰਾਂ ਨੇ ਆਪਣਾ ਯੋਗਦਾਨ ਪਾਇਆ ਹੈ। ਸਭ ਦਾ ਨਾਂ ਏਥੇ ਲਿਖਣਾ ਥਾਂ ਦੀ ਘਾਟ ਕਾਰਨ ਮੁਸ਼ਕਲ ਹੈ। ਇਸਤਰੀ ਲੇਖਕਾਂ ਵਿੱਚੋਂ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਸੁਖਵੰਤ ਕੌਰ ਆਦਿ ਨੇ ਵੀ ਪੰਜਾਬੀ ਕਹਾਣੀ ਨੂੰ ਉੱਨਤ ਕਰਨ ਵਿੱਚ ਆਪਣਾ ਹਿੱਸਾ ਪਾਇਆ ਹੈ।

ਇਸ ਤੋਂ ਇਲਾਵਾ ਰਾਮਸਰੂਪ ਅਣਖੀ, ਗੁਰਬਚਨ ਸਿੰਘ ਭੁੱਲਰ, ਪ੍ਰੇਮ ਗੋਰਖੀ ਨਵੀਂ ਪੀੜ੍ਹੀ ਦੇ ਉੱਘੇ ਕਹਾਣੀਕਾਰ ਹਨ। ਪੰਜਾਬੀ ਸਾਹਿਤ ਵਿੱਚ ਹੁਣ ਮਿੰਨੀ ਕਹਾਣੀ ਵੀ ਬਹੁਤ ਸਫਲਤਾ ਨਾਲ਼ ਲਿਖੀ ਜਾ ਰਹੀ ਹੈ। ਮਿੰਨੀ ਕਹਾਣੀ ਆਕਾਰ ਵਿੱਚ ਨਿੱਕੀ ਕਹਾਣੀ ਤੋਂ ਵੀ ਬਹੁਤ ਸੰਖੇਪ ਹੁੰਦੀ ਹੈ।

### ਔਖੇ ਸ਼ਬਦਾਂ ਦੇ ਅਰਥ :

**ਆਖਾਇਕਾ**- ਮੂੰਹ-ਜ਼ਬਾਨੀ ਸੁਣਾਈਆਂ ਕਹਾਣੀਆਂ। **ਦਸਤਾਵੇਜ਼**- ਲਿਖਤੀ ਪ੍ਰਮਾਣ। **ਆਵੱਸ਼ਕ**- ਜ਼ਰੂਰੀ। **ਕਿਰਦਾਰ**- ਕੰਮ, ਅਮਲ। **ਵਿਲੱਖਣ**- ਨਿਰਾਲਾ, ਅਨੋਖਾ, ਅਜੀਬ। **ਯਥਾਰਥਿਕ**- ਸਚਾਈ। **ਦਰਪੇਸ਼**- ਸਾਮ੍ਹਣੇ, ਸਨਮੁਖ। **ਨਿਰੂਪਣ**- ਵਰਨਣ ਕਰਨਾ, ਖੋਲ੍ਹ ਕੇ ਦੱਸਣਾ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਕਹਾਣੀ ਦਾ _______ਅਤੇ ਅੰਤ ਵਿਸ਼ੇਸ਼ ਮਹੱਤਵ ਰੱਖਦਾ ਹੈ।
2. ਐਲਰੀ ਸੇਜਵਿਕ ਅਨੁਸਾਰ ਕਹਾਣੀ _______ ਵਾਂਗ ਹੁੰਦੀ ਹੈ।
3. ਜੇਕਰ ਕਹਾਣੀ ਵਿੱਚ ਸਿੱਧੀ ਬਿਆਨਬਾਜ਼ੀ ਹੋਵੇਗੀ ਤਾਂ ਉਹ ਸਿਰਫ਼ _______ ਬਣ ਜਾਵੇਗੀ।
4. _______ ਅਤੇ ਸੰਖੇਪਤਾ ਕਹਾਣੀ ਦਾ ਜ਼ਰੂਰੀ ਗੁਣ ਹੈ।
5. ਕਹਾਣੀ ਦੀ ਸਭ ਤੋਂ ਲੋਕ-ਪ੍ਰਿਆ ਸ਼ੈਲੀ_______ ਸ਼ੈਲੀ ਹੈ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-**

1. ਨਿੱਕੀ ਕਹਾਣੀ ਦਾ ਅੰਤ ਕਿਹੋ-ਜਿਹਾ ਹੁੰਦਾ ਹੈ?
2. ਕਿਹੜੇ ਗੁਣ ਤੋਂ ਬਿਨਾਂ ਸਾਹਿਤ-ਰਚਨਾ ਨਿਰਜਿੰਦ ਹੋ ਜਾਂਦੀ ਹੈ।
3. ਕਹਾਣੀ ਦਾ ਕਥਾਨਕ ਕਿਹੋ-ਜਿਹਾ ਹੁੰਦਾ ਹੈ?
4. ਬਿਰਤਾਂਤ ਸਿਰਜਣ ਸਮੇਂ ਕਹਾਣੀਕਾਰ ਨੂੰ ਕਿਸ ਦੀ ਵਰਤੋਂ ਖੁੱਲ੍ਹ ਕੇ ਕਰਨੀ ਚਾਹੀਦੀ ਹੈ।

(ੲ) **ਵਿਸਤਾਰ ਸਹਿਤ ਉੱਤਰ ਦਿਓ-**

1. ਕਹਾਣੀ ਕੀ ਹੁੰਦੀ ਹੈ ? ਨਿੱਕੀ ਕਹਾਣੀ ਦੀਆਂ ਕੀ-ਕੀ ਵਿਸ਼ੇਸ਼ਤਾਈਆਂ ਹਨ ?
2. ਕਹਾਣੀ ਦੇ ਮੁੱਖ ਤੱਤਾਂ ਦਾ ਵਰਨਣ ਕਰੋ।
3. ਨਿੱਕੀ ਕਹਾਣੀ ਬਾਰੇ ਤੁਹਾਡੀ ਪਾਠ-ਪੁਸਤਕ ਵਿੱਚ ਜੋ ਲੇਖ ਹੈ, ਉਸ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਜੇਕਰ ਤੁਸੀਂ ਕੋਈ ਕਹਾਣੀ ਪੜ੍ਹੀ ਹੈ ਤਾਂ ਦੱਸੋ ਉਸ ਵਿੱਚ ਕਹਾਣੀ ਵਾਲ਼ੇ ਕਿਹੜੇ-ਕਿਹੜੇ ਗੁਣ ਮੌਜੂਦ ਸਨ ?

ਮੌਲਿਕ ਕਹਾਣੀ ਲਿਖਣ ਦਾ ਜਤਨ ਕਰੋ। ਕਹਾਣੀ ਲਿਖਣ ਉਪਰੰਤ ਆਪਣੇ ਅਧਿਆਪਕ ਨੂੰ ਵਿਖਾਓ ਅਤੇ ਸ਼੍ਰੇਣੀ ਵਿੱਚ ਸੁਣਾਓ।

# ਨਿਬੰਧ 6

ਵਾਰਤਕ ਨੂੰ ਸਾਹਿਤਕਾਰ ਦਾ ਬੌਧਿਕ ਜਤਨ ਮੰਨਿਆ ਜਾਂਦਾ ਹੈ ਅਤੇ ਨਿਬੰਧ ਸ੍ਵੈ-ਪ੍ਰਗਟਾਵੇ ਦਾ ਵਧੀਆ ਮਾਧਿਅਮ ਹੈ। ਆਧੁਨਿਕ ਕਾਲ ਵਿੱਚ ਨਿਬੰਧ ਹਰ ਪ੍ਰਕਾਰ ਦੇ ਭਾਵਾਂ ਤੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਇੱਕ ਸਫ਼ਲ ਮਾਧਿਅਮ ਬਣ ਗਿਆ ਹੈ।

ਨਿਬੰਧ ਸ਼ਬਦ ਦੇ ਕੋਸ਼ਗਤ ਅਰਥ-ਬੰਨਣਾ, ਗੁੰਦਣਾ ਅਤੇ ਇੱਕਠਾ ਕਰਨਾ ਆਦਿ ਹਨ। ਪੁਰਾਤਨ ਸਮਿਆਂ ਵਿੱਚ ਕਾਗਜ਼ ਦੀ ਅਣਹੋਂਦ ਕਾਰਨ ਭੋਜ- ਪੁੱਤਰਾਂ 'ਤੇ ਲਿਖਣ ਦਾ ਰਿਵਾਜ ਪ੍ਰਚਲਿਤ ਸੀ ਤੇ ਇਹਨਾਂ ਭੋਜ-ਪੱਤਰਾਂ ਨੂੰ ਇੱਕਠੇ ਕਰਨ ਤੇ ਬੰਨ੍ਹਣ ਦੀ ਪ੍ਰਕਿਰਿਆ ਹੀ ਨਿਬੰਧ ਅਖਵਾਉਂਦੀ ਸੀ। ਅੰਗਰੇਜ਼ੀ ਵਿੱਚ ਪਰਿਆਇਵਾਚੀ ਸ਼ਬਦ ਐੱਸੇ (Essay) ਹੈ। ਅੰਗਰੇਜ਼ੀ ਸਾਹਿਤ ਦੇ ਵਿਦਵਾਨ ਡਾ. ਜਾਨਸਨ ਨੇ ਨਿਬੰਧ ਨੂੰ ਮਨ ਦਾ ਖੁੱਲ੍ਹਾ ਪ੍ਰਗਟਾਵਾ, ਬੇਤਰਤੀਬਾ, ਉਘੜਾ-ਦੁਘੜਾ ਤੇ ਅਣਪਚਿਆ ਟੋਟਾ ਕਿਹਾ ਹੈ। ਪਰ ਸਪਸ਼ਟ ਹੈ, ਅੱਜ-ਕੱਲ੍ਹ ਨਿਬੰਧ ਦੇ ਅਰਥ ਬਦਲ ਗਏ ਹਨ। ਹੁਣ ਨਿਬੰਧ ਨੂੰ ਭਾਵ, ਵਿਚਾਰ, ਦਲੀਲ ਤੇ ਸੁਯੋਗ ਵਿਆਖਿਆ ਦਾ ਸੁਮੇਲ ਸ੍ਵੀਕਾਰ ਕੀਤਾ ਜਾਂਦਾ ਹੈ। ਇਹ ਹੀ ਨਹੀਂ ਸਗੋਂ ਵਧੀਆ ਕਿਸਮ ਦੇ ਆਲੋਚਨਾਤਮਿਕ ਤੇ ਸਾਹਿਤਿਕ ਨਿਬੰਧਾਂ ਨੂੰ ਅਜਿਹੀ ਕਸਵੱਟੀ 'ਤੇ ਪਰਖਣਾ ਭੁੱਲ ਹੋਵੇਗੀ। ਅਜੋਕਾ ਨਿਬੰਧ ਬੇਕਾਇਦਾ ਤੋਂ ਬਾਕਾਇਦਾ ਤੱਕ ਦਾ ਸਫ਼ਰ ਤੈਅ ਕਰ ਚੁੱਕਾ ਹੈ।

### ਪਰਿਭਾਸ਼ਾ :

ਨਿਬੰਧ ਵਾਰਤਕ ਦਾ ਉਹ ਸਾਹਿਤ-ਰੂਪ ਹੈ ਜਿਸ ਵਿੱਚ ਭਾਵ ਤੇ ਖ਼ਿਆਲ ਨਿੱਜੀ ਛੁਹਾਂ ਵਾਲ਼ੀ ਗੱਦ-ਸ਼ੈਲੀ ਵਿੱਚ ਗੁੰਦੇ ਹੋਏ ਹੁੰਦੇ ਹਨ। ਬਹੁਤ ਸਾਰੇ ਵਿਦਵਾਨਾਂ ਨੇ ਭਾਵਾਂ ਤੇ ਵਿਚਾਰਾਂ ਦੇ ਖੁੱਲ੍ਹੇ ਪ੍ਰਗਟਾਅ ਨੂੰ ਨਿਬੰਧ ਦਾ ਨਾਂ ਦਿੱਤਾ ਹੈ।

ਇੱਕ ਵਿਦਵਾਨ ਨੇ ਲਿਖਿਆ ਹੈ ਕਿ "ਤਰਕ ਤੇ ਪੂਰਨਤਾ ਦਾ ਅਧਿਕ ਖ਼ਿਆਲ ਨਾ ਰੱਖਣ ਵਾਲ਼ਾ ਗੱਦ-ਰੂਪ ਹੀ ਨਿਬੰਧ ਅਖਵਾਉਂਦਾ ਹੈ ਜਿਸ ਵਿੱਚ ਕਿਸੇ ਵਿਸ਼ੇ ਦਾ ਅਤਿ ਵਿਸਤਾਰ ਨਾ ਹੋਵੇ ਜਿਸ ਵਿੱਚ ਲੇਖਕ ਦਾ ਵਿਅਕਤਿਤਵ ਝਲਕ ਉੱਠੇ।"

ਇੱਕ ਹੋਰ ਅੰਗਰੇਜ਼ੀ ਵਿਦਵਾਨ ਦਾ ਕਹਿਣਾ ਹੈ ਕਿ "ਨਿਬੰਧ ਇੱਕ ਨਿੱਕੀ ਜਿਹੀ ਹਾਂ-ਮੁੱਖ ਰਚਨਾ ਸ਼ੈਲੀ ਹੈ ਜਿਸ ਵਿੱਚ ਨਿਬੰਧਕਾਰ ਪਾਠਕ ਨੂੰ ਆਪਣਾ ਰਾਜ਼ਦਾਨ ਬਣਾ ਕੇ ਇਸ ਤਰ੍ਹਾਂ ਵਾਰਤਾਲਾਪ ਕਰਦਾ ਹੈ, ਜਿਵੇਂ ਉਹ ਆਪ ਹਾਜ਼ਰ ਸ੍ਰੋਤਾ ਹੋਵੇ।

ਸਾਰਿਆਂ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਨਿਬੰਧ ਇੱਕ ਸੰਖੇਪ ਜਿਹੀ ਗੱਦ-ਰਚਨਾ ਹੈ ਜਿਸ ਵਿੱਚ ਨਿਬੰਧਕਾਰ ਜੀਵਨ ਤੇ ਸਮਾਜ ਨਾਲ਼ ਸੰਬੰਧਿਤ ਅਨੇਕ ਸਮੱਸਿਆਵਾਂ ਪ੍ਰਤਿ ਆਪਣੇ ਪ੍ਰਤਿਕਰਮਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦਾ ਹੈ ਕਿ ਉਹ ਵੱਧ ਤੋਂ ਵੱਧ ਰੋਚਕ, ਭਾਵਪੂਰਤ ਤੇ ਚਮਤਕਾਰੀ ਬਣ ਜਾਣ।

### ਨਿਬੰਧ ਤੇ ਲੇਖ

ਅੰਗਰੇਜ਼ੀ ਵਿੱਚ ਜਿਸ ਤਰ੍ਹਾਂ ਐੱਸੇ (Essay) ਦਾ ਸਮਾਨਾਰਥਕ ਸ਼ਬਦ ਨਿਬੰਧ ਹੈ, ਉਸੇ ਤਰ੍ਹਾਂ ਆਰਟੀਕਲ (article) ਲਈ ਸ਼ਬਦ 'ਲੇਖ' ਮੰਨਿਆ ਜਾਂਦਾ ਹੈ। ਕਈਆਂ ਵਿਦਵਾਨਾਂ ਨੇ ਇਹਨਾਂ ਦੋਹਾਂ ਸ਼ਬਦਾਂ ਨੂੰ ਇੱਕੋ ਪ੍ਰਸੰਗ ਵਿੱਚ

ਵਰਤਣ 'ਤੇ ਜ਼ੋਰ ਦਿੱਤਾ ਹੈ। ਪਰ ਹੁਣ ਸਾਰੇ ਵਿਦਵਾਨਾਂ ਨੇ ਇਹਨਾਂ ਦੋਹਾਂ ਸ਼ਬਦਾਂ ਵਿੱਚ ਬੜੇ ਸੂਖਮ ਅੰਤਰ ਸਪਸ਼ਟ ਕਰਕੇ ਦੋਹਾਂ ਨੂੰ ਵੱਖੋ-ਵੱਖਰੇ ਪ੍ਰਸੰਗ ਵਿੱਚ ਵਰਤਣ ਲਈ ਕਿਹਾ ਹੈ। ਦੋਹਾਂ ਨੂੰ ਇੱਕੋ ਪ੍ਰਸੰਗ ਵਿੱਚ ਵਰਤਣ ਵਾਲ਼ੇ ਵਿਦਵਾਨਾਂ ਦਾ ਵਿਚਾਰ ਹੈ ਕਿ ਦੋਹਾਂ ਸ਼ਬਦਾਂ ਨੂੰ ਵੱਖੋ-ਵੱਖਰੇ ਅਰਥਾਂ ਵਿੱਚ ਵਰਤਣ ਨਾਲ ਬਹੁਤ ਸਾਰੀਆਂ ਉੱਤਮ ਰਚਨਾਵਾਂ ਘਟੀਆ ਰਚਨਾਵਾਂ ਹੋ ਨਿੱਬੜਨਗੀਆਂ ਜਿਵੇਂ ਪੂਰਨ ਸਿੰਘ ਦੀ ਪੁਸਤਕ 'ਖੁੱਲ੍ਹੇ ਲੇਖ' ਆਦਿ। ਅਜਿਹੇ ਵਿਦਵਾਨਾਂ ਅਨੁਸਾਰ ਲੇਖ ਹਲਕੀਆਂ-ਫੁਲਕੀਆਂ ਤੇ ਨੀਵੇਂ ਪੱਧਰ ਦੀਆਂ ਰਚਨਾਵਾਂ ਦਾ ਨਾਂ ਹੈ ਜਦ ਕਿ ਨਿਬੰਧ ਬੌਧਿਕਤਾ-ਭਰਪੂਰ ਤੇ ਉੱਚੇ ਪੱਧਰ ਦੀਆਂ ਰਚਨਾਵਾਂ ਹੁੰਦੀਆਂ ਹਨ। ਪਰੰਤੂ ਲੇਖ ਤੇ ਨਿਬੰਧ ਵਿੱਚ ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਜਚਵਾਂ ਪ੍ਰਤੀਤ ਨਹੀਂ ਹੁੰਦਾ। ਨਾ ਤਾਂ ਸਾਰੇ ਲੇਖ ਘਟੀਆ ਪੱਧਰ ਦੇ ਹੋ ਸਕਦੇ ਹਨ ਤੇ ਨਾ ਹੀ ਸਾਰੇ ਨਿਬੰਧ ਉੱਚੇ-ਪੱਧਰ ਦੇ। ਹਾਂ, ਉਹਨਾਂ ਵਿੱਚ ਯਕੀਨੀ ਤੌਰ 'ਤੇ ਕੁਝ ਸੂਖਮ ਅੰਤਰ ਹਨ ਜਿਨ੍ਹਾਂ ਨੂੰ ਜਾਣਨਾ ਅਤਿ ਜ਼ਰੂਰੀ ਹੈ। ਡਾ. ਰੋਸ਼ਨ ਲਾਲ ਆਹੂਜਾ ਨੇ ਇਸ ਅੰਤਰ ਨੂੰ ਬਹੁਤ ਢੁਕਵੇਂ ਸ਼ਬਦਾਂ ਵਿੱਚ ਵਿਅਕਤ ਕੀਤਾ ਹੈ। ਪ੍ਰਿੰ. ਤੇਜਾ ਸਿੰਘ ਦੀਆਂ ਰਚਨਾਵਾਂ ਵਿੱਚੋਂ 'ਘਰ ਦਾ ਪਿਆਰ' ਨੂੰ ਲੇਖ ਪਰ 'ਪੰਜਾਬੀ ਵਿੱਚ ਕਾਫ਼ੀ' ਨੂੰ ਨਿਬੰਧ ਸ੍ਵੀਕਾਰ ਕਰਦੇ ਹੋਏ ਉਹ ਲਿਖਦੇ ਹਨ, ਇਹਨਾਂ ਦੋਹਾਂ ਵਿੱਚ ਅੰਤਰ ਹੈ ਜਿਸ ਨੂੰ ਜਾਣਨਾ ਜ਼ਰੂਰੀ ਹੈ। ਲੇਖ ਤੇ ਨਿਬੰਧ ਦੋਵੇਂ ਸਾਹਿਤਿਕ ਰਚਨਾਵਾਂ ਹਨ, ਦੋਵੇਂ ਵਾਰਤਕ ਦੇ ਉੱਚੇ ਨਮੂਨੇ ਹਨ ਪਰ ਇਹਨਾਂ ਦੇ ਵਿਸ਼ੇ, ਇਹਨਾਂ ਦੀ ਸ਼ੈਲੀ ਅਤੇ ਇਹਨਾਂ ਦੇ ਉਦੇਸ਼ ਜਾਂ ਪ੍ਰਭਾਵ ਵਿੱਚ ਅੰਤਰ ਹੈ।

ਲੇਖ ਵਿੱਚ ਭਾਵ ਪ੍ਰਧਾਨ ਹੁੰਦੇ ਹਨ ਪਰ ਨਿਬੰਧ ਵਿੱਚ ਵਿਚਾਰ ਪ੍ਰਧਾਨ ਹੁੰਦਾ ਹੈ। ਲੇਖ ਅੰਤਰਮੁਖੀ ਤੇ ਵਿਅਕਤੀਗਤ ਹੁੰਦਾ ਹੈ ਪਰ ਨਿਬੰਧ ਬਾਹਰਮੁਖੀ ਜਾਂ ਵਿਸ਼ੇਬੱਧ ਹੁੰਦਾ ਹੈ। ਲੇਖ ਵਿੱਚ ਕਲਪਨਾ ਨੂੰ ਉਡਾਰੀ ਲਈ ਖੁੱਲ੍ਹ ਹੁੰਦੀ ਹੈ ਪਰ ਨਿਬੰਧ ਵਿੱਚ ਵਿਚਾਰ ਦਾ ਵਿਕਾਸ ਹੁੰਦਾ ਹੈ। ਲੇਖ ਵਿੱਚ ਭਾਵਾਂ ਦੀ ਕ੍ਰੀੜਾ ਹੁੰਦੀ ਹੈ ਪਰ ਨਿਬੰਧ ਤਰਕਪੂਰਨ ਜਾਂ ਆਲੋਚਨਾਤਮਿਕ ਹੁੰਦਾ ਹੈ ਜਿਸ ਵਿੱਚ ਵਿਆਖਿਆ ਤੇ ਮੁਲਾਂਕਣ ਅੰਤਰਗਤ ਹੁੰਦੇ ਹਨ। ਇਹ ਹੀ ਨਹੀਂ ਲੇਖਕ ਅਨੁਸਾਰ ਲੇਖ ' ਗ਼ੈਰਰਸਮੀ ' ਤੇ ਨਿਬੰਧ ਰਸਮੀ ਹੁੰਦਾ ਹੈ। ਲੇਖ ਤੋਂ ਭਾਵਕ ਅਨੰਦ ਮਿਲ਼ਦਾ ਹੈ ਪਰ ਨਿਬੰਧ ਬੌਧਿਕ ਸੰਤੁਸ਼ਟਤਾ ਪ੍ਰਦਾਨ ਕਰਦਾ ਹੈ। ਲੇਖ ਵਿੱਚੋਂ ਲਿਖਾਰੀ ਦੇ ਪਿਆਰ, ਵਿਅਕਤਿਤਵ ਤੋਂ ਚਰਿਤਰ ਦੀ ਝਲਕ ਮਿਲ਼ਦੀ ਹੈ ਪਰ ਨਿਬੰਧ ਵਿੱਚ ਨਿਬੰਧਕਾਰ ਦੀ ਯੋਗਤਾ ਤੋਂ ਬੁੱਧੀ ਦਾ ਪ੍ਰਭਾਵ ਪੈਂਦਾ ਹੈ। ਲੇਖ ਦੀ ਬਣਤਰ ਵਿਰਲੀ ਹੁੰਦੀ ਹੈ ਪਰ ਨਿਬੰਧ ਦੀ ਸ਼ੈਲੀ ਸੰਖਿਪਤ ਤੇ ਨਿਯਮਿਤ ਹੁੰਦੀ ਹੈ। ਸੋ, ਜੇ ਇਹਨਾਂ ਵਿਚਾਰਾਂ ਨੂੰ ਥੋੜ੍ਹਾ ਸੰਖਿਪਤ ਰੂਪ ਵਿੱਚ ਵੇਖਿਆ ਜਾਵੇ ਤਾਂ ਨਤੀਜਾ ਇਹ ਨਿਕਲ਼ਦਾ ਹੈ ਕਿ ਲੇਖ ਭਾਵ-ਭਰਪੂਰ, ਕਲਪਨਾਤਮਿਕ, ਗ਼ੈਰਰਸਮੀ ਤੇ ਵਿਅਕਤਿਤਵ ਪ੍ਰਧਾਨ ਵਿਰਲੀ ਬਣਤਰ ਵਾਲ਼ੀ ਰਚਨਾ ਹੈ ਜਦਕਿ ਨਿਬੰਧ ਬੌਧਿਕਤਾ-ਭਰਪੂਰ, ਵਿਚਾਰਾਤਮਿਕ, ਯੋਗਤਾਮਈ ਤੇ ਸੰਖਿਪਤ, ਨਿਯਮਿਤ ਤੇ ਸਕਰਮਕ ਸ਼ੈਲੀ ਵਾਲ਼ੀ ਰਚਨਾ ਹੈ।

## ਨਿਬੰਧ ਦੇ ਤੱਤ

ਨਿਬੰਧ ਭਾਵੇਂ ਕਿਸੇ ਵੀ ਵਿਸ਼ੇ ਨਾਲ਼ ਸੰਬੰਧ ਰੱਖਦਾ ਹੋਵੇ ਵਿੱਚ ਕੁਝ ਅਜਿਹੇ ਸਾਹਿਤਿਕ ਤੱਤ ਹਨ ਜੋ ਹਰ ਪ੍ਰਕਾਰ ਦੇ ਨਿਬੰਧ ਦੀ ਸੰਰਚਨਾ ਦਾ ਜ਼ਰੂਰੀ ਅੰਗ ਹੁੰਦੇ ਹਨ। ਇਹ ਪ੍ਰਮੁੱਖ ਤੱਤ ਹੇਠ ਲਿਖੇ ਅਨੁਸਾਰ ਹਨ-

1. **ਅਨੁਭਵ** : ਭਾਵਾਂ ਤੇ ਵਿਚਾਰਾਂ ਦਾ ਸੰਬੰਧ ਮਨੁੱਖ ਦੇ ਅਨੁਭਵ ਨਾਲ਼ ਹੈ, ਜਿੰਨੇ ਵਿਸ਼ਾਲ ਕਿਸੇ ਵਿਅਕਤੀ ਦੇ ਅੰਤਰਮੁਖੀ ਤੇ ਬਾਹਰਮੁਖੀ ਅਨੁਭਵ ਹੋਣਗੇ, ਓਨੇ ਹੀ ਡੂੰਘੇ ਭਾਵਾਂ ਤੇ ਵਿਚਾਰਾਂ ਦਾ ਉਹ ਮਾਲਕ ਹੋਵੇਗਾ, ਕਿਉਂਕਿ ਜਿਸ ਤਰ੍ਹਾਂ ਦਾ ਵੀ ਅਨੁਭਵ ਉਸ ਨੂੰ ਜੀਵਨ ਵਿੱਚੋਂ ਪ੍ਰਾਪਤ ਹੋਵੇਗਾ, ਉਸੇ ਤਰ੍ਹਾਂ ਦਾ ਉਸ ਦਾ ਦ੍ਰਿਸ਼ਟੀਕੋਣ ਬਣਦਾ ਜਾਵੇਗਾ ਅਤੇ ਸਰਬਪੱਖੀ ਅਨੁਭਵ ਵਧੀਆ ਸ਼ੈਲੀ ਦੇ ਸਿਰਜਣਹਾਰ ਹੁੰਦੇ ਹਨ। ਅਨੁਭਵ ਤੋਂ ਬਿਨਾਂ ਨਿਬੰਧ ਵਿੱਚ ਕੁਝ ਹੋਰ ਅਜਿਹੇ ਗੁਣ ਹਨ ਜੋ ਇਸ ਨੂੰ ਬਾਕੀ ਸਾਹਿਤ-ਰੂਪਾਂ ਨਾਲ਼ੋਂ ਨਿਖੇੜਦੇ ਹਨ ਅਤੇ ਇਸ ਦੀ ਵੱਖਰੀ ਹੋਂਦ ਸਥਾਪਿਤ ਕਰਦੇ ਹਨ।
2. **ਨਿਬੰਧ ਦਾ ਆਕਾਰ** : ਨਿਬੰਧ ਦਾ ਆਕਾਰ ਛੋਟਾ ਹੁੰਦਾ ਹੈ। ਇਸ ਲਈ ਇਹ ਅਜਿਹੀ ਲਘੂ ਰਚਨਾ ਹੈ ਜੋ ਕਿਸੇ ਵਿਹਲੇ ਸਮੇਂ ਸੌਖੀ ਤਰ੍ਹਾਂ ਪੜ੍ਹੀ ਜਾ ਸਕਦੀ ਹੈ।
3. **ਨਿਬੰਧ ਦਾ ਕੰਮ** : ਨਿਬੰਧ ਦਾ ਕੰਮ ਕਿਸੇ ਗੱਲ ਨੂੰ ਸਾਬਤ ਕਰਨਾ ਨਹੀਂ ਹੁੰਦਾ ਬਲਕਿ ਉਸ ਦਾ ਚਿਤਰਨ ਕਰਨਾ ਹੁੰਦਾ ਹੈ ਕਿਉਂਕਿ ਨਿਬੰਧ ਖੋਜ-ਰਚਨਾ ਨਹੀਂ ਹੈ, ਸਾਹਿਤ-ਰੂਪ ਹੈ।

4. **ਕੇਂਦਰੀ ਵਿਚਾਰ :** ਨਿਬੰਧ ਵਿੱਚ ਕੋਈ ਇੱਕ ਕੇਂਦਰੀ ਵਿਚਾਰ ਹੁੰਦਾ ਹੈ ਜਿਸ ਨੂੰ ਸੁਹਜ-ਸੁਆਦੀ ਢੰਗ ਨਾਲ਼ ਬਿਆਨ ਕੀਤਾ ਜਾਂਦਾ ਹੈ।

5. **ਪੇਸ਼ਕਾਰੀ ਦੀ ਅਜ਼ਾਦੀ :** ਨਿਬੰਧ ਵਿੱਚ ਜਿਸ ਵਿਸ਼ੇ ਦਾ ਬਿਆਨ ਕੀਤਾ ਜਾਂਦਾ ਹੈ, ਉਸ ਉੱਤੇ ਲੇਖਕ ਆਪਣੇ ਵਿਚਾਰ ਪੂਰੀ ਅਜ਼ਾਦੀ ਨਾਲ਼ ਪੇਸ਼ ਕਰਦਾ ਹੈ ਪਰ ਉਹਨਾਂ ਨੂੰ ਪਾਠਕਾਂ ਉੱਤੇ ਠੋਸ ਨਹੀਂ ਸਕਦਾ।


6. **ਨਿਬੰਧ ਦਾ ਪ੍ਰਭਾਵ :** ਨਿਬੰਧ ਵਿੱਚ ਦਿਲ ਨੂੰ ਅਪੀਲ ਕਰਨ ਦੀ ਵਧੇਰੇ ਸ਼ਕਤੀ ਹੈ ਭਾਵੇਂ ਉਹ ਬੁੱਧੀ ਨੂੰ ਵੀ ਪ੍ਰਭਾਵਿਤ ਕਰਦਾ ਹੈ।

7. **ਪ੍ਰਗਟਾਅ-ਵਿਧੀ :** ਨਿਬੰਧ ਦੀ ਪ੍ਰਗਟਾਅ-ਵਿਧੀ ਵਿਚਾਰਹੀਣ ਨਹੀਂ ਹੋਣੀ ਚਾਹੀਦੀ। ਸੁਤੰਤਰ ਵਿਚਾਰਾਂ ਨੂੰ ਸੁਤੰਤਰ ਰੂਪ ਵਿੱਚ ਪੇਸ਼ ਕਰਨਾ ਹੀ ਨਿਬੰਧ ਦਾ ਮੰਤਵ ਹੁੰਦਾ ਹੈ।

8. **ਭਾਸ਼ਾ ਤੇ ਸ਼ੈਲੀ :-** ਮਹਾਨ ਵਿਸ਼ੇ ਨਾਲ਼ ਜੁੜੇ ਡੂੰਘੇ ਭਾਵਾਂ ਤੇ ਬੌਧਿਕ ਵਿਚਾਰਾਂ ਨੂੰ ਜੇ ਉਘੜ-ਦੁਘੜੇ ਜਾਂ ਬੇਤਰਤੀਬੇ ਰੂਪ ਵਿੱਚ ਪੇਸ਼ ਕਰ ਦਿੱਤਾ ਜਾਵੇ ਤਾਂ ਰਚਨਾ ਦਾ ਪ੍ਰਭਾਵ ਘਟ ਜਾਂਦਾ ਹੈ ਪਰ ਜੇਕਰ ਉਹਨਾਂ ਨੂੰ ਕਿਸੇ ਖ਼ਾਸ ਤਰਤੀਬ ਤੇ ਕ੍ਰਮ ਨਾਲ਼ ਪੇਸ਼ ਕੀਤਾ ਜਾਵੇ ਤਾਂ ਰਚਨਾ ਦਾ ਪ੍ਰਭਾਵ ਦੂਣਾ ਹੋ ਜਾਂਦਾ ਹੈ। ਅਜਿਹੀ ਰਚਨਾ ਵਿੱਚੋਂ ਲੇਖਕ ਦਾ ਨਿੱਜੀ ਦ੍ਰਿਸ਼ਟੀਕੋਣ ਆਪਣੇ ਆਪ ਹੀ ਉੱਘੜ ਕੇ ਸਾਹਮਣੇ ਆ ਜਾਂਦਾ ਹੈ ਜੋ ਇੱਕ ਵਧੀਆ ਨਿਬੰਧ ਲਈ ਅਤਿ ਜ਼ਰੂਰੀ ਹੈ। ਨਿਬੰਧਕਾਰ ਲਈ ਇੱਕ ਨਿਬੰਧ ਰਚਣ ਵੇਲ਼ੇ ਭਾਸ਼ਾ-ਸ਼ੈਲੀ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਜਿਸ ਪੱਧਰ ਦਾ ਨਿਬੰਧ ਹੋਵੇ, ਭਾਸ਼ਾ ਵੀ ਉਸੇ ਪੱਧਰ ਦੀ ਹੋਣੀ ਚਾਹੀਦੀ ਹੈ। ਇਹ ਭਾਸ਼ਾ ਸਰਲ, ਸਧਾਰਨ, ਤਕਨੀਕੀ ਤੇ ਉਚੇਰੀ ਕਿਸੇ ਕਿਸਮ ਦੀ ਵੀ ਹੋ ਸਕਦੀ ਹੈ ਪਰ ਨਿਬੰਧ ਦੇ ਅਨੁਕੂਲ ਹੋਣੀ ਚਾਹੀਦੀ ਹੈ। ਭਾਵਾਂ ਤੇ ਵਿਚਾਰਾਂ ਦੇ ਪ੍ਰਗਟਾਅ ਲਈ ਵਧੀਆ ਸ਼ਬਦਾਵਲੀ ਤੇ ਨਵੇਕਲੀ ਸ਼ੈਲੀ ਨਿਬੰਧਕਾਰ ਨੂੰ ਦੂਸਰਿਆਂ ਤੋਂ ਨਿਖੇੜ ਕੇ ਸਾਹਿਤ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਕਰਨ ਵਿੱਚ ਸਹਾਈ ਹੁੰਦਾ ਹੈ।

## ਨਿਬੰਧ ਦੇ ਪ੍ਰਕਾਰ :

ਨਿਬੰਧ ਕਈ ਪ੍ਰਕਾਰ ਦੇ ਹੋ ਸਕਦੇ ਹਨ। ਡਾ. ਸਤਿੰਦਰ ਸਿੰਘ ਅਨੁਸਾਰ ਨਿਬੰਧਾਂ ਦਾ ਵਰਗੀਕਰਨ ਕਰਨ ਲਈ ਦੋ ਠੋਸ ਆਧਾਰ ਹਨ- ਵਿਸ਼ਾ ਅਤੇ ਲੇਖਕ ਦਾ ਵਿਅਕਤਿਤਵ। ਇਹਨਾਂ ਆਧਾਰਾਂ 'ਤੇ ਨਿਬੰਧ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:-




**ਵਿਸ਼ਾ :** ਵਿਸ਼ਾ-ਪ੍ਰਧਾਨ ਨਿਬੰਧਾਂ ਵਿੱਚ ਵਿਸ਼ੇ ਦੀ ਪ੍ਰਧਾਨਤਾ ਰਹਿੰਦੀ ਹੈ ਅਤੇ ਆਤਮ-ਪ੍ਰਧਾਨ ਵਿੱਚ ਲੇਖਕ ਦੇ ਵਿਅਕਤਿਤਵ ਦੀ। ਵਿਸ਼ੇ ਵਿੱਚ ਨਿਰਪੱਖਤਾ ਆ ਸਕਦੀ ਹੈ ਪਰ ਸ਼ੈਲੀ ਵਿੱਚ ਲੇਖਕ ਦਾ ਪ੍ਰਭਾਵ ਜ਼ਰੂਰ ਆ ਜਾਂਦਾ ਹੈ। ਨਿਬੰਧ ਵਿੱਚ ਜਿੱਥੇ ਇੱਕ ਪਾਸੇ ਵਿਵੇਚਨ, ਤਾਰਕਿਕਤਾ, ਕ੍ਰਮਿਕਤਾ, ਵਿਵਸਥਾ ਆਦਿ ਹੁੰਦੀ ਹੈ, ਉੱਥੇ ਦੂਜੇ ਪਾਸੇ ਲੇਖਕ ਦੀ ਸ਼ੈਲੀਗਤ ਸੰਵੇਦਨਸ਼ੀਲਤਾ, ਭਾਵਾਤਮਿਕਤਾ ਅਤੇ ਸੰਚਾਰ ਦੇ ਪੱਖ ਆ ਜਾਂਦੇ ਹਨ।

ਅੱਜ-ਕੱਲ੍ਹ ਨਿਬੰਧ ਦਾ ਇੱਕ ਰੂਪ 'ਲਲਿਤ ਨਿਬੰਧ' ਬਹੁਤ ਪ੍ਰਚਲਿਤ ਹੋ ਰਿਹਾ ਹੈ। ਲਲਿਤ ਨਿਬੰਧ ਵਿੱਚ ਨਿਬੰਧਕਾਰ ਵਿਚਾਰਾਂ ਅਤੇ ਭਾਵਾਂ ਦੇ ਸੁਮੇਲ ਨੂੰ ਬਹੁਤ ਭਾਵਪੂਰਨ ਤੇ ਕਲਾਤਮਿਕ ਢੰਗ ਨਾਲ਼ ਪੇਸ਼ ਕਰਦਾ ਹੈ। ਪੰਜਾਬੀ ਵਿੱਚ ਡਾ. ਕੁਲਬੀਰ ਸਿੰਘ ਕਾਂਗ ਨੇ ਲਲਿਤ ਨਿਬੰਧ ਲਿਖੇ ਹਨ।

### ਪੱਛਮ ਦੀ ਦੇਣ

ਸਾਹਿਤ ਦੇ ਹੋਰ ਅੰਗਾਂ ਵਾਂਗ ਨਿਬੰਧ-ਕਲਾ ਵੀ ਭਾਰਤੀ ਸਾਹਿਤ ਨੂੰ ਪੱਛਮ ਦੀ ਹੀ ਦੇਣ ਹੈ। ਅੰਗਰੇਜ਼ੀ ਦੇ ਪ੍ਰਸਿੱਧ ਨਿਬੰਧਕਾਰਾਂ ਬੇਕਨ, ਐਡੀਸਨ, ਜਾਨਸਨ, ਸਟੀਵਨਸਨ, ਐਮਰਸਨ ਅਤੇ ਗੋਲਡ ਸਮਿੱਥ ਆਦਿ ਦੇ ਲੇਖਾਂ ਤੋਂ ਪ੍ਰਭਾਵਿਤ ਹੋ ਕੇ ਭਾਰਤੀ ਬੋਲੀਆਂ ਵਿੱਚ ਨਿਬੰਧ ਦਾ ਅਰੰਭ ਹੋਇਆ। ਪੰਜਾਬੀ ਸਾਹਿਤ ਨੂੰ ਤਾਂ ਪੱਛਮੀ ਲੇਖ ਆਪਣੇ ਪੂਰਨ ਵਿਕਸਿਤ ਰੂਪ ਵਿੱਚ ਮਿਲ਼ਿਆ। ਭਾਵੇਂ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਭਾਰਤੀ ਸਾਹਿਤ 'ਤੇ ਕਾਫ਼ੀ ਮਾਤਰਾ ਵਿੱਚ ਪਿਆ ਪਰ ਮੌਲਿਕ ਸਾਹਿਤ-ਸਿਰਜਣਾ ਦੇਸ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਪਰਿਸਥਿਤੀਆਂ ਦੀ ਵੀ ਦੇਣ ਹੈ।

ਡਾ. ਤਰਲੋਚਨ ਸਿੰਘ ਬੇਦੀ ਅਨੁਸਾਰ ਜਿੱਥੋਂ ਤੱਕ ਭਾਰਤੀ ਨਿਬੰਧ-ਸਾਹਿਤ ਤੇ ਵਿਸ਼ੇਸ਼ ਕਰਕੇ ਪੰਜਾਬੀ ਨਿਬੰਧ-ਸਾਹਿਤ ਦਾ ਸੰਬੰਧ ਹੈ, ਇਸ ਦਾ ਆਵੇਸ਼ ਮੁੱਖ ਰੂਪ ਵਿੱਚ ਉੱਨੀਵੀਂ ਸਦੀ ਵਿਚਲੀਆਂ ਇੱਥੋਂ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਕਾਰਨ ਹੋਇਆ ਅਤੇ ਇਸ ਉੱਤੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਵਿਆਪਕ ਰੂਪ ਵਿੱਚ ਪਿਆ। ਪਰੰਤੂ ਇਸ ਦਾ ਅਰਥ ਇਹ ਕਦਾਚਿਤ ਨਹੀਂ ਕਿ ਸਾਡੇ ਸਾਹਿਤਕਾਰਾਂ ਵਿੱਚ ਵਿਦੇਸ਼ੀ ਪ੍ਰਭਾਵਾਂ ਹੇਠ ਸਾਹਿਤ ਰਚਣ ਤੇ ਮੌਲਿਕ ਸਾਹਿਤ ਰਚਣ ਵਿੱਚ ਕੋਈ ਅੰਤਰ ਹੀ ਨਹੀਂ। ਸਾਡੇ ਲੇਖਕ ਬੇਸ਼ੱਕ ਜੁਗ- ਪ੍ਰਭਾਵਾਂ ਤੋਂ ਅਛੂਤੇ ਨਹੀਂ ਰਹੇ ਪਰ ਉਹ ਕੇਵਲ ਨਕਲਹਾਰੇ ਹੀ ਨਹੀਂ, ਸਿਰਜਣਹਾਰੇ ਵੀ ਹਨ। ਸੋ, ਕਿਸੇ ਵੀ ਦੇਸ ਦੀ ਸਾਹਿਤ-ਸਿਰਜਣਾ ਵਿੱਚ ਉੱਥੋਂ ਦੀਆਂ ਪਰਿਸਥਿਤੀਆਂ, ਸਮੱਸਿਆਵਾਂ, ਸਾਹਿਤਿਕ ਤੇ ਸੱਭਿਆਚਾਰਿਕ ਪਿਛੋਕੜ ਤੇ ਲੇਖਕ ਦੇ ਮੂਲ ਸੁਭਾਅ ਦਾ ਬਹੁਤ ਵੱਡਾ ਹੱਥ ਹੁੰਦਾ ਹੈ।

### ਪੰਜਾਬੀ ਵਿੱਚ ਨਿਬੰਧ-ਕਲਾ

ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਨਿਬੰਧਕਾਰੀ ਦਾ ਅਰੰਭ ਵੀਹਵੀਂ ਸਦੀ ਵਿੱਚ ਹੀ ਹੋਇਆ ਕਿਉਂਕਿ ਪਹਿਲਾਂ-ਪਹਿਲ ਧਾਰਮਿਕ ਸਾਹਿਤ ਹੀ ਵਾਰਤਕ ਵਿੱਚ ਲਿਖਿਆ ਜਾਂਦਾ ਸੀ। ਪਰ ਉੱਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਅਤੇ ਇਸ ਦੇ ਵਿਰੋਧ ਵਿੱਚ ਪੈਦਾ ਹੋਈਆਂ ਕੂਕਾ ਲਹਿਰ, ਸਿੰਘ-ਸਭਾ ਲਹਿਰ ਤੇ ਕਈ ਹੋਰ ਧਾਰਮਿਕ ਤੇ ਸਮਾਜ-ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਬਿਹਾਰੀ ਲਾਲ ਪੁਰੀ, ਬਾਬੂ ਤੇਜਾ ਸਿੰਘ ਭਸੌੜ, ਭਾਈ ਕਾਨ੍ਹ ਸਿੰਘ ਨਾਭਾ, ਡਾ. ਚਰਨ ਸਿੰਘ ਆਦਿ ਲੇਖਕਾਂ ਨੇ ਸਮਾਜ-ਸੁਧਾਰਕ, ਧਰਮ-ਪਰਚਾਰ, ਗੁਰਬਾਣੀ ਤੇ ਇਤਿਹਾਸ ਨਾਲ ਸੰਬੰਧਿਤ ਕਈ ਵਿਸ਼ਿਆਂ 'ਤੇ ਲੇਖ ਲਿਖ ਕੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਏ। ਸ਼ਰਧਾ ਰਾਮ ਫਿਲੌਰੀ ਨੇ ਦੋ ਨਿਬੰਧ-ਸੰਗ੍ਰਹਿ, 'ਸਿੱਖ ਰਾਜ ਦੀ ਵਿਥਿਆ' ਤੇ 'ਪੰਜਾਬੀ ਬਾਤ-ਚੀਤ' ਇਸੇ ਸਮੇਂ ਦੌਰਾਨ ਪੰਜਾਬੀ ਸਾਹਿਤ ਨੂੰ ਦਿੱਤੇ। ਇਸ ਤੋਂ ਪਿੱਛੋਂ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਬ੍ਰਿਜ ਲਾਲ ਸ਼ਾਸਤਰੀ ਤੇ ਹੀਰਾ ਸਿੰਘ ਦਰਦ ਆਦਿ ਨੇ ਪੰਜਾਬੀ ਨਿਬੰਧਕਾਰੀ ਨੂੰ ਅੱਗੇ ਤੋਰਿਆ। ਮੋਹਨ ਸਿੰਘ ਵੈਦ ਨੇ ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ 'ਬੇਕਨ' ਦੇ ਨਿਬੰਧਾਂ ਦਾ 'ਬੇਕਨ ਵਿਚਾਰ ਰਤਨਾਵਲੀ' ਨਾਮ ਹੇਠ ਅਤੇ ਪੂਰਨ ਸਿੰਘ ਨੇ 'ਐਮਰਸਨ' ਦੇ ਲੇਖਾਂ ਦਾ 'ਅਬਚਲੀ ਜੋਤ' ਨਾਂ ਹੇਠ ਪੰਜਾਬੀ ਵਿੱਚ ਅਨੁਵਾਦ ਕਰ ਕੇ ਪੰਜਾਬੀ ਵਿੱਚ ਨਿਬੰਧ ਅਨੁਵਾਦ ਪਰੰਪਰਾ ਅਧੀਨ ਕਈ ਵਧੀਆ ਲੇਖਾਂ ਦੇ ਪੰਜਾਬੀ ਰੂਪ ਪੰਜਾਬੀ-ਸਾਹਿਤ ਨੂੰ ਪ੍ਰਦਾਨ ਕੀਤੇ।

ਪ੍ਰੋ. ਪੂਰਨ ਸਿੰਘ ਨੇ ਵਲਵਲੇ ਭਰਪੂਰ ਸ਼ੈਲੀ ਰਾਹੀਂ 'ਖੁੱਲ੍ਹੇ ਲੇਖ' ਵਰਗੇ ਨਿਬੰਧ-ਸੰਗ੍ਰਹਿ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਕਾਵਿਮਈ ਸ਼ੈਲੀ ਰਾਹੀਂ ਤੀਹ ਕੁ ਦੇ ਕਰੀਬ ਪੁਸਤਕਾਂ ਨਾਲ਼ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਨੂੰ ਅਮੀਰ ਕੀਤਾ। ਪ੍ਰਿੰ. ਤੇਜਾ ਸਿੰਘ ਨੇ ਸਪਸ਼ਟ, ਸਾਦਾ, ਠੇਠ ਤੇ ਸਾਂਵੀਂ-ਪੱਧਰੀ ਸ਼ੈਲੀ ਰਾਹੀਂ ਸਧਾਰਨ ਵਿਸ਼ਿਆਂ 'ਤੇ ਲੇਖ ਲਿਖ ਕੇ 'ਨਵੀਆਂ ਸੋਚਾਂ', 'ਸਹਿਜ ਸੁਭਾ', 'ਸੱਭਿਆਚਾਰ' ਆਦਿ ਪੁਸਤਕਾਂ ਰਾਹੀਂ ਪੰਜਾਬੀ ਨਿਬੰਧ-ਸਾਹਿਤ ਵਿੱਚ ਹਲਕੇ-ਫੁਲਕੇ ਲੇਖ ਲਿਖਣ ਦੀ ਇੱਕ ਨਵੀਂ ਪਰੰਪਰਾ ਤੋਰੀ ਤੇ ਲੇਖ-ਕਲਾ ਦੇ ਰੂਪ ਨੂੰ ਨਿਖਾਰਨ ਦਾ ਸਭ ਤੋਂ ਵੱਧ ਜਤਨ ਕੀਤਾ।

ਉਪਰੋਕਤ ਨਿਬੰਧਕਾਰਾਂ ਤੋਂ ਇਲਾਵਾ ਲਾਲ ਸਿੰਘ ਕਮਲਾ ਅਕਾਲੀ, ਹਰਿੰਦਰ ਸਿੰਘ ਰੂਪ, ਕਪੂਰ ਸਿੰਘ, ਪ੍ਰਿੰ. ਸਾਹਿਬ ਸਿੰਘ, ਡਾ. ਤਾਰਨ ਸਿੰਘ, ਪ੍ਰਿੰ. ਜੋਧ ਸਿੰਘ, ਡਾ. ਬਲਬੀਰ ਸਿੰਘ, ਡਾ. ਮੇਹਰ ਸਿੰਘ, ਪ੍ਰਿੰ. ਐਸ.ਐਸ.ਅਮੋਲ, ਡਾ. ਦੀਵਾਨ ਸਿੰਘ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਡਾ. ਗੁਰਚਰਨ ਸਿੰਘ, ਡਾ.ਅਤਰ ਸਿੰਘ, ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਰਤਨ ਸਿੰਘ ਜੱਗੀ, ਕ੍ਰਿਪਾਲ ਸਿੰਘ ਕਸੇਲ, ਕੁਲਬੀਰ ਸਿੰਘ ਕਾਂਗ ਆਦਿ ਨਿਬੰਧਕਾਰਾਂ ਨੇ ਧਾਰਮਿਕ,

ਸਾਹਿਤਿਕ, ਇਤਿਹਾਸਿਕ, ਵਿਅੰਗਾਤਮਿਕ, ਆਲੋਚਨਾਤਮਿਕ ਅਤੇ ਹਾਸ-ਰਸੀ ਲੇਖਾਂ ਰਾਹੀਂ ਨਿਬੰਧਕਾਰੀ ਨੂੰ ਵਿਕਸਿਤ ਕਰਨ ਵਿੱਚ ਆਪਣਾ ਭਰਪੂਰ ਯੋਗਦਾਨ ਦਿੱਤਾ।

ਇਉਂ ਪੰਜਾਬੀ ਨਿਬੰਧ ਦੇ ਉਪਰੋਕਤ ਸਮੁੱਚੇ ਸਰਵੇਖਣ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ ਕਿ ਪੰਜਾਬੀ ਨਿਬੰਧਕਾਰੀ ਨੇ ਉੱਨ੍ਹੀਵੀਂ ਸਦੀ ਤੋਂ ਹੁਣ ਤੱਕ ਲਗਾਤਾਰ ਵਿਕਾਸ ਕੀਤਾ ਹੈ ਅਤੇ ਇਸ ਦਾ ਭਵਿਖ ਉਜਲਾ ਹੈ।

**ਔਖੇ ਸ਼ਬਦਾਂ ਦੇ ਅਰਥ :**

**ਨਿਬੰਧ**- ਵਾਰਤਕ ਦਾ ਉਹ ਰੂਪ ਜਿਸ ਵਿੱਚ ਇੱਕ ਵਿਸ਼ੇ 'ਤੇ ਅਨੇਕ ਖ਼ਿਆਲ ਇੱਕ ਤਰਤੀਬ ਵਿੱਚ ਬੰਨ੍ਹੇ ਹੋਣ। **ਬੌਧਿਕ**- ਗੰਭੀਰ ਵਿਚਾਰ, ਗਿਆਨ ਕਰਾਉਣ ਵਾਲ਼ਾ। **ਪਰਿਆਇਵਾਚੀ**- ਸਮਾਨ ਅਰਥ ਵਾਲ਼ੇ ਸ਼ਬਦ, ਜਿਵੇਂ; ਆਬ-ਜਲ। **ਅਧਿਕ**- ਬਹੁਤਾ। **ਵਿਅਕਤਿਤਵ**- ਸ਼ਖ਼ਸੀਅਤ। **ਉਤਕ੍ਰਿਸ਼ਟ**- ਉੱਤਮ, ਸਭ ਤੋਂ ਅੱਛਾ, ਬਿਹਤਰ। **ਮੁਲਾਂਕਣ**- ਕਿਸੇ ਚੀਜ਼ ਦੇ ਗੁਣਾਂ ਦੀ ਘੋਖ ਕਰਨਾ। **ਅੰਤਰਮੁਖੀ**- ਮਨ ਦੇ ਵੇਗ ਨੂੰ ਬਾਹਰੋਂ ਰੋਕ ਕੇ ਅੰਦਰ ਕਰਨ ਵਾਲ਼ਾ। **ਟੀਕਾਕਾਰ**- ਕਿਸੇ ਗ੍ਰੰਥ ਦੇ ਅਰਥ ਲਿਖਣ ਵਾਲ਼ਾ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਲੇਖ ਵਿੱਚ ਭਾਵ ਪ੍ਰਧਾਨ ਹੁੰਦੇ ਹਨ ਪਰ ਨਿਬੰਧ ਵਿੱਚ _______ ਪ੍ਰਧਾਨ ਹੁੰਦਾ ਹੈ।
2. ਭਾਵਾਂ ਤੇ ਵਿਚਾਰਾਂ ਦਾ ਸੰਬੰਧ ਮਨੁੱਖ ਦੇ _______ਨਾਲ਼ ਹੈ।
3. ਨਿਬੰਧ ਦਾ ਆਕਾਰ_______ ਹੁੰਦਾ ਹੈ।

**(ਅ) ਇੱਕ- ਦੋ ਸ਼ਬਦਾਂ ਵਿੱਚ ਉੱਤਰ ਦਿਓ-**

1. ਨਿਬੰਧ ਦਾ ਕੋਸ਼ਗਤ ਅਰਥ ਦੱਸੋ।
2. ਨਿਬੰਧ ਦੇ ਕਿਸੇ ਦੋ ਤੱਤਾਂ ਦੇ ਨਾਂ ਲਿਖੋ।
3. ਵਿਸ਼ਾ-ਪ੍ਰਧਾਨ ਨਿਬੰਧ ਦੀਆਂ ਕੋਈ ਦੋ ਕਿਸਮਾਂ ਦੱਸੋ।
4. ਪੰਜਾਬੀ ਸਾਹਿਤ ਵਿੱਚ ਲਲਿਤ ਨਿਬੰਧ ਕਿਸ ਨੇ ਲਿਖੇ ਹਨ ?
5. ਸ਼ਰਧਾ ਰਾਮ ਫਿਲੌਰੀ ਦੇ ਕਿਸੇ ਇੱਕ ਨਿਬੰਧ-ਸੰਗ੍ਰਹਿ ਦਾ ਨਾਂ ਲਿਖੋ।

**(ੲ) ਵਿਸਤਾਰ ਸਹਿਤ ਉੱਤਰ ਦਿਓ-**

1. 'ਨਿਬੰਧ' ਤੋਂ ਕੀ ਭਾਵ ਹੈ ? ਸਾਹਿਤ ਦੇ ਇਸ ਰੂਪ ਬਾਰੇ ਜਾਣਕਾਰੀ ਦਿਓ।
2. ਨਿਬੰਧ ਅਤੇ ਲੇਖ ਵਿੱਚ ਅੰਤਰ ਸਪਸ਼ਟ ਕਰੋ।
3. ਇੱਕ ਚੰਗੇ ਨਿਬੰਧ ਵਿੱਚ ਕਿਹੜੇ ਸੰਰਚਨਾਤਮਿਕ ਤੱਤਾਂ ਦਾ ਹੋਣਾ ਲਾਜ਼ਮੀ ਹੈ ? ਵਿਸਤਾਰ ਨਾਲ਼ ਸਮਝਾਓ।
4. ਨਿਬੰਧ ਕਿੰਨੀ ਕਿਸਮ ਦੇ ਹੁੰਦੇ ਹਨ ? ਸੰਖੇਪ ਵਿੱਚ ਦੱਸੋ।
5. ਪੰਜਾਬੀ ਨਿਬੰਧ ਦੇ ਵਿਕਾਸ ਬਾਰੇ ਚਰਚਾ ਕਰੋ।

ਨਿਬੰਧ ਅਤੇ ਲੇਖ ਵਿੱਚ ਅੰਤਰ ਸਪਸ਼ਟ ਕਰਨ ਹਿਤ ਇੱਕ ਚਾਰਟ ਤਿਆਰ ਕਰੋ।

# ਜੀਵਨੀ 7

ਜੀਵਨੀ ਵਾਰਤਕ ਦਾ ਪੁਰਾਣਾ ਰੂਪ ਹੈ। ਗੁਰੂ ਤੇ ਚੇਲੇ ਦਾ ਰਿਸ਼ਤਾ ਧਾਰਮਿਕ ਸ਼ਰਧਾ ਵਿੱਚ ਪਕੇਰਾ ਸੀ। ਸੂਝਵਾਨ ਸ਼ਿਸ਼ ਆਪਣੇ ਗੁਰੂਆਂ ਦੇ ਕਾਰਨਾਮਿਆਂ ਤੇ ਮਹਿਮਾ ਨੂੰ ਵਾਰਤਕ ਰਾਹੀਂ ਕਾਨੀਬੰਦ ਕਰਦੇ ਸਨ। ਪੰਜਾਬੀ ਸਾਹਿਤ ਵਿੱਚ ਜਨਮ-ਸਾਖੀ ਸਾਹਿਤ, ਪਰਚੀਆਂ, ਰੇਖਾ-ਚਿੱਤਰ, ਜੀਵਨੀਆਂ, ਸ੍ਵੈਜੀਵਨੀਆਂ, ਡਾਇਰੀ, ਸਫ਼ਰਨਾਮਾ, ਮੁਲਾਕਾਤ ਤੇ ਫ਼ੀਚਰ ਆਦਿ ਇਸ ਰੁਚੀ ਅਧੀਨ ਹੀ ਲਿਖਿਆ ਹੋਇਆ ਵਾਰਤਕ-ਸਾਹਿਤ ਹੈ।

ਪਰੰਤੂ ਜੀਵਨੀ-ਕਲਾ ਦਾ ਸਾਹਿਤਿਕਤਾ ਨਾਲ਼ ਜੋ ਨਵਾਂ ਗਠਬੰਧਨ ਪੈਦਾ ਹੋਇਆ ਹੈ, ਉਹ ਅਜੋਕੇ ਜੁਗ ਦੀ ਹੀ ਦੇਣ ਹੈ। ਇਹੋ ਕਾਰਨ ਹੈ ਕਿ ਜੀਵਨੀ ਦੇ ਆਧੁਨਿਕ ਸਰੂਪ ਬਾਰੇ ਭਾਰਤ ਵਿੱਚ ਚਰਚਾ ਨਾਂਹ ਦੇ ਬਰਾਬਰ ਹੀ ਰਹੀ ਹੈ। ਪੱਛਮੀ ਵਿਦਵਾਨਾਂ ਨੇ ਹੀ ਜੀਵਨੀ ਦੇ ਕਲਾਤਮਿਕ ਰੂਪ ਨੂੰ ਨਿਖਾਰਨ ਤੇ ਉਭਾਰਨ ਦਾ ਜਤਨ ਕੀਤਾ ਹੈ।

### ਪਰਿਭਾਸ਼ਾ :

ਆਮ ਸੰਕਲਪ ਦੇ ਅਨੁਸਾਰ ਜੀਵਨੀ ਕਿਸੇ ਖ਼ਾਸ ਵਿਅਕਤੀ ਦਾ ਜੀਵਨ -ਬਿਰਤਾਂਤ ਹੀ ਹੈ ਪਰ ਜੀਵਨੀ ਕਿਸੇ ਮਹਾਂਪੁਰਸ਼ ਦੇ ਜੀਵਨ-ਚਰਿੱਤਰ ਦਾ ਇਸ ਪ੍ਰਕਾਰ ਵਰਨਣ ਹੁੰਦਾ ਹੈ ਜੋ ਆਮ ਲੋਕਾਂ ਲਈ ਇੱਕ ਰੋਸ਼ਨ-ਮੁਨਾਰਾ ਬਣ ਕੇ ਆਦਰਸ਼ ਨਮੂਨਾ ਸਥਾਪਿਤ ਕਰ ਸਕੇ। ਇਸ ਵਿੱਚ ਵਿਸ਼ੇਸ਼ ਵਿਅਕਤੀ ਦੇ ਅੰਦਰਲੇ ਜੀਵਨ ਤੇ ਬਾਹਰਲੇ ਜੀਵਨ ਦੋਹਾਂ ਦਾ ਲੇਖਾ-ਜੋਖਾ ਪੇਸ਼ ਕੀਤਾ ਜਾਂਦਾ ਹੈ।

ਆਮ ਤੌਰ 'ਤੇ ਜੀਵਨੀ ਵਿੱਚ ਨਾਇਕ ਦੀ ਸਾਰੀ ਜ਼ਿੰਦਗੀ ਦੇ ਕਾਰਜਾਂ ਦਾ ਵਰਨਣ ਹੁੰਦਾ ਹੈ ਪਰ ਕਦੇ-ਕਦੇ ਕਿਸੇ ਆਦਰਸ਼ ਨਾਇਕ ਦੇ ਜਿਉਂਦੇ-ਜੀਅ ਉਸ ਦੇ ਜੀਵਨ ਦੇ ਕਿਸੇ ਇੱਕ ਹਿੱਸੇ ਦੀ ਵੀ ਚਰਚਾ ਹੋ ਸਕਦੀ ਹੈ। ਅਨੇਕ ਲੋਕਾਂ ਦੀਆਂ ਜੀਵਨੀਆਂ ਉਹਨਾਂ ਦੀ ਜ਼ਿੰਦਗੀ ਦੇ ਸਮੇਂ ਵਿੱਚ ਹੀ ਲਿਖੀਆਂ ਗਈਆਂ ਸਨ ਇਸ ਲਈ ਅਜਿਹੀਆਂ ਜੀਵਨੀਆਂ ਵਿੱਚ ਸੰਪੂਰਨ ਜੀਵਨ ਦਾ ਬਿਰਤਾਂਤ ਦੇਣਾ ਸੰਭਵ ਨਹੀਂ ਹੋ ਸਕਦਾ।

ਅੰਗਰੇਜ਼ੀ ਲਿਖਾਰੀ ਮਾਰਕ ਟਵੇਨ ਅਨੁਸਾਰ " ਜੀਵਨੀ ਮਨੁੱਖ ਦਾ ਅਜਿਹਾ ਲਿਬਾਸ (ਪੁਸ਼ਾਕ) ਹੈ ਜਿਸ ਵਿੱਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਆਪ ਖ਼ੁਦ ਨਹੀਂ ਲਿਖ ਸਕਦਾ।" ਇਸ ਲਈ ਜੀਵਨੀ ਇੱਕ ਪਰਜੀਵੀ-ਕਲਾ ਹੈ। ਪਰਜੀਵੀ-ਕਲਾ ਉਹ ਇਸ ਲਈ ਕਹਿੰਦਾ ਹੈ ਕਿਉਂਕਿ ਜੀਵਨੀ ਦੀ ਸਿਰਜਣਾ ਹਿਤ ਤੱਥਾਂ ਦੀ ਭਾਲ਼ ਲਈ ਦੂਜੇਲੇ ਸ੍ਰੋਤਾਂ 'ਤੇ ਨਿਰਭਰ ਕਰਨਾ ਪੈਂਦਾ ਹੈ।

ਜੀਵਨੀ ਕਿਸੇ ਵਿਅਕਤੀ-ਵਿਸ਼ੇਸ਼ ਦੀਆਂ ਜੀਵਨ-ਘਟਨਾਵਾਂ ਦਾ ਬਿਓਰਾ ਹੈ। ਜੀਵਨੀ ਵਿੱਚ ਕਿਸੇ ਦੇ ਜੀਵਨ ਦੀ ਇਸ ਤਰ੍ਹਾਂ ਪੁਨਰ-ਸਿਰਜਣਾ ਕੀਤੀ ਜਾਂਦੀ ਹੈ ਜਿਸ ਤਰ੍ਹਾਂ ਕਿ ਉਹ ਜੀਵਿਆ ਗਿਆ ਸੀ।

ਜੀਵਨੀ ਕਿਸੇ ਮਹਾਂਪੁਰਸ਼ ਦੇ ਅੰਦਰਲੇ ਤੇ ਬਾਹਰਲੇ ਸਰੂਪ ਦਾ ਕਲਾਤਮਿਕ ਨਿਰੂਪਣ ਹੈ। ਜੀਵਨੀਕਾਰ ਆਪਣੇ ਚਰਿੱਤਰ-ਨਾਇਕ ਦੇ ਆਪੇ ਦੀ ਕੁੰਜੀ ਸਮਝ ਕੇ ਉਸ ਦੇ ਚਾਨਣੇ ਵਿੱਚ ਸਾਰੀਆਂ ਘਟਨਾਵਾਂ ਦਾ ਚਿਤਰਨ ਕਰਦਾ ਹੈ।

ਜੀਵਨੀ ਘਟਨਾਵਾਂ ਦਾ ਸਥੂਲ ਵੇਰਵਾ ਨਹੀਂ ਹੈ ਬਲਕਿ ਸਫਲ ਜੀਵਨੀ ਵਿੱਚ ਨਾਇਕ ਦੇ ਜੀਵਨ ਵਿੱਚ ਲੁਕੇ-ਛਿਪੇ ਉਸ ਦੇ ਵਿਕਾਸ ਨੂੰ, ਉਸ ਦੀ ਸ਼ਖ਼ਸੀਅਤ ਦੇ ਗੁੱਝੇ ਭੇਤ ਨੂੰ ਅਤੇ ਉਸ ਦੀ ਪ੍ਰਮੁੱਖ ਜੀਵਨ-ਧਾਰਾ ਨੂੰ ਖ਼ੁੱਲ੍ਹ ਕੇ ਪਾਠਕਾਂ

ਦੇ ਸਾਮ੍ਹਣੇ ਸਾਕਾਰ ਕੀਤਾ ਜਾਂਦਾ ਹੈ। ਇਹੋ ਜੀਵਨੀ-ਕਲਾ ਹੈ।

### ਜੀਵਨੀ ਤੇ ਸ੍ਵੈਜੀਵਨੀ

ਜੀਵਨੀ, ਸ੍ਵੈਜੀਵਨੀ ਦੇ ਬਹੁਤ ਨੇੜੇ ਹੈ। ਅਸਲ ਵਿੱਚ ਜੀਵਨੀ ਤੇ ਸ੍ਵੈਜੀਵਨੀ ਦੋਵੇਂ ਵਾਰਤਕ-ਸਾਹਿਤ ਦੇ ਜੁੜਵੇਂ ਰੂਪ ਹਨ। ਇਹਨਾਂ ਵਿੱਚ ਜਿੱਥੇ ਅੰਤਰ-ਸੰਬੰਧ ਹੈ, ਉੱਥੇ ਅੰਤਰ-ਵਿਰੋਧ ਵੀ ਹੈ। ਦੋਂਹਾਂ ਦੀਆਂ ਹੱਦਾਂ ਕੁਝ ਹੱਦ ਤੱਕ ਸਾਂਝੀਆਂ ਹੁੰਦੀਆਂ ਹਨ ਪਰ ਮੰਤਵ ਤੇ ਰੂਪ ਦੇ ਪੱਖੋਂ ਇਹ ਦੋਵੇਂ ਇੱਕ-ਦੂਜੀ ਤੋਂ ਵੱਖ ਹਨ।

ਡਾ. ਧਰਮ ਚੰਦ 'ਵਾਤਿਸ਼' ਆਪਣੀ ਪੁਸਤਕ 'ਸ੍ਵੈਜੀਵਨੀ ਸ਼ਾਸਤਰ' ਵਿੱਚ ਸ੍ਵੈਜੀਵਨੀ ਅਤੇ ਜੀਵਨੀ ਵਿੱਚ ਫ਼ਰਕ ਸੰਬੰਧੀ ਲਿਖਦਾ ਹੈ ਕਿ ਸ੍ਵੈਜੀਵਨੀ ਤੇ ਜੀਵਨੀ ਦੀ ਭਾਵਨਾ ਅਤੇ ਉਦੇਸ਼ ਵਿੱਚ ਵੀ ਢੇਰ ਅੰਤਰ ਹੈ। ਆਪਣੇ ਬਾਰੇ ਆਪ ਅਤੇ ਕਿਸੇ ਦੂਜੇ ਬਾਰੇ ਲਿਖਣ ਦੇ ਢੰਗ ਵਿੱਚ ਵੀ ਚੋਖਾ ਅੰਤਰ ਹੈ। ਸ੍ਵੈਜੀਵਨੀਕਾਰ ਦੀ ਯਾਤਰਾ ਅੰਦਰੋਂ ਬਾਹਰ ਵੱਲ ਅਤੇ ਜੀਵਨੀਕਾਰ ਦੀ ਬਾਹਰੋਂ ਅੰਦਰ ਵੱਲ ਹੁੰਦੀ ਹੈ। ਸ੍ਵੈਜੀਵਨੀਕਾਰ ਦੀ ਸਫਲਤਾ 'ਸ੍ਵੈ-ਕੇਂਦਰਿਤ' ਰਹਿਣ ਵਿੱਚ ਹੈ, ਜਦੋਂਕਿ ਜੀਵਨੀਕਾਰ ਪਰਸ੍ਵਾਰਥੀ ਹੁੰਦਾ ਹੈ। ਉਸ ਦੀ ਕਾਮਯਾਬੀ ਆਪਾ ਛੁਪਾਉਣ ਵਿੱਚ ਹੁੰਦੀ ਹੈ। ਪਰੰਤੂ ਦੋਂਹਾਂ ਦਾ ਟੀਚਾ ਜੀਵਨੀ ਦੇ ਨਿਰੋਲ ਸੱਚ ਨੂੰ ਪ੍ਰਗਟਾਉਣਾ ਹੁੰਦਾ ਹੈ। ਜੀਵਨੀ ਹੋਵੇ ਜਾਂ ਸ੍ਵੈਜੀਵਨੀ ਹੋਵੇ, ਉਹ ਸੱਚ ਦੀ ਅਣਹੋਂਦ ਵਿੱਚ ਉੱਤਮ ਕਲਾ ਬਣਨ ਵਿੱਚ ਅਸਫਲ ਰਹਿੰਦੀ ਹੈ। ਦੋਂਹਾਂ ਦਾ ਮੰਤਵ ਕਿਸੇ ਮਹਾਨ ਹਸਤੀ ਦੇ ਜੀਵਨ ਦੀ ਬਹੁਪੱਖੀ ਤਸਵੀਰ ਉਜਾਗਰ ਕਰਨਾ ਹੈ। ਸ੍ਵੈਜੀਵਨੀ ਦਾ ਜਨਮ ਉਦੋਂ ਹੁੰਦਾ ਹੈ ਜਦੋਂ ਲੇਖਕ ਆਪਣੀ ਹੀ ਜ਼ਿੰਦਗੀ ਦਾ ਸਫ਼ਰ ਆਪਣੀ ਹੀ ਕਲਮ ਨਾਲ਼ ਅੰਕਿਤ ਕਰਦਾ ਹੈ ਪਰ ਜੀਵਨੀ ਉਦੋਂ ਹੋਂਦ ਵਿੱਚ ਆਉਂਦੀ ਹੈ ਜਦੋਂ ਲੇਖਕ ਆਪਣੇ ਤੋਂ ਭਿੰਨ ਕਿਸੇ ਦੂਜੇ ਵਿਅਕਤੀ ਦੀ ਜੀਵਨ- ਧਾਰਾ ਨੂੰ ਕਲਮਬੰਦ ਕਰਦਾ ਹੈ।

### ਜੀਵਨੀ ਦੇ ਤੱਤ :-

ਜੀਵਨੀ ਵਾਰਤਕ-ਸਾਹਿਤ ਦਾ ਇੱਕ ਕਲਾਤਮਿਕ ਰੂਪ ਹੈ। ਜੀਵਨੀ ਦੀ ਰਚਨਾ ਵਿੱਚ ਕਈ ਤੱਤ ਕਰਮਸ਼ੀਲ ਹੁੰਦੇ ਹਨ ਜਿਨ੍ਹਾਂ ਦੇ ਸੁਮੇਲ ਤੋਂ ਹੀ ਸਫਲ ਜੀਵਨੀ ਦੀ ਸਿਰਜਣਾ ਹੁੰਦੀ ਹੈ। ਇਹਨਾਂ ਵਿੱਚ ਚਰਿੱਤਰ-ਨਾਇਕ ਤੇ ਉਸ ਦੀ ਸ਼ਖ਼ਸੀਅਤ, ਘਟਨਾਵਾਂ ਦੇ ਤੱਥ ਤੇ ਸੱਚ ਦਾ ਅੰਤਰ-ਨਿਖੇੜ, ਜੀਵਨੀਕਾਰ ਦਾ ਯੋਗਦਾਨ, ਉਸਾਰੂ ਕਲਪਨਾ, ਰਚਨਾਤਮਿਕ ਬਣਤਰ, ਸਾਹਿਤਿਕ ਬੋਲੀ ਤੇ ਸ਼ੈਲੀ ਆਦਿ ਤੱਤ ਖ਼ਾਸ ਕਰਕੇ ਸਰਗਰਮ ਰਹਿੰਦੇ ਹਨ ਜਿਨ੍ਹਾਂ ਦੀ ਉਚਿਤ ਯੋਜਨਾ ਨਾਲ਼ ਜੀਵਨ-ਕਲਾ ਦਾ ਸੰਗਠਨ ਹੋਂਦਸ਼ੀਲ ਹੁੰਦਾ ਹੈ।ਹੁਣ ਇਹਨਾਂ ਤੱਤਾਂ ਦਾ ਲੁੜੀਂਦਾ ਵਰਨਣ ਕੀਤਾ ਜਾਂਦਾ ਹੈ:-

### ਜੀਵਨੀ ਦਾ ਨਾਇਕ :-

ਜੀਵਨੀ, ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿੱਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲ਼ੇ ਵਿਅਕਤੀ ਦੀ ਹੀ ਹੋ ਸਕਦੀ ਹੈ। ਜੀਵਨੀ ਦੇ ਨਾਇਕ, ਧਾਰਮਿਕ ਆਗੂ, ਪੀਰ-ਪੈਗ਼ੰਬਰ, ਗੁਰੂ, ਸੰਤ, ਮਹਾਤਮਾ ਤੇ ਮਹਾਨ ਸ਼ਖ਼ਸ ਹੁੰਦੇ ਹਨ। ਪੁਰਾਤਨ ਜੀਵਨੀਆਂ ਸ਼ਖ਼ਸੀ ਪੂਜਾ ਜਾਂ ਸ਼ਰਧਾ, ਮਿਥਿਹਾਸਿਕ ਕਥਾਵਾਂ ਦੇ ਆਧਾਰ 'ਤੇ ਹੀ ਹੁੰਦੀਆਂ ਸਨ ਪਰ ਆਧੁਨਿਕ ਜੀਵਨ ਵਿੱਚ ਮਹਾਂਪੁਰਖਾਂ ਦੀਆਂ ਜੀਵਨ-ਘਟਨਾਵਾਂ ਦੇ ਨਵੇਂ ਅਰਥ ਲੱਭਣ ਦੇ ਜਤਨ ਕੀਤੇ ਗਏ ਹਨ। ਸ਼ਤਾਬਦੀ-ਦਿਵਸ 'ਤੇ ਮਹਾਂਪੁਰਖਾਂ ਦੀਆਂ ਜੀਵਨੀਆਂ ਦਾ ਲਿਖਿਆ ਜਾਣਾ ਸੁਭਾਵਿਕ ਹੈ।

ਦੂਜਾ ਵੱਡਾ ਖੇਤਰ ਰਾਜਸੀ ਆਗੂਆਂ, ਅਜ਼ਾਦੀ ਦੇ ਸੰਗ੍ਰਾਮੀਆਂ ਦਾ ਤੇ ਭਾਰਤ ਦੇ ਵੀਰ-ਸਪੂਤਾਂ ਦਾ ਹੈ। ਇਹ ਜੀਵਨੀਆਂ ਦੇਸ-ਪਿਆਰ ਦੇ ਜਜ਼ਬੇ ਨੂੰ ਉਭਾਰਨ ਤੇ ਨੌਜੁਆਨਾਂ ਨੂੰ ਕੌਮ ਦੀ ਖ਼ਾਤਰ ਘਾਲਾਂ ਘਾਲਣ ਦੀ ਪ੍ਰੇਰਨਾ ਦੇਣ ਦਾ ਨਿਸ਼ਾਨਾ ਅੱਖਾਂ ਸਾਮ੍ਹਣੇ ਰੱਖ ਕੇ ਲਿਖੀਆਂ ਜਾਂਦੀਆਂ ਹਨ।

ਤੀਜਾ ਖੇਤਰ ਸਾਹਿਤਕਾਰਾਂ ਜਾਂ ਲੇਖਕਾਂ ਦੀਆਂ ਜੀਵਨੀਆਂ ਦਾ ਹੈ। ਇਹਨਾਂ ਦਾ ਨਿਸ਼ਾਨਾ ਜੀਵਨੀ ਦੇ ਨਾਇਕ ਦੇ ਪਿਛੋਕੜ, ਉਸ ਦੀ ਮਾਨਸਿਕ ਦਸ਼ਾ, ਜੀਵਨ-ਦਰਸ਼ਨ ਦੇ ਸੋਮਿਆਂ ਤੇ ਪ੍ਰਤਿਬੱਧਤਾ ਦੇ ਸਿਧਾਂਤ ਨੂੰ ਲੋਕਾਂ ਸਾਮ੍ਹਣੇ ਆਦਰਸ਼ ਦੇ ਤੌਰ 'ਤੇ ਪੇਸ਼ ਕਰਨਾ ਹੈ। ਜੀਵਨ ਦਾ ਸਭ ਤੋਂ ਵੱਡਾ ਪ੍ਰਮੁੱਖ ਵਿਸ਼ਾ ਮਨੁੱਖੀ ਚਰਿੱਤਰ ਹੈ। ਮਨੁੱਖੀ ਚਰਿੱਤਰ ਕਿਸੇ

ਆਦਰਸ਼ ਵਿਅਕਤੀ ਦੇ ਜੀਵਨੀ-ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ ਚੂਲ਼ ਦਾ ਆਸਰਾ ਕੋਈ ਸੁਪ੍ਰਸਿੱਧ ਨਾਇਕ ਹੀ ਹੁੰਦਾ ਹੈ। ਇਸ ਪ੍ਰਕਾਰ ਨਾਇਕ ਜੀਵਨੀ-ਕਲਾ ਦਾ ਕੇਂਦਰੀ ਧੁਰਾ ਹੈ।

ਪੰਜਾਬੀ ਸਾਹਿਤ ਵਿੱਚ ਆਮ ਆਦਮੀ ਦੀ ਜੀਵਨੀ ਲਿਖੇ ਜਾਣ ਦਾ ਰੁਝਾਨ ਬਿਲਕੁਲ ਨਹੀਂ ਹੈ ਪਰੰਤੂ ਪੱਛਮੀ ਸਾਹਿਤ ਵਿੱਚ "ਆਮ ਆਦਮੀ ਦੀ ਜੀਵਨੀ" (Biography of a Layman) ਦਾ ਵੀ ਮਹੱਤਵ ਹੈ ਕਿਉਂਕਿ ਇੱਕ ਆਮ ਆਦਮੀ ਦੀ ਜ਼ਿੰਦਗੀ ਦੇ ਸੰਘਰਸ਼ ਦੀ ਦਾਸਤਾਂ ਵਿੱਚ ਵੀ ਪਾਠਕਾਂ ਲਈ ਦਿਲਚਸਪੀ ਹੋ ਸਕਦੀ ਹੈ।

### ਜੀਵਨੀ-ਨਾਇਕ ਸੰਬੰਧੀ ਸ੍ਰੋਤਾਂ ਦੀ ਭਾਲ਼ :-

ਜੀਵਨੀ ਵਿੱਚ ਨਾਇਕ ਪ੍ਰਤਿ ਸ਼ਰਧਾ, ਆਦਰ ਤੇ ਉਸ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਪਰਖਣਾ ਹੁੰਦਾ ਹੈ। ਆਪਣੇ ਬਿਆਨ ਨੂੰ ਸੱਚ ਦੇ ਕੋਲ਼ ਦਾ ਬਣਾਉਣ ਲਈ, ਜੀਵਨੀਕਾਰ ਆਪਣੇ ਨਾਇਕ ਨੂੰ ਸਮਝਣ ਲਈ ਕਈਆਂ ਸ੍ਰੋਤਾਂ ਤੇ ਸੋਮਿਆਂ ਦੀ ਭਾਲ਼ ਕਰਦਾ ਹੈ। ਉਹ ਆਪਣੇ ਨਾਇਕ ਦੀਆਂ ਚਿੱਠੀਆਂ, ਸਰਕਾਰੀ ਗਜ਼ਟਾਂ, ਖ਼ਾਨਦਾਨੀ ਪੱਤਰਾਂ, ਦੋਸਤਾਂ-ਮਿੱਤਰਾਂ ਤੇ ਸਮਕਾਲੀ ਭਰੋਸੇਯੋਗ ਵਸੀਲਿਆਂ ਦਾ ਸਹਾਰਾ ਲੈਂਦਾ ਹੈ। ਜੀਵਨੀ ਸ਼ਖ਼ਸੀਅਤ, ਇਤਿਹਾਸਿਕਤਾ ਤੇ ਕਲਪਨਾ 'ਤੇ ਆਧਾਰਿਤ ਹੁੰਦੀ ਹੈ। ਇਹਨਾਂ ਤੱਤਾਂ ਦੇ ਸੁਮੇਲ ਤੋਂ ਹੀ ਕੋਈ ਸਫਲ ਜੀਵਨੀ ਹੋਂਦ ਵਿੱਚ ਆਉਂਦੀ ਹੈ। ਅੱਜ ਦੀ ਜੀਵਨੀ ਦਾ ਸਰੂਪ ਸ਼ਰਧਾ ਤੇ ਆਧਾਰਿਤ ਨਹੀਂ ਸਗੋਂ ਜੀਵਨੀਕਾਰ ਵਿਗਿਆਨਿਕ ਦ੍ਰਿਸ਼ਟੀ ਤੋਂ ਚੰਗਿਆਈਆਂ ਤੇ ਬੁਰਾਈਆਂ ਦੋਂਹਾਂ ਦਾ ਲੇਖਾ-ਜੋਖਾ ਕਰਦਾ ਹੈ। ਜੀਵਨੀ-ਕਲਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਜੀਵਨੀਕਾਰ ਮਿਤੀਆਂ, ਘਟਨਾਵਾਂ, ਲਹਿਰਾਂ, ਇਤਿਹਾਸਿਕ ਪ੍ਰਤਿਕਰਮਾਂ ਆਦਿ ਦੇ ਸੰਬੰਧ ਵਿੱਚ ਤਰਕਸ਼ੀਲ ਹੋ ਕੇ ਲਿਖੇ।

ਜੀਵਨੀ ਲਿਖਣ ਲਈ ਲੇਖਕ ਦਾ ਨਿੱਜਤਵ ਜੁੜਿਆ ਹੋਣਾ ਜ਼ਰੂਰੀ ਨਹੀਂ। ਜੀਵਨੀ-ਲੇਖਕ ਲੇਖਾਂ ਗ੍ਰੰਥਾਂ ਆਦਿ ਵਿੱਚ ਆਏ ਹਵਾਲਿਆਂ ਤੇ ਉਲੇਖਾਂ, ਤੱਥਾਂ, ਚਰਿੱਤਰ-ਨਾਇਕ ਨਾਲ਼ ਸੰਬੰਧਿਤ ਲੋਕਾਂ ਤੇ ਹੋਰ ਮਿਲ਼ਦੀ ਸਮਗਰੀ ਦੇ ਸਹਾਰੇ ਨਾਲ਼ ਨਾਇਕ ਦੀ ਸ਼ਖ਼ਸੀਅਤ ਬਾਰੇ ਲਿਖ ਸਕਦਾ ਹੈ।

### ਨਾਇਕ ਦੀ ਸ਼ਖ਼ਸੀਅਤ

ਜੀਵਨੀ ਘਟਨਾਵਾਂ ਦਾ ਸੰਗ੍ਰਹਿ ਮਾਤਰ ਨਹੀਂ ਹੁੰਦਾ ਬਲਕਿ ਉਸ ਵਿੱਚ ਜੀਵਨੀ ਦੇ ਨਾਇਕ ਦੀ ਸ਼ਖ਼ਸੀਅਤ ਦਾ ਸਰਬਪੱਖੀ ਅਧਿਐਨ ਹੁੰਦਾ ਹੈ। ਨਾਇਕ ਦਾ ਸੁਭਾਅ ਉਸ ਦੀਆਂ ਖਾਹਸ਼ਾਂ, ਭਾਵਨਾਵਾਂ ਤੇ ਰੁਚੀਆਂ, ਉਸ ਦਾ ਚਰਿੱਤਰ ਅਤੇ ਹੋਰ ਸਮੱਸਿਆਵਾਂ ਤੇ ਸੰਘਰਸ਼ ਆਦਿ ਸਭ ਕੁਝ ਜੀਵਨੀ-ਕਲਾ ਵਿੱਚ ਸਮੋਇਆ ਹੁੰਦਾ ਹੈ। ਜੀਵਨੀ-ਰਚਨਾ ਵਿੱਚ ਨਾਇਕ ਦਾ ਆਪਾ ਤੇ ਵਿਅਕਤਿਤਵ ਪੂਰੀ ਤਰ੍ਹਾਂ ਉੱਭਰ ਆਉਂਦਾ ਹੈ। ਪਰ ਨਾਇਕ ਦੇ ਵਿਅਕਤਿਤਵ ਦਾ ਚਿਤਰਨ ਹਮੇਸ਼ਾਂ ਸੰਤੁਲਿਤ ਰਹਿੰਦਾ ਹੈ। ਜੀਵਨੀਕਾਰ ਨੂੰ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਚੰਦਰਮਾ ਵਿੱਚ ਕਲੰਕ ਦੀ ਕਾਲਖ ਜ਼ਰੂਰ ਹੈ ਪਰ ਉਹ ਸਧਾਰਨ ਹੈ। ਚੰਨ ਦੀ ਚਾਨਣੀ ਵਿੱਚ ਕਾਲ਼ੇ ਕਲੰਕ ਦੀ ਹੋਂਦ ਸੰਤੁਲਨ ਦੀ ਨਿਸ਼ਾਨੀ ਹੈ। ਨਾਇਕ ਦਾ ਚਿਤਰਨ ਸਾਰੀਆਂ ਚੰਗਿਆਈਆਂ ਤੇ ਬੁਰਾਈਆਂ ਸਮੇਤ ਪੂਰਾ ਹੁੰਦਾ ਹੈ। ਹਮਦਰਦੀ ਅੰਨ੍ਹੀ ਸ਼ਰਧਾ ਤੋਂ ਵੱਖਰੀ ਸ਼ੈਅ ਹੈ। ਅੰਨ੍ਹੀ ਸ਼ਰਧਾ ਦੋਸ਼ਾਂ ਨੂੰ ਵੀ ਗੁਣ ਸਮਝਦੀ ਹੈ। ਹਮਦਰਦੀ, ਦੋਸ਼ਾਂ ਨੂੰ ਦੋਸ਼ ਹੀ ਸਮਝਦੀ ਹੈ। ਉਸ ਦਾ ਮਜ਼ਾਕ ਨਹੀਂ ਉਡਾਇਆ ਜਾਂਦਾ। ਮਹਾਂਪੁਰਸ਼ ਦੀ ਕੋਈ ਇੱਕ-ਅੱਧੀ ਬੁਰਾਈ ਉਸ ਦੇ ਮਹਾਨ ਗੁਣਾਂ ਵਿੱਚ ਇਸ ਤਰ੍ਹਾਂ ਛਪ ਜਾਂਦੀ ਹੈ, ਜਿਵੇਂ ਚੰਨ ਦੀਆਂ ਕਿਰਨਾਂ ਵਿੱਚ ਉਸ ਦਾ ਕਲੰਕ। ਮਨੁੱਖ ਦੀਆਂ ਕਮਜ਼ੋਰੀਆਂ ਉਸ ਦੀ ਸੰਤੁਲਿਤ ਸ਼ਖਸੀਅਤ ਦੇ ਚਿੰਨ੍ਹ ਹਨ ਜਿਨ੍ਹਾਂ ਦੇ ਕਾਰਨ ਨਾਇਕ ਦੇ ਚਰਿੱਤਰ ਵਿੱਚ ਯਥਾਰਥਿਕਤਾ ਝਲਕਦੀ ਹੈ।

### ਸੱਚ ਦੀ ਭਾਲ਼

ਜੀਵਨੀ-ਲੇਖਕ ਦੇ ਸਾਮ੍ਹਣੇ ਸਾਰਾ ਸੰਸਾਰ ਵਿਛਿਆ ਹੁੰਦਾ ਹੈ ਜਿਸ ਵਿੱਚ ਉਸ ਦਾ ਆਦਰਸ਼ ਨਾਇਕ ਉਮਰ ਭਰ ਵਿਚਰਿਆ ਹੁੰਦਾ ਹੈ ਪਰ ਇਸ ਸੰਸਾਰ ਵਿੱਚ ਹਜ਼ਾਰਾਂ ਉਘੜ-ਦੁਘੜੀਆਂ ਤੇ ਬੇਨੇਮੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਅਣਗਿਣਤ ਤੱਥਾਂ ਦੇ ਅਡੰਬਰ ਢੇਰੀ ਹੁੰਦੇ ਹਨ। ਜੀਵਨੀਕਾਰ ਇਹਨਾਂ ਫ਼ਜ਼ੂਲ ਅਡੰਬਰੀ ਜੱਗ-ਬੀਤੀਆਂ ਵਿੱਚੋਂ ਅਜਿਹੇ ਸਾਰੇ-ਤੱਤਾਂ ਦੀ ਭਾਲ਼ ਕਰਦਾ ਹੈ ਜੋ ਉਸ ਦੀ ਕਲਪਨਾ ਅਤੇ ਜੀਵਨ-ਦ੍ਰਿਸ਼ਟੀ ਦੇ ਨੇੜੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਉਹ

ਆਪਣੇ ਨਾਇਕ ਦੀ ਆਦਰਸ਼ ਜ਼ਿੰਦਗੀ ਦੇ ਸਹਾਰੇ ਲੋਕਾਂ ਸਾਮ੍ਹਣੇ ਰੱਖਣਾ ਲੋਚਦਾ ਹੈ। ਜੋ ਕੁਝ ਪ੍ਰਤੱਖ ਹੈ, ਉਹ ਜੀਵਨੀ ਨਹੀਂ ਹੈ ਬਲਕਿ ਜੋ ਪ੍ਰਤੱਖ ਦੇ ਪਿੱਛੇ ਲੁਕਵੇਂ ਤੌਰ 'ਤੇ ਗਤੀਸ਼ੀਲ ਹੋ ਰਿਹਾ ਹੈ, ਉਹੋ ਹੀ ਜੀਵਨੀਕਾਰ ਦੀ ਅਸਲੀ ਭਾਲ਼ ਹੈ।

ਇਸ ਲਈ ਜੀਵਨੀ-ਲੇਖਕ ਦੇ ਸਾਮ੍ਹਣੇ ਸਮੱਸਿਆ ਨਾਇਕ ਦਾ ਜੀਵਨ-ਬਿਓਰਾ ਨਹੀਂ ਹੈ ਸਗੋਂ ਸਮੱਸਿਆ ਤਾਂ ਤੱਥਾਂ ਵਿੱਚੋਂ ਸੱਚ ਦੀ ਭਾਲ਼ ਹੈ। ਇਹੋ ਸੱਚ ਹੀ ਆਮ ਵਿਅਕਤੀ ਨਾਲ਼ੋਂ ਮਹਾਨ ਵਿਅਕਤੀ ਨੂੰ ਨਿਖੇੜਦਾ ਹੈ ਅਤੇ ਇਸ ਸੱਚ ਦੇ ਆਸਰੇ ਨਾਲ਼ ਮਨੁੱਖੀ ਚਰਿਤਰ ਨੂੰ ਲੱਭਿਆ ਜਾਂਦਾ ਹੈ।

ਚੰਗੀ ਜੀਵਨੀ ਵਿੱਚ ਲੇਖਕ ਹਮੇਸ਼ਾਂ ਸੱਚ ਦੇ ਨੇੜੇ ਰਹਿੰਦਾ ਹੈ ਪਰ ਸੱਚ ਤੱਥਾਂ ਅਤੇ ਇਤਿਹਾਸਿਕ ਘਟਨਾਵਾਂ 'ਤੇ ਆਧਾਰਿਤ ਰਹਿੰਦਾ ਹੈ ਤੇ ਇਹਨਾਂ ਨੂੰ ਛੰਡ-ਸਾਫ਼ ਕਰਕੇ ਲੇਖਕ ਆਪਣੀ ਸੂਝ ਅਨੁਸਾਰ ਅਜਿਹੇ ਸੱਚ ਦੀ ਭਾਲ਼ ਕਰਦਾ ਹੈ ਜੋ ਮਾਨਵੀ ਵਰਤਾਰੇ ਲਈ ਸੱਚਾ ਆਦਰਸ਼ ਬਣ ਨਿੱਬੜਦਾ ਹੈ। ਜੀਵਨੀ ਦਾ ਇਹ ਪਸਾਰ ਆਲੋਚਨਾ ਦੀ ਹੱਦ ਨੂੰ ਜਾ ਛੂੰਹਦਾ ਹੈ। ਜੀਵਨੀ ਜੀਵਨ ਦੀ ਆਲੋਚਨਾ ਹੀ ਤਾਂ ਹੈ ਜਿਸ ਵਿੱਚ ਨਾਇਕ ਦੀਆਂ ਜੀਵਨ-ਘਟਨਾਵਾਂ ਤੋਂ ਜੀਵਨ ਦਾ ਸੱਚ ਵੱਖਰਾ ਕਰਨਾ ਪੈਂਦਾ ਹੈ, ਉਹੋ ਸੱਚ ਸਰਬ-ਵਿਆਪੀ ਸੱਚ ਹੁੰਦਾ ਹੈ। ਇਤਿਹਾਸ ਤੇ ਜੀਵਨੀ ਵਿੱਚ ਇਹੋ ਫ਼ਰਕ ਹੈ। ਜਿੱਥੇ ਇਤਿਹਾਸਕਾਰ ਕਿਸੇ ਨਾਇਕ ਦੇ ਜੀਵਨ ਨੂੰ ਤੱਥਾਂ ਦੇ ਆਧਾਰ 'ਤੇ ਚਿਤਰਦਾ ਹੈ, ਉੱਥੇ ਜੀਵਨੀਕਾਰ ਉਹਨਾਂ ਤੱਥਾਂ ਤੋਂ ਉੱਘੜਦੀ ਸਚਾਈ ਨੂੰ ਆਧਾਰ ਬਣਾਉਂਦਾ ਹੈ।

ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ਓਪਰੇ ਤੌਰ 'ਤੇ ਦਿਖਾਈ ਦੇਣ ਵਾਲ਼ੇ ਰੂਪ ਨੂੰ ਦਿਖਾ ਕੇ ਹੀ ਜੀਵਨੀ-ਲੇਖਕ ਬੱਸ ਨਹੀਂ ਕਰਦਾ, ਉਹ ਉਸ ਓਪਰੇ ਉਛਾੜ ਨੂੰ ਲਾਹ ਕੇ ਉਸ ਦੇ ਹੇਠ ਛਪੇ ਅੰਤਰ-ਆਤਮਾ ਦੇ ਸੱਚ-ਸਰੂਪ ਨੂੰ ਪ੍ਰਕਾਸ਼ਮਾਨ ਕਰਦਾ ਹੈ। ਅੰਤਰ-ਸੱਚ ਜਿੰਨਾ ਪ੍ਰਕਾਸ਼ਮਾਨ ਹੋਵੇਗਾ, ਜੀਵਨੀ-ਕਲਾ ਓਨੀ ਹੀ ਪ੍ਰਭਾਵਸ਼ਾਲੀ ਤੇ ਲੋਕ-ਪਿਆਰੀ ਹੋਵੇਗੀ। ਜੀਵਨੀਕਾਰ ਦਾ ਅਸਲ ਨਿਸ਼ਾਨਾ ਜੀਵਨ ਦੇ ਸੱਚ ਦੀ ਭਾਲ਼ ਹੈ।

### ਜੀਵਨੀ-ਲੇਖਕ ਦਾ ਯੋਗਦਾਨ ਤੇ ਉਸਾਰੂ ਕਲਪਨਾ

ਜੀਵਨੀ ਦੀ ਰਚਨਾ ਵਿੱਚ ਜੀਵਨੀਕਾਰ ਦਾ ਕੀ ਯੋਗਦਾਨ ਹੁੰਦਾ ਹੈ? ਇਹ ਪ੍ਰਸ਼ਨ ਵੀ ਵਿਚਾਰਨਯੋਗ ਬਣਦਾ ਹੈ।

ਭਾਵੇਂ ਜੀਵਨੀ ਦੇ ਲਿਖਣ ਤੇ ਰਚਨਾ ਕਰਨ ਵਿੱਚ ਲੇਖਕ ਪੂਰੀ ਤਰ੍ਹਾਂ ਹਾਜ਼ਰ ਰਹਿੰਦਾ ਹੈ ਪਰ ਜੀਵਨੀ ਦੇ ਪਾਠ ਵਿੱਚ ਉਹ ਅਕਸਰ ਗ਼ੈਰਹਾਜ਼ਰ ਰਹਿੰਦਾ ਹੈ। ਉਹ ਇੱਕ ਵਿੱਥ 'ਤੇ ਖੜ੍ਹਾ ਹੋਇਆ ਨਾਇਕ ਦਾ ਵਰਨਣ ਕਰੀ ਜਾਂਦਾ ਹੈ ਪਰੰਤੂ ਉਹ ਆਪਣੀ ਗ਼ੈਰਹਾਜ਼ਰੀ ਵਿੱਚ ਹੀ ਹਾਜ਼ਰ ਹੋਣ ਤੇ ਵਧੇਰੇ ਅਨੁਸ਼ਾਸਨ ਕਾਇਮ ਰੱਖਦਾ ਹੈ। ਇਸ ਲਈ ਜੀਵਨੀ-ਲੇਖਕ ਦੇ ਕਈ ਕਰਤੱਵ ਹਨ।

ਜੀਵਨੀਕਾਰ ਦਾ ਪਹਿਲਾ ਕਰਤੱਵ ਇਤਿਹਾਸ, ਕਲਪਨਾ ਤੇ ਸਾਹਿਤਿਕ ਸ਼ੈਲੀ-ਇਹਨਾਂ ਤਿੰਨਾਂ ਵਿੱਚ ਇੱਕ ਸੁਮੇਲ ਸਥਾਪਿਤ ਕਰਨਾ ਹੁੰਦਾ ਹੈ ਕਿਉਂਕਿ ਜੀਵਨੀ ਦੀ ਸਿਰਜਣਾ ਲਈ 'ਇਤਿਹਾਸ' ਘਟਨਾਵਾਂ ਪ੍ਰਦਾਨ ਕਰਦਾ ਹੈ। ਕਲਪਨਾ ਘਟਨਾਵਾਂ ਨੂੰ ਵਿਸ਼ਵਾਸਯੋਗ ਬਣਾ ਕੇ ਤਤਕਾਲੀ ਇਤਿਹਾਸ ਤੇ ਪਰਿਸਥਿਤੀਆਂ ਨੂੰ ਚਿਤਰਦੀ ਹੈ ਅਤੇ ਸਾਹਿਤਿਕ ਸ਼ੈਲੀ ਜੀਵਨੀ-ਕਲਾ ਨੂੰ ਇਤਿਹਾਸ ਦੇ ਨਿਰਜਿੰਦ ਪਿੰਜਰ ਤੋਂ ਵੱਖਰਾ ਕਰਕੇ, ਉਸ ਵਿੱਚ ਰਸਿਕਤਾ ਤੇ ਭਾਵਕਤਾ ਦਾ ਸੰਚਾਰ ਕਰਦੀ ਹੈ। ਇਹ ਜੀਵਨੀ-ਕਲਾ ਹੀ ਹੈ ਜਿੱਥੇ ਇਤਿਹਾਸ ਤੇ ਸਾਹਿਤ ਦਾ ਉੱਤਮ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੀਵਨੀਕਾਰ ਨੂੰ ਰਸਮੀ ਤੌਰ 'ਤੇ ਨਾਇਕ ਦੀ ਰੂਹ ਨਾਲ਼ ਜੁੜਿਆ ਹੋਣਾ ਚਾਹੀਦਾ ਹੈ। ਉਸ ਨੂੰ ਨਾਇਕ-ਇਕਸੁਰ ਤੇ ਬੇਤਕੱਲੁਫ਼ ਹੋਣਾ ਚਾਹੀਦਾ ਹੈ। ਉਸ ਦੀ ਇਹ ਬੇਤਕੱਲੁਫ਼ੀ ਰਚਨਾ ਵਿੱਚੋਂ ਉੱਘੜਨੀ ਚਾਹੀਦੀ ਹੈ ਤਾਂ ਹੀ ਜਾ ਕੇ ਉਹ ਜੀਵਨੀ ਦੀ ਸੁਭਾਵਿਕ ਤੇ ਸਹਿਜ-ਸਿਰਜਣਾ ਕਰ ਸਕਦਾ ਹੈ।

ਜੀਵਨੀਕਾਰ ਦਾ ਦੂਸਰਾ ਕਰਤੱਵ ਇਹ ਹੈ ਕਿ ਉਹ ਸੁਹਿਰਦ, ਸੁਤੰਤਰ ਤੇ ਨਿਰਪੱਖ ਰਹਿੰਦਾ ਹੋਇਆ ਆਪਣੇ ਨਾਇਕ, ਜੀਵਨੀ ਦੇ ਮੁੱਖ ਪਾਤਰ ਦੀ ਸ਼ਖ਼ਸੀਅਤ ਨੂੰ ਅਨੇਕ ਪਸਾਰਾਂ ਵਿੱਚ ਚਿਤਰਿਤ ਕਰਦਾ ਹੈ। ਇਸ ਮਨੋਰਥ ਲਈ ਜੀਵਨੀਕਾਰ ਉਸਾਰੂ ਕਲਪਨਾ-ਸ਼ਕਤੀ ਨੂੰ ਪ੍ਰਬੁੱਧ ਕਰਦਾ ਹੈ। ਉਹ ਉਸਾਰੂ ਕਲਪਨਾ ਦੀ ਸੁਵਰਤੋਂ ਕਰਕੇ ਵਸਤੂ-ਸਮਗਰੀ ਨੂੰ ਵਿਓਂਤਬੱਧ ਕਰਦਾ ਹੈ ਅਤੇ ਆਪਣੀ ਰਚਨਾ ਨੂੰ ਮਨਭਾਉਂਦਾ ਸਰੂਪ ਬਖ਼ਸ਼ਦਾ ਹੈ ਪਰ ਸ਼ਰਤ ਇਹ ਹੈ ਕਿ ਇਸ ਦੌਰਾਨ ਉਸ ਦੀ ਉਹ ਕਲਪਨਾ ਯਥਾਰਥ ਤੋਂ ਦੂਰ ਨਾ ਜਾਵੇ। ਕਲਪਨਾ-ਸ਼ਕਤੀ ਦਾ ਸਹਾਰਾ ਲੈ ਕੇ ਆਪਣੇ ਨਾਇਕ ਦੀ

ਸ਼ਖ਼ਸੀਅਤ ਨੂੰ ਸਿਰਫ਼ ਏਨਾ ਹੀ ਸਜਾਉਂਦਾ ਤੇ ਚਮਕਾਉਂਦਾ ਹੈ ਕਿ ਉਸ ਦੀ ਅਸਲੀ ਤਸਵੀਰ ਧੁੰਦਲੀ ਨਾ ਹੋ ਜਾਵੇ ਅਤੇ ਨਾਇਕ ਦਾ ਮੂਰਤੀ-ਬਿੰਬ ਵੀ ਟੁੱਟ ਨਾ ਜਾਵੇ। ਜੀਵਨੀਕਾਰ ਤਾਂ ਉਸ ਪਿਆਰੀ ਮਾਂ ਦੀ ਤਰ੍ਹਾਂ ਹੈ ਜੋ ਆਪਣੇ ਬਾਲ-ਭਗਵਾਨ ਬੱਚੇ ਨੂੰ ਨੁਹਾ-ਧੁਆ ਕੇ ਤੇ ਸੋਹਣੇ ਕੱਪੜਿਆਂ ਨਾਲ਼ ਸਜਾ ਕੇ ਸਮਾਜ ਵਿੱਚ ਭੇਜਦੀ ਹੈ ਪਰ ਮਾਂ ਦੀ ਕਲਪਨਾ ਸਜਾਵਟ ਤੱਕ ਹੀ ਰਹਿੰਦੀ ਹੈ, ਬੱਚੇ ਦੇ ਅਸਲੀ ਸਰੂਪ ਨੂੰ ਨਹੀਂ ਬਦਲ ਸਕਦੀ। ਇਸੇ ਤਰ੍ਹਾਂ ਲੇਖਕ ਵੀ ਕਲਪਨਾ ਨਾਲ਼ ਆਪਣੇ ਚਰਿੱਤਰ-ਨਾਇਕ ਦੇ ਵਿਅਕਤਿਤਵ ਦੁਆਲ਼ੇ ਏਨੀ ਹੀ ਲਿਸ਼ਕ-ਪੁਸ਼ਕ ਖਿਲਾਰਦਾ ਹੈ ਕਿ ਉਸ ਦੀ ਅਸਲੀਅਤ ਓਹਲੇ ਨਾ ਹੋ ਜਾਵੇ।

### ਬੋਲੀ ਤੇ ਸ਼ੈਲੀ :-

ਜੀਵਨੀ-ਕਲਾ ਦੇ ਬਾਕੀ ਹੋਰ ਗੁਣਾਂ ਦੇ ਨਾਲ਼-ਨਾਲ਼ ਜੀਵਨੀ-ਲੇਖਕ ਵੱਲੋਂ ਅਪਣਾਈ ਗਈ ਬੋਲੀ ਤੇ ਸ਼ੈਲੀ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਪਰਿਪੱਕ ਸ਼ੈਲੀ ਆਮ ਸਧਾਰਨ ਚਰਿੱਤਰ -ਨਾਇਕ ਦੀ ਜੀਵਨੀ ਨੂੰ ਵੀ ਰੋਚਕ ਤੇ ਰਸਦਾਇਕ ਬਣਾ ਦੇਂਦੀ ਹੈ। ਸਫਲ ਜੀਵਨੀ-ਕਲਾ ਲਈ ਦੋ ਹੀ ਸ਼ਰਤਾਂ ਹਨ- ਜਾਂ ਤਾਂ ਨਾਇਕ ਏਨਾ ਮਹਾਨ ਹੋਵੇ, ਜਿਵੇਂ: ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਭਗਵਾਨ ਰਾਮਚੰਦਰ ਤੇ ਭਗਵਾਨ ਕ੍ਰਿਸ਼ਨ ਜੀ ਜਿਨ੍ਹਾਂ ਦਾ ਆਪਣਾ ਜੀਵਨ-ਚਰਿੱਤਰ ਹੀ ਇੱਕ ਤਰ੍ਹਾਂ ਨਾਲ਼ ਮਹਾਨ ਉੱਤਮ ਸਾਹਿਤ ਦਾ ਸੋਮਾ ਹੋ ਨਿੱਬੜੇ ਜਾਂ ਫਿਰ ਲੇਖਕ ਹੀ ਏਨਾ ਮਹਾਨ ਹੋਵੇ, ਜਿਵੇਂ: ਰਾਬਿੰਦਰ ਨਾਥ ਟੈਗੋਰ ਤੇ ਭਾਈ ਵੀਰ ਸਿੰਘ। ਇਸ ਲਈ ਜੀਵਨੀ ਦੀ ਸਫਲਤਾ ਸ਼ੈਲੀ ਦੀ ਸਫਲਤਾ 'ਤੇ ਨਿਰਭਰ ਕਰਦੀ ਹੈ।

ਜੀਵਨੀ-ਲੇਖਕ ਵਿਸ਼ੇ ਅਨੁਸਾਰ ਕਈ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਕਰਦਾ ਹੈ। ਕਿਤੇ ਉਹ ਵਰਨਣਾਤਮਿਕ ਸ਼ੈਲੀ ਵਰਤਦਾ ਹੈ ਜਿੱਥੇ ਉਸ ਨੇ ਨਿਆਇਸ਼ੀਲ ਬਣ ਕੇ ਨਾਇਕ ਦੇ ਜੀਵਨ ਦੀਆਂ ਕਈ ਘਟਨਾਵਾਂ ਬਿਆਨ ਕਰਨੀਆਂ ਹੁੰਦੀਆਂ ਹਨ ਅਤੇ ਸਮੇਂ ਤੇ ਸਥਾਨ ਦੇ ਨਾਲ਼-ਨਾਲ਼ ਸਮਾਜਿਕ ਤੇ ਸੱਭਿਆਚਾਰਿਕ ਵਾਤਾਵਰਨ ਦਾ ਵੀ ਵਰਨਣ ਕਰਨਾ ਹੁੰਦਾ ਹੈ। ਕਦੀ ਉਹ ਵਿਆਖਿਆਤਮਿਕ ਸ਼ੈਲੀ ਨੂੰ ਵੀ ਅਪਣਾ ਕੇ ਚੱਲਦਾ ਹੈ। ਉਸ ਨੂੰ ਨਾਇਕ ਦੇ ਜੀਵਨ-ਸਿਧਾਂਤਾਂ, ਵਿਚਾਰਾਂ, ਦ੍ਰਿਸ਼ਟੀਕੋਣਾਂ ਆਦਿ ਨੂੰ ਨਵੀਂ ਰੋਸ਼ਨੀ ਵਿੱਚ ਰੱਖ ਕੇ ਉਘਾੜਨਾ ਪੈਂਦਾ ਹੈ। ਇਸ ਮੰਤਵ ਲਈ ਉਹ ਵਿਆਖਿਆ-ਵਿਧੀ ਦਾ ਸਹਾਰਾ ਲੈਂਦਾ ਹੈ। ਕਈ ਵਾਰ ਲੇਖਕ ਜ਼ਿੰਦਗੀ ਦੀਆਂ ਪੇਚੀਦਾ ਗੁੰਝਲਾਂ ਨੂੰ ਝਾੜ-ਬੁਹਾਰ ਕੇ ਅਤੇ ਤੱਥਾਂ ਦੀ ਪੁਣ-ਛਾਣ ਕਰਕੇ ਅਯੋਗ ਤੇ ਅਨੁਚਿਤ ਵਰਤਾਰਿਆਂ ਦੀ ਆਲੋਚਨਾ ਵੀ ਕਰਦਾ ਹੈ ਜੋ ਮਾਨਵੀ ਚਰਿੱਤਰ ਦੀ ਕਮਜ਼ੋਰੀ ਵਜੋਂ ਪ੍ਰਵੇਸ਼ ਕਰਦੀਆਂ ਹਨ। ਲੇਖਕ ਦੀ ਇਹ ਆਲੋਚਨਾਤਮਿਕ ਸ਼ੈਲੀ ਬੜੀ ਲੁਕਵੀਂ ਤੇ ਕਾਟਵੀਂ ਹੁੰਦੀ ਹੈ।

ਸ਼ੈਲੀ ਤੋਂ ਇਲਾਵਾ ਬੋਲੀ ਬਿਨਾਂ ਜੀਵਨੀ ਗੁੰਗੀ ਹੈ। ਬੋਲੀ ਤੋਂ ਪੂਰੀ ਤਰ੍ਹਾਂ ਚੇਤੰਨ ਹੋਣਾ ਜੀਵਨੀ ਦੇ ਲੇਖਕ ਲਈ ਬਹੁਤ ਹੀ ਜ਼ਰੂਰੀ ਹੈ। ਬੋਲੀ ਦੇ ਸਹਾਰੇ ਹੀ ਲੇਖਕ ਨੇ ਆਪਣੇ ਨਾਇਕ ਦੀ ਪਾਤਰ-ਉਸਾਰੀ ਕਰਨੀ ਹੁੰਦੀ ਹੈ ਅਤੇ ਬੋਲੀ ਨਾਲ਼ ਹੀ ਸਾਰਾ ਵਾਤਾਵਰਨ ਸਿਰਜਣਾ ਹੁੰਦਾ ਹੈ। ਇਸ ਲਈ ਬੋਲੀ ਨਾਇਕ ਦੀ ਸ਼ਖ਼ਸੀਅਤ ਦੇ ਸਮਤੁੱਲ ਹੋਵੇ ਅਤੇ ਸ਼ਬਦਾਵਲੀ ਯੁੱਗ-ਖੰਡ ਤੇ ਭੂ-ਖੰਡ ਦੇ ਵਾਤਾਵਰਨ ਦੀ ਅਨੁਸਾਰੀ ਹੋਵੇ।

### ਜੀਵਨੀ-ਰਚਨਾ ਦੀ ਬਣਤਰ :-

ਜੀਵਨੀਕਾਰ ਇਹਨਾਂ ਸਾਰੇ ਤੱਤਾਂ ਦੇ ਆਧਾਰ 'ਤੇ ਇੱਕ ਰਚਨਾਤਮਿਕ ਪਸਾਰ ਸਿਰਜਦਾ ਹੈ। ਇਸ ਤਰ੍ਹਾਂ ਜੀਵਨੀ ਦੀ ਰਚਨਾ ਕੁਝ ਖ਼ਾਸ ਨੇਮਾਂ ਵਿੱਚ ਬੱਝੀ ਰਹਿੰਦੀ ਹੈ। ਇਸ ਦੀ ਬਣਤਰ ਤੇ ਬੁਣਤਰ ਲਈ ਇਹ ਜ਼ਰੂਰੀ ਹੈ ਕਿ ਜੀਵਨੀ ਵਿੱਚ ਕੋਈ ਬੇਲੋੜਾ ਵਿਸਤਾਰ ਨਾ ਆਉਣ ਦਿੱਤਾ ਜਾਵੇ ਅਤੇ ਨਾ ਹੀ ਕੋਈ ਲੁੜੀਂਦੀ ਗੱਲ ਹੱਥੋਂ ਨਿਕਲ਼ਨ ਦਿੱਤੀ ਜਾਵੇ।

ਜੀਵਨੀਕਾਰ ਆਪਣੀ ਰਚਨਾ ਨੂੰ ਚਮਤਕਾਰੀ ਨਹੀਂ ਬਣਾਉਂਦਾ ਸਗੋਂ ਸੱਚ ਦੇ ਆਵੇਸ਼ ਵਿੱਚ ਵਿਚਰਦਿਆਂ ਉਹ ਯਥਾਰਥ ਦੇ ਨੇੜੇ ਰਹਿਣ ਲਈ ਯਤਨਸ਼ੀਲ ਹੁੰਦਾ ਹੈ। ਜੀਵਨੀਕਾਰ ਆਪਣੇ ਨਾਇਕ ਦੇ ਜੀਵਨ ਵਿੱਚ ਆਏ ਉਤਰਾਵਾਂ/ਚੜ੍ਹਾਵਾਂ ਦੀ ਵੰਨ-ਸੁਵੰਨਤਾ ਨੂੰ ਗਆਏ ਬਿਨਾਂ ਜੀਵਨੀ ਨੂੰ ਸੰਪੂਰਨਤਾ ਦੀ ਪੱਧਰ ਤੱਕ ਲਿਜਾਣ ਦਾ ਯਤਨ ਕਰਦਾ ਹੈ।

### ਪੰਜਾਬੀ ਵਿੱਚ ਜੀਵਨੀ-ਸਾਹਿਤ

ਪੰਜਾਬੀ ਦੇ ਲੇਖਕਾਂ ਨੇ ਉੱਘੇ ਨੇਤਾਵਾਂ ਤੇ ਇਤਿਹਾਸਿਕ ਵਿਅਕਤੀਆਂ ਦੀਆਂ ਜੀਵਨੀਆਂ ਲਿਖੀਆਂ ਹਨ ਜਿਨ੍ਹਾਂ

ਵਿੱਚੋਂ ਦੁਰਲੱਭ ਸਿੰਘ ਲਿਖਿਤ ਮਾਸਟਰ ਤਾਰਾ ਸਿੰਘ, ਸੁਭਾਸ਼ ਚੰਦਰ ਬੋਸ (ਨਿਰਭੈ ਯੋਧਾ), ਮੌਲਾਨਾ ਆਜ਼ਾਦ (ਅਬੁਲ ਕਲਾਮ ਆਜ਼ਾਦ) ਨਾਂਵਾਂ ਹੇਠ ਛਾਪੀਆਂ। ਸੇਠੀ ਨੇ 'ਇਤਿਹਾਸ ਨੇਤਾ ਜੀ', 'ਜੀਵਨ ਜਰਨੈਲ ਮੋਹਨ ਸਿੰਘ', ਜੀਵਨੀਆਂ ਲਿਖੀਆਂ। ਇਹਨਾਂ ਜੀਵਨੀਆਂ ਵਿੱਚ ਸਾਹਿਤਿਕ ਸ਼ੈਲੀ ਦੀ ਘਾਟ ਸੀ। ਕੁਝ ਕੁ ਇਤਿਹਾਸਿਕ ਜੀਵਨੀਆਂ ਵੀ ਲਿਖੀਆਂ ਗਈਆਂ ਜਿਨ੍ਹਾਂ ਵਿੱਚੋਂ ਡਾ. ਗੰਡਾ ਸਿੰਘ ਰਚਿਤ 'ਬੰਦਾ ਬਹਾਦਰ', 'ਸ਼ਾਮ ਸਿੰਘ ਅਟਾਰੀ ਵਾਲ਼ਾ', ਪ੍ਰੇਮ ਸਿੰਘ ਹੋਤੀ ਰਚਿਤ 'ਜੀਵਨ ਮਹਾਰਾਜਾ ਰਣਜੀਤ ਸਿੰਘ', 'ਜੀਵਨ ਸ੍ਰ. ਹਰੀ ਸਿੰਘ ਨਲੂਆ', 'ਜੀਵਨ ਕੰਵਰ ਨੌਨਿਹਾਲ ਸਿੰਘ', 'ਖਾਲਸਾ ਰਾਜ ਦੇ ਉਸਰਈਏ', 'ਖਾਲਸਾ ਰਾਜ ਦੇ ਬਿਦੇਸ਼ੀ ਕਰਿੰਦੇ' ਆਦਿ ਉਲੇਖਯੋਗ ਹਨ। ਇਹਨਾਂ ਜੀਵਨੀਆਂ ਵਿੱਚ ਇਤਿਹਾਸਿਕ ਮਾਮਲੇ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਪੁਣ-ਛਾਣ ਕੇ ਪੂਰਨ ਖੋਜ ਦੇ ਆਧਾਰ 'ਤੇ ਪੇਸ਼ ਕੀਤਾ ਗਿਆ ਹੈ। ਪ੍ਰੋ. ਕਰਤਾਰ ਸਿੰਘ ਰਚਿਤ 'ਜੀਵਨੀ ਗੁਰੂ ਗੋਬਿੰਦ ਸਿੰਘ' ਹੈ ਜਿਹੜੀ ਸੁਲਝੀ, ਸਰਲ ਤੇ ਸਪਸ਼ਟ ਸ਼ੈਲੀ ਕਰਕੇ ਖ਼ਾਸ ਮਹੱਤਤਾ ਰੱਖਦੀ ਹੈ।

ਰਾਜਸੀ ਖੇਤਰ ਵਿੱਚ ਜੀਵਨੀਆਂ ਜਸਵੰਤ ਸਿੰਘ ਜਸ ਨੇ 'ਬਾਬਾ ਰਾਮ ਸਿੰਘ', 'ਬਾਬਾ ਸੋਹਨ ਸਿੰਘ ਭਕਨਾ', 'ਦੇਸ਼ ਭਗਤ ਬਾਬੇ', 'ਬਾਬਾ ਵਸਾਖਾ ਸਿੰਘ' ਆਦਿ ਜੀਵਨੀਆਂ ਲਿਖੀਆਂ। ਸਾਧੂ ਸਿੰਘ ਨੇ 'ਇਨਕਲਾਬੀ ਯੋਧਾ ਮਾਸਟਰ ਮੋਤਾ ਸਿੰਘ', ਮਾਨ ਸਿੰਘ ਨੇ 'ਅਜ਼ਾਦੀ ਦੀ ਸ਼ਮ੍ਹਾ ਦੇ ਸਿੱਖ ਪ੍ਰਵਾਨੇ', ਕੁਲਦੀਪ ਸਿੰਘ ਹਉਰਾ ਨੇ 'ਜੁਝਾਰੂ ਸੂਰਮੇ', ਬਚਿੰਤ ਸਿੰਘ ਢਿੱਲੋਂ ਨੇ 'ਪੰਜਾਬ ਦੇ ਕੌਮੀ ਸੂਰਬੀਰ', ਸੁਰਿੰਦਰ ਸਿੰਘ ਜੌਹਰ ਨੇ 'ਲਾਲਾ ਲਾਜਪਤ ਰਾਏ', 'ਰਾਬਿੰਦਰ ਨਾਥ ਟੈਗੋਰ', ਪ੍ਰਿੰ: ਨਿਰੰਜਨ ਸਿੰਘ ਨੇ 'ਜੀਵਨ ਯਾਤਰਾ ਮਾਸਟਰ ਤਾਰਾ ਸਿੰਘ', ਡਾ. ਪਿਆਰ ਸਿੰਘ ਨੇ 'ਤੇਜਾ ਸਿੰਘ ਸਮੁੰਦਰੀ', ਪ੍ਰਿੰ : ਤਖਤ ਸਿੰਘ ਨੇ 'ਸ਼ਹੀਦ ਕਰਨੈਲ ਸਿੰਘ', ਡਾ. ਤ੍ਰਿਲੋਚਨ ਸਿੰਘ ਨੇ 'ਭਾਈ ਸਾਹਿਬ ਭਾਈ ਰਣਧੀਰ ਸਿੰਘ' ਜੀਵਨੀਆਂ ਅੰਕਿਤ ਕੀਤੀਆਂ।

ਧਰਮਪਾਲ ਸਿੰਗਲ ਨੇ 'ਜੀਵਨੀ ਗੁਰੂ ਰਵਿਦਾਸ ਜੀ', ਸੰਤ ਇੰਦਰ ਸਿੰਘ ਚੱਕਰਵਰਤੀ ਨੇ 'ਅਟੱਲ ਪ੍ਰਾਪਤੀ ਸਤਿਗੁਰੂ', ਡਾ. ਕਰਮ ਸਿੰਘ ਕਪੂਰ ਨੇ 'ਸਤਿਗੁਰੂ ਪ੍ਰਤਾਪ ਸਿੰਘ-ਇੱਕ ਮਹਾਨ ਸਤਿਗੁਰੂ' ਆਦਿ ਜੀਵਨੀਆਂ ਲਿਖ ਕੇ ਪੰਜਾਬੀ ਜੀਵਨੀ -ਸਾਹਿਤ ਨੂੰ ਭਰਪੂਰ ਕੀਤਾ।

ਕੁਝ ਕੁ ਲੇਖਕਾਂ ਨੇ ਸਾਹਿਤਕਾਰਾਂ ਦੇ ਜੀਵਨ-ਆਦਰਸ਼ਾਂ ਨੂੰ ਵੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੋ. ਹਰਦਿਆਲ ਸਿੰਘ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜੀਵਨੀ 'ਸੁਨਹਿਰੀ ਦਿਲ' ਨਾਂ ਹੇਠ ਛਾਪੀ। ਸੂਬਾ ਸਿੰਘ ਨੇ 'ਡਾ.ਕਾਲੇਪਾਣੀ', ਡਾ. ਗੁਰਦਿਆਲ ਸਿੰਘ ਫੁੱਲ ਨੇ 'ਭਾਈ ਜੋਧ ਸਿੰਘ', ਸ.ਸ. ਅਮੋਲ ਨੇ 'ਜੀਵਨੀ ਭਾਈ ਮੋਹਨ ਸਿੰਘ ਵੈਦ', ਕਿਰਪਾਲ ਸਿੰਘ ਕਸੇਲ ਨੇ ਪ੍ਰੋ. ਪੂਰਨ ਸਿੰਘ ਦੀ ਜੀਵਨੀ 'ਰਾਜ ਹੰਸ' ਆਦਿ ਜੀਵਨੀਆਂ ਲਿਖੀਆਂ ਹਨ।

ਪੰਜਾਬੀ ਸਾਹਿਤ ਦੇ ਖੋਜਾਰਥੀਆਂ ਵਿੱਚ ਪ੍ਰਸਿੱਧ ਸਾਹਿਤਕਾਰਾਂ ਦੇ 'ਜੀਵਨ ਤੇ ਰਚਨਾ' ਵਿਸ਼ੇ ਨਾਲ਼ ਸੰਬੰਧਿਤ ਕਾਰਜ ਪ੍ਰਤਿ ਵਿਸ਼ੇਸ਼ ਰੁਝਾਨ ਹੈ। ਇਸ ਤੋਂ ਇਲਾਵਾ ਵਿਗਿਆਨ, ਧਰਮ, ਸਮਾਜ-ਸੇਵਾ, ਰਾਜਨੀਤੀ ਦੇ ਖੇਤਰ ਨਾਲ਼ ਸੰਬੰਧਿਤ ਵਿਅਕਤੀਆਂ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ ਹਨ।

### ਔਖੇ ਸ਼ਬਦਾਂ ਦੇ ਅਰਥ :

**ਸੰਕਲਪ**- ਖ਼ਿਆਲ, ਮਨੋਰਥ ਦ੍ਰਿੜ੍ਹ ਕਰਨਾ। **ਸੰਪੂਰਨ**- ਸਾਰਾ, ਸਭ, ਤਮਾਮ। **ਬਿਰਤਾਂਤ**- ਵੇਰਵਾ, ਹਾਲ-ਚਾਲ। **ਵਿਸਤ੍ਰਿਤ**- ਵਿਸਤਾਰ ਸਹਿਤ। **ਨਿੱਜਤਵ**- ਆਪਾ। **ਮਿਥਿਹਾਸਿਕ ਕਥਾਵਾਂ**- ਮਿਥ ਨਾਲ਼ ਸੰਬੰਧਿਤ ਕਹਾਣੀਆਂ। **ਸਮਤੁੱਲ**- ਅਨੁਸਾਰ, ਬਰਾਬਰ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਸੁਝਵਾਨ _______ ਆਪਣੇ ਗੁਰੂਆਂ ਦੇ ਕਾਰਨਾਮਿਆਂ ਤੇ ਮਹਿਮਾ ਨੂੰ ਵਾਰਤਕ ਰਾਹੀਂ ਕਾਨੀਬੰਦ ਕਰਦੇ ਸਨ।

2. ਸ੍ਵੈਜੀਵਨੀ ਅਤੇ ਜੀਵਨੀ ਦੀ ਭਾਵਨਾ ਤੇ _______ਵਿੱਚ ਢੇਰ ਅੰਤਰ ਹੈ।
3. ਜੀਵਨੀ ਦੀ ਰਚਨਾ ਵਿੱਚ ਕਈ ਤੱਤ_______ ਰਹਿੰਦੇ ਹਨ।
4. ਅੱਜ ਦੀ ਜੀਵਨੀ ਦਾ_______ ਸ਼ਰਧਾ 'ਤੇ ਆਧਾਰਿਤ ਨਹੀਂ।
5. ਅੰਨੀ ਸ਼ਰਧਾ ਦੋਸ਼ਾਂ ਨੂੰ _______ ਸਮਝਦੀ ਹੈ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-**

1. ਜੀਵਨੀ ਕਿਹੋ-ਜਿਹੇ ਵਿਅਕਤੀ ਦਾ ਜੀਵਨ-ਬਿਰਤਾਂਤ ਪੇਸ਼ ਕਰਦੀ ਹੈ?
2. ਜੀਵਨੀ ਨੂੰ ਪਰਜੀਵੀ-ਕਲਾ ਕਿਸ ਵਿਦਵਾਨ ਨੇ ਕਿਹਾ ਹੈ?
3. ਸ੍ਵੈਜੀਵਨੀ ਅਤੇ ਜੀਵਨੀ ਵਿੱਚੋਂ ਕਿਹੜਾ ਰੂਪ ਸ੍ਵੈ-ਕੇਂਦਰਿਤ ਹੈ?
4. ਜੀਵਨੀਕਾਰ ਦਾ ਅਸਲ ਨਿਸ਼ਾਨਾ ਕਿਸ ਚੀਜ਼ ਦੀ ਭਾਲ਼ ਹੁੰਦਾ ਹੈ?
5. ਪੰਜਾਬੀ ਸਾਹਿਤ ਵਿੱਚੋਂ ਕਿਸੇ ਇੱਕ ਜੀਵਨੀ ਦਾ ਨਾਂ ਦੱਸੋ।

**(ੲ) ਵਿਸਤਾਰ ਸਹਿਤ ਉੱਤਰ ਦਿਓ-**

1. ਜੀਵਨੀ ਦੀ ਪਰਿਭਾਸ਼ਾ ਸਪਸ਼ਟ ਕਰੋ।
2. ਜੀਵਨੀ ਦੇ ਮਹੱਤਵਪੂਰਨ ਤੱਤਾਂ ਬਾਰੇ ਚਾਨਣਾ ਪਾਓ।
3. ਜੀਵਨੀਕਾਰ ਦੇ ਜੀਵਨੀ-ਸਿਰਜਣਾ ਸੰਬੰਧੀ ਕੀ ਕਰਤੱਵ ਹੁੰਦੇ ਹਨ? ਚਰਚਾ ਕਰੋ।
4. ਪੰਜਾਬੀ ਜੀਵਨੀ ਸਾਹਿਤ ਦੇ ਇਤਿਹਾਸ ਤੇ ਵਿਕਾਸ ਬਾਰੇ ਸੰਖੇਪ ਵਿੱਚ ਲਿਖੋ।

ਆਪਣੇ ਕਿਸੇ ਮਨਪਸੰਦ ਨਾਇਕ (ਸਾਹਿਤਕਾਰ, ਖਿਡਾਰੀ, ਨੇਤਾ, ਅਭਿਨੇਤਾ ਆਦਿ) ਦੇ ਜੀਵਨ ਸੰਬੰਧੀ ਆਪਣੇ ਸ਼ਬਦਾਂ ਵਿੱਚ ਲਿਖੋ।

# ਸ੍ਵੈਜੀਵਨੀ 8

ਸ੍ਵੈਜੀਵਨੀ ਵਾਰਤਕ-ਸਾਹਿਤ ਦਾ ਇੱਕ ਵਿਸ਼ੇਸ਼ ਰੂਪ ਹੈ ਜੋ ਵਿਅਕਤੀ ਦੀ ਆਪਣੇ ਨਿੱਜੀ ਅਨੁਭਵ ਨੂੰ ਸਿੱਧੇ ਸਪਸ਼ਟ ਤੌਰ 'ਤੇ ਪੇਸ਼ ਕਰਨ ਦੀ ਲੋਚਾ ਵਿੱਚੋਂ ਪੈਦਾ ਹੋਇਆ ਹੈ। ਸ੍ਵੈਜੀਵਨੀ ਵਿੱਚ ਨਾਇਕ ਅਤੇ ਲੇਖਕ ਇੱਕੋ ਵਿਅਕਤੀ ਹੁੰਦਾ ਹੈ। ਜਦੋਂ ਲੇਖਕ ਆਪਣੀ ਜ਼ਿੰਦਗੀ ਬਾਰੇ ਲਿਖਦਾ ਹੈ, ਉਸ ਨੂੰ ਆਪਣੇ-ਆਪ 'ਤੇ ਪੂਰਨ ਭਰੋਸਾ ਹੁੰਦਾ ਹੈ ਕਿਉਂਕਿ ਉਹ ਆਪਣੇ ਬਾਰੇ ਲੋਕਾਂ ਨਾਲੋਂ ਜ਼ਿਆਦਾ ਜਾਣਦਾ ਹੈ। ਇਸ ਕਰਕੇ ਸ੍ਵੈਜੀਵਨੀ ਬਾਰੇ ਕਿਹਾ ਜਾਂਦਾ ਹੈ ਕਿ "ਸ੍ਵੈਜੀਵਨੀ" ਵਿੱਚ ਆਪ ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ-ਉਸਾਰੀ ਹੁੰਦੀ ਹੈ।

ਸ੍ਵੈਜੀਵਨੀ ਇੱਕ ਕਲਾ ਹੈ ਜਿਸ ਦਾ ਆਪਣਾ ਸੁਤੰਤਰ ਸਰੂਪ ਅਤੇ ਆਪਣੀ ਨਵੇਕਲ਼ੀ ਪਛਾਣ ਹੈ। ਕਈ ਵਾਰ ਸ੍ਵੈਜੀਵਨੀ ਨੂੰ ਸਾਹਿਤ ਦੇ ਦੂਜੇ ਰੂਪਾਂ, ਜਿਵੇਂ: ਜੀਵਨੀ, ਰੇਖਾ-ਚਿੱਤਰ, ਡਾਇਰੀ, ਸੰਸਮਰਨ ਆਦਿ ਨਾਲ਼ ਰਲ਼ਗੱਡ ਕਰ ਦਿੱਤਾ ਜਾਂਦਾ ਹੈ ਪਰ ਅਸਲੀਅਤ ਇਹ ਹੈ ਕਿ ਹੁਣ ਸ੍ਵੈਜੀਵਨੀ ਸਾਹਿਤ ਦੇ ਇੱਕ ਅੰਗ ਵਜੋਂ ਪ੍ਰਵਾਨਿਤ ਹੋ ਚੁੱਕੀ ਹੈ। ਜਿੱਥੇ ਹੋਰ ਸਾਹਿਤ-ਰੂਪ ਅਜਿਹੀਆਂ ਰਹੁ-ਰੀਤਾਂ ਨੂੰ ਸਾਮ੍ਹਣੇ ਰੱਖਦੇ ਹਨ ਜਿਨ੍ਹਾਂ ਨੂੰ ਲੋਕ ਜਾਣਦੇ ਹੁੰਦੇ ਹਨ, ਉੱਥੇ ਸ੍ਵੈਜੀਵਨੀ ਹਰ ਵਸਤੂ ਤੋਂ ਪਰੇ ਇੱਕ ਵਿੱਥ ਰੱਖ ਕੇ ਲਿਖੀ ਜਾਂਦੀ ਹੈ ਅਤੇ ਇਸ ਨੂੰ ਪਹਿਲਾਂ ਹੋਰ ਕੋਈ ਨਹੀਂ ਜਾਣਦਾ ਹੁੰਦਾ।

### ਪਰਿਭਾਸ਼ਾ :

ਸ੍ਵੈਜੀਵਨੀ ਨਿੱਜੀ ਜੀਵਨ ਦਾ ਬਿਓਰਾ ਹੈ ਜੋ ਕਰਤਾ ਵੱਲੋਂ ਖ਼ੁਦ ਹੀ ਲਿਖਿਆ ਜਾਂਦਾ ਹੈ ਜਾਂ ਸ੍ਵੈਜੀਵਨੀ ਅੰਦਰ ਝਾਤ ਪਾਉਣ ਦਾ ਬਿਰਤਾਂਤ ਹੈ ਜਿਸ ਦੁਆਰਾ ਲੇਖਕ ਸ੍ਵੈ-ਪੜਚੋਲ ਦੀ ਲਾਲਸਾ ਰੱਖਦਾ ਹੈ ਅਤੇ ਜਾਂ ਫਿਰ ਸ੍ਵੈਜੀਵਨੀ ਮਨੁੱਖ ਦੀ ਆਪਣੀ ਛਾਇਆ ਹੈ ਜਿਹੜੀ ਯਾਦਾਂ ਦੀ ਰੰਗੀਨ ਧੁੰਦ ਉੱਤੇ ਪੈਂਦੀ ਰਹਿੰਦੀ ਹੈ। ਸੰਖੇਪ ਵਿੱਚ ਸ੍ਵੈਜੀਵਨੀ ਸ੍ਵੈ-ਪ੍ਰਕਾਸ਼ ਦਾ ਸਾਹਿਤ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ੍ਵੈਜੀਵਨੀ ਇੱਕ ਖ਼ਾਸ ਸਮੇਂ 'ਤੇ ਕੀਤੀ ਗਈ ਸ੍ਵੈ-ਪੜਚੋਲ ਹੈ ਜਿਹੜੀ ਬੀਤੇ ਤੇ ਵਰਤਮਾਨ ਵਿੱਚ ਸੰਬੰਧ ਸਥਾਪਿਤ ਕਰਦੀ ਹੈ।

ਇਹ ਲੇਖਕ/ਨਾਇਕ ਦੇ ਅਤੀਤ ਅਤੇ ਰਚਨਾ ਦੇ ਸਿਰਜਣ-ਪਲਾਂ ਦੀ ਅਜਿਹੀ ਗੰਢ-ਤੁੱਪ ਹੈ ਜਿਸ ਵਿੱਚ ਉਹ ਜੀਵਨ ਨੂੰ ਅਨਾਤਮ ਦ੍ਰਿਸ਼ਟੀ ਤੋਂ ਪੇਸ਼ ਕਰਨ ਲਈ ਪ੍ਰਤਿਬੱਧ ਹੁੰਦਾ ਹੈ। ਉਹ ਆਪਣੀ ਜ਼ਿੰਦਗੀ ਦੀਆਂ ਚੋਣਵੀਆਂ/ਅਹਿਮ ਘਟਨਾਵਾਂ ਦੀ ਕਾਲਪਨਿਕ ਢੰਗ ਨਾਲ਼ ਪੁਨਰ-ਸਿਰਜਣਾ ਕਰਦਿਆਂ ਆਪਣਾ ਮੂਲ ਪਛਾਣਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਸ੍ਵੈਜੀਵਨੀ ਵਿੱਚ ਲੇਖਕ ਨਾਲ਼ ਸੰਬੰਧ ਰੱਖਣ ਵਾਲ਼ੀਆਂ ਸ਼ਖ਼ਸੀਅਤਾਂ ਅਤੇ ਉਸ ਨਾਲ਼ ਸੰਬੰਧਿਤ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਿਕ ਪਰਿਸਥਿਤੀਆਂ ਵੀ ਸ੍ਵੈਜੀਵਨੀ ਦਾ ਹਿੱਸਾ ਬਣਦੀਆਂ ਹਨ।

### ਸ੍ਵੈਜੀਵਨੀ ਦੇ ਤੱਤ

ਸ੍ਵੈਜੀਵਨੀ ਦੀ ਬਣਤਰ ਅਤੇ ਬੁਣਤਰ ਵਿੱਚ ਕਾਰਜਸ਼ੀਲ ਤੱਤਾਂ ਬਾਰੇ ਵਿਦਵਾਨਾਂ ਨੇ ਭਿੰਨ-ਭਿੰਨ ਵਿਚਾਰ ਦਿੱਤੇ ਹਨ। 'ਸ੍ਵੈਜੀਵਨੀ ਸ਼ਾਸਤਰ' ਦੇ ਲੇਖਕ ਡਾ. ਧਰਮ ਚੰਦ ਵਾਤਿਸ਼ ਨੇ ਸ੍ਵੈਜੀਵਨੀ ਦੇ ਤਿੰਨ ਪ੍ਰਮੁੱਖ ਤੱਤ ਮੰਨੇ ਹਨ। ਇਹ ਤੱਤ ਹਨ- ਸ਼ਖ਼ਸੀਅਤ-ਤੱਤ, ਇਤਿਹਾਸਿਕ ਤੱਤ ਅਤੇ ਸਾਹਿਤਿਕ ਤੱਤ। ਕੁਝ ਵਿਦਵਾਨ ਸ੍ਵੈਜੀਵਨੀ ਵਿੱਚ ਘਟਨਾਵਾਂ ਦੀ ਚੋਣ, ਨੰਗਾ ਸੱਚ, ਲੇਖਕ ਦਾ ਆਪਾ, ਤਜਰਬੇ ਅਤੇ ਕਲਾ-ਸ਼ੈਲੀਆਂ ਆਦਿ ਨੂੰ ਵੱਖ-ਵੱਖ ਤੱਤਾਂ ਵਜੋਂ ਸ੍ਵੀਕਾਰਦੇ ਹਨ। ਵਿਦਵਾਨਾਂ ਦੀ ਰਲ਼ੀ-ਮਿਲ਼ੀ ਰਾਏ ਦੇ ਆਧਾਰ ਉੱਤੇ ਸ੍ਵੈਜੀਵਨੀ ਦੇ ਹੇਠ ਲਿਖੇ ਤੱਤ ਮੰਨੇ ਜਾ ਸਕਦੇ ਹਨ-

### ਘਟਨਾਵਾਂ ਦੀ ਚੋਣ - :

ਸ੍ਵੈਜੀਵਨੀ ਲੇਖਕ ਦੇ ਨਿੱਜੀ ਜੀਵਨ ਨਾਲ਼ ਪੂਰੀ ਤਰ੍ਹਾਂ ਸੰਬੰਧਿਤ ਹੋਣ' ਤੇ ਵੀ ਜੀਵਨ ਦੀ ਅੰਨ੍ਹੇਵਾਹ ਨਕਲ ਨਹੀਂ ਹੁੰਦੀ। ਜੀਵਨ ਦੀ ਉਲ਼ਝੀ ਤਾਣੀ ਵਿੱਚੋਂ ਲੇਖਕ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਚੁਣਦਾ ਹੈ, ਉਹਨਾਂ ਦੀ ਕਾਂਟ-ਛਾਂਟ ਤੇ ਵਿਸ਼ਲੇਸ਼ਣ ਕਰਦਾ ਹੈ। ਤੱਥਾਂ ਦੀ ਚੋਣ ਦੇ ਮੁਤਾਬਕ ਕਲਾਤਮਿਕ ਪ੍ਰਗਟਾਵੇ ਦੀ ਚੋਣ ਕਰਦਾ ਹੈ। ਯਾਦਾਂ ਤੇ ਘਟਨਾਵਾਂ ਦੇ ਅਨੁਸਾਰ ਕਲਾ-ਰੂਪ ਦੀ ਚੋਣ ਕਰਨਾ ਹੀ ਸ੍ਵੈਜੀਵਨੀ ਦੇ ਲੇਖਕ ਲਈ ਇੱਕ ਬਹੁਤ ਵੱਡੀ ਚੁਨੌਤੀ ਹੈ। ਸ੍ਵੈਜੀਵਨੀ ਦੀ ਸਫਲਤਾ ਇਸ ਚੋਣ 'ਤੇ ਨਿਰਭਰ ਕਰਦੀ ਹੈ ਕਿ ਕਿਸ ਤਰ੍ਹਾਂ ਲੇਖਕ ਨੇ ਘਟਨਾਵਾਂ ਦੀਆਂ ਲੜੀਆਂ ਨੂੰ ਕਿਸੇ ਤਰਤੀਬ ਵਿੱਚ ਵਿਓਂਤਬੱਧ ਕੀਤਾ ਹੈ ਅਤੇ ਉਸ ਨੂੰ ਕਿੰਨਾ ਦਿਲਚਸਪ, ਰੋਚਕ ਤੇ ਗਿਆਨਦਾਇਕ ਬਣਾਇਆ ਹੈ।

ਸ੍ਵੈਜੀਵਨੀਕਾਰ ਜੀਵਨ ਦੀਆਂ ਘਟਨਾਵਾਂ ਨੂੰ ਯਾਦਾਂ ਦੇ ਸਹਾਰੇ ਪੁਨਰ-ਸੁਰਜੀਤ ਕਰਦਾ ਹੈ ਅਤੇ ਫਿਰ ਇਹਨਾਂ ਵਿੱਚੋਂ ਪ੍ਰਭਾਵਸ਼ਾਲੀ ਘਟਨਾਵਾਂ ਦੀ ਚੋਣ ਕਰਦਾ ਹੈ। ਇਹ ਖ਼ਾਸਾ ਔਖਾ ਕੰਮ ਹੈ। ਇਸੇ ਪ੍ਰਕਾਰ ਦੀ ਕਠਨਾਈ ਨੂੰ ਮਹਿਸੂਸ ਕਰਦਿਆਂ ਡਾ. ਵਣਜਾਰਾ ਬੇਦੀ ਲਿਖਦਾ ਹੈ ਕਿ ਆਤਮ-ਕਥਾ ਦੁਨੀਆ ਦੀ ਭੀੜ ਵਿੱਚ ਆਪਣੇ-ਆਪ ਨੂੰ ਪਛਾਣਨ ਦਾ ਇੱਕ ਕਲਾਤਮਿਕ ਯਤਨ ਹੈ। ਪਰ ਬੰਦੇ ਦੀ ਹੋਣੀ ਇਹ ਹੈ ਕਿ ਉਹ ਆਪਣੇ-ਆਪ ਨੂੰ ਹੀ ਚੰਗੀ ਤਰ੍ਹਾਂ ਪਛਾਣਨ ਦੇ ਅਸਮਰਥ ਹੁੰਦਾ ਹੈ। ਉਸ ਦਾ 'ਸ੍ਵੈ' ਭੀੜ ਵਿੱਚ ਰਲ਼ ਕੇ ਗੁਆਚ ਜਾਂਦਾ ਹੈ ਤੇ ਸਮੇਂ ਦੀ ਧੂੜ ਨਾਲ਼ ਰੰਗ ਬਦਲ ਲੈਂਦਾ ਹੈ। ਕਿਧਰੇ ਸਮਾਂ ਉਸ ਨੂੰ ਘਸਮੈਲ਼ਾ ਕਰ ਦਿੰਦਾ ਹੈ, ਕਿਧਰੇ ਆਪਣੀ ਘਾਸੀ ਦੁਆਰਾ ਲਿਸ਼ਕਾ-ਚਮਕਾ ਵੀ ਦਿੰਦਾ ਹੈ।

ਕਈ ਵਾਰ ਲੇਖਕ ਦੀਆਂ 'ਯਾਦਾਂ' ਵੀ ਲੁਕਣ-ਮੀਟੀ ਖੇਡ ਸਕਦੀਆਂ ਹਨ। ਬਹੁਤ ਕੁਝ ਭੁੱਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਘਟਨਾਵਾਂ ਦੀ ਚੋਣ ਕਰਨ ਦਾ ਇਹ ਕਠਨ ਕਾਰਜ ਯਾਦਾਂ ਦੇ ਸਹਾਰੇ ਹੀ ਕਰਨਾ ਪੈਂਦਾ ਹੈ। ਸ੍ਵੈਜੀਵਨੀਕਾਰ ਆਪਣੀ ਜ਼ਿੰਦਗੀ ਦੇ ਪਸਾਰੇ ਨੂੰ ਕਿਸੇ ਏਕਤਾ ਵਿੱਚ ਢਾਲ਼ ਕੇ ਕਲਾਤਮਿਕ ਢੰਗ ਨਾਲ਼ ਪੇਸ਼ ਕਰਨ ਦਾ ਜਤਨ ਕਰਦਾ ਹੈ।

### ਨੰਗਾ ਸੱਚ :-

ਸ੍ਵੈਜੀਵਨੀ ਵਿੱਚ ਜੋ ਕੁਝ ਵੀ ਲਿਖਿਆ ਜਾਂਦਾ ਹੈ, ਉਹ ਅੱਖੀਂ ਡਿੱਠਾ ਤੇ ਆਪ-ਹੰਢਾਇਆ ਸੱਚ ਹੁੰਦਾ ਹੈ। ਸੱਚ ਨੂੰ ਪੇਸ਼ ਕਰਨਾ ਹੀ ਸ੍ਵੈਜੀਵਨੀ ਦਾ ਅਸਲੀ ਮਨੋਰਥ ਹੈ। ਲੇਖਕ ਦੇ ਜੀਵਨ ਵਿੱਚ ਜੋ ਕੁਝ ਵਾਪਰਿਆ ਹੁੰਦਾ ਹੈ, ਉਸ ਨੂੰ ਸਹੀ-ਸਹੀ ਅੰਕਿਤ ਕਰਨ ਦੀ ਲਾਲਸਾ ਹੀ ਸ੍ਵੈਜੀਵਨੀ ਨੂੰ ਜਨਮ ਦੇਂਦੀ ਹੈ। ਇਸ ਲਈ ਸ੍ਵੈਜੀਵਨੀ ਮਨੁੱਖੀ ਜੀਵਨ ਦੇ ਸੱਚ ਨੂੰ ਪ੍ਰਗਟ ਕਰਨ ਦਾ ਇੱਕ ਠੋਸ ਤੇ ਪ੍ਰਮਾਣਿਕ ਰੂਪ ਹੈ। ਸਥਾਪਿਤ ਲੇਖਕ ਆਪਣੀਆਂ ਕਿਰਤਾਂ ਵਿਚਲੇ ਸੱਚ ਦੀ ਪ੍ਰਤਿਬੱਧਤਾ ਨੂੰ ਸਪਸ਼ਟ ਕਰਨ ਲਈ ਸ੍ਵੈਜੀਵਨੀ ਲਿਖਦਾ ਹੈ ਤਾਂਜੋ ਉਸ ਦੀਆਂ ਲਿਖਤਾਂ ਤੇ ਕਿਰਤਾਂ ਵਿੱਚ ਪਸਰਿਆ ਉਸ ਦਾ ਜੀਵਨ-ਫ਼ਲਸਫ਼ਾ ਉੱਭਰ ਕੇ ਸਾਮ੍ਹਣੇ ਆ ਜਾਵੇ।

ਪਰ ਸ੍ਵੈਜੀਵਨੀ ਵਿਚਲਾ ਸੱਚ, ਨੰਗਾ ਸੱਚ ਹੁੰਦਾ ਹੈ। ਨੰਗੇ ਸੱਚ ਦੇ ਸਾਮ੍ਹਣੇ ਖੜ੍ਹੇ ਹੋਣ ਦੀ ਹਿੰਮਤ ਬਹੁਤ ਘੱਟ ਲੇਖਕਾਂ ਵਿੱਚ ਵੇਖੀ ਜਾ ਸਕਦੀ ਹੈ। ਆਮ ਲੇਖਕ ਆਪਣੀ ਨਿੱਜੀ (ਜਾਤੀ) ਜ਼ਿੰਦਗੀ ਦੇ ਉੱਜਲ ਪੱਖ ਨੂੰ ਹੀ ਬਿਆਨਦੇ ਰਹਿੰਦੇ ਹਨ ਅਤੇ ਕਾਲ਼ੇ ਪੱਖ ਨੂੰ ਸ਼ਬਦਾਂ ਦੇ ਓਹਲੇ ਹੀ ਢਕੀ ਰੱਖਦੇ ਹਨ। ਕੋਈ ਹਿੰਮਤ ਵਾਲ਼ੇ ਸ੍ਵੈਜੀਵਨੀਕਾਰ ਹੀ ਅਜਿਹਾ ਸੱਚ ਪੇਸ਼ ਕਰਨ ਦਾ ਜੇਰਾ ਕਰਦੇ ਹਨ।

ਕੁਝ ਵਿਦਵਾਨ ਇਹ ਵੀ ਮੰਨਦੇ ਹਨ ਕਿ ਸ੍ਵੈਜੀਵਨੀ ਵਿੱਚ ਸਿਰਫ਼ ਸੱਚ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਸੱਚ ਤੋਂ ਸਿਵਾ ਕੁਝ ਨਹੀਂ। ਪਰ 'ਸਾਰਾ ਸੱਚ' ਵੀ ਨਹੀਂ ਕਿਉਂਕਿ ਲੇਖਕ ਦੀ ਜ਼ਿੰਦਗੀ ਵਿੱਚ ਕੁਝ ਅਜਿਹੇ ਸੱਚ ਵੀ ਹੁੰਦੇ ਹਨ ਜਿਨ੍ਹਾਂ ਨੂੰ ਜੱਗ-ਜ਼ਾਹਰ ਕਰਨ ਨਾਲ਼ ਕੋਈ ਸਮੱਸਿਆ ਖੜ੍ਹੀ ਹੋ ਸਕਦੀ ਹੈ। ਅਜਿਹੇ ਸੱਚ ਨੂੰ ਨਾ ਪੇਸ਼ ਕਰਨ ਵਿੱਚ ਹੀ ਸ੍ਵੈਜੀਵਨੀਕਾਰ ਦੀ ਭਲਾਈ ਹੈ। ਕਈ ਵਾਰ ਲੇਖਕਾਂ ਦੀ ਯਾਦ-ਸ਼ਕਤੀ ਹੀ ਸੱਚ ਨੂੰ ਧੁੰਦਲ਼ਾ ਕਰ ਦਿੰਦੀ ਹੈ। ਕੁਝ ਵੀ ਹੋਵੇ ਸ੍ਵੈਜੀਵਨੀ ਤੇ ਸੱਚ ਦਾ ਗੂੜ੍ਹਾ ਨਾਤਾ ਹੈ ਅਤੇ ਬਣਿਆ ਰਹੇਗਾ।

### ਆਪਾ :-

ਆਪਣੇ-ਆਪ ਨੂੰ ਪਛਾਣਨਾ ਸ੍ਵੈਜੀਵਨੀ ਦਾ ਮੂਲ ਧੁਰਾ ਹੈ ਕਿਉਂਕਿ ਆਪਣੇ-ਆਪ ਨੂੰ ਜਾਣਨਾ ਹੀ ਆਪਣੀਆਂ

ਕਮਜ਼ੋਰੀਆਂ, ਊਣਤਾਈਆਂ, ਸ਼ਕਤੀਆਂ ਤੇ ਕਾਮਯਾਬੀਆਂ ਨੂੰ ਪਛਾਣਨਾ ਹੈ। ਇਸ ਲਈ ਸ੍ਵੈਜੀਵਨੀ ਆਪਣੇ ਆਪੇ ਦੀ ਤਲਾਸ਼ ਕਰਦੀ ਹੈ। ਅਸੀਂ ਭਾਵੇਂ ਗੁਰੂ-ਫ਼ਿਲਾਸਫ਼ੀ ਦੀ ਗੱਲ ਨਾ ਵੀ ਕਰੀਏ ਜਿੱਥੇ ਇਹ ਨਾਹਰਾ ਲਾਇਆ ਜਾਂਦਾ ਹੈ ਕਿ "Know Thyself " ਅਰਥਾਤ 'ਆਪਣੇ-ਆਪ ਨੂੰ ਪਛਾਣੋ' ਪਰ ਫੇਰ ਵੀ ਇਹ ਸੱਚ ਹੈ ਕਿ ਸਾਹਿਤ ਦਾ ਰੂਪ "ਸ੍ਵੈਜੀਵਨੀ" ਆਪੇ ਦੀ ਪਛਾਣ ਕਰਨ ਦੀ ਇੱਕ ਕੁਸ਼ਲ-ਕਲਾ ਹੈ। ਇਸ ਪੱਖ ਤੋਂ ਸ੍ਵੈਜੀਵਨੀ ਇੱਕ ਆਤਮ-ਬਿਰਤਾਂਤ ਹੈ ਜੋ ਆਪਣੀ ਜ਼ਿੰਦਗੀ ਦਾ ਆਪ ਹੀ ਬਿਰਤਾਂਤ ਪੇਸ਼ ਕਰਨ ਦਾ ਟੀਚਾ ਰੱਖਦੀ ਹੈ।

ਸ੍ਵੈਜੀਵਨੀ ਵਿੱਚ ਸ੍ਵੈਜੀਵਨੀਕਾਰ ਦਾ ਆਪਣਾ ਆਪਾ ਅਤੇ ਆਪਣੀ ਨਿੱਜੀ ਸ਼ਖ਼ਸੀਅਤ ਸਾਕਾਰ ਹੁੰਦੀ ਹੈ। ਇਸ ਲਈ ਆਪਾ ਜਾਂ ਸ਼ਖ਼ਸੀਅਤ ਸ੍ਵੈਜੀਵਨੀ ਦਾ ਮੁਢਲਾ ਤੱਤ ਹੈ। ਏਥੇ ਸ੍ਵੈਜੀਵਨੀਕਾਰ ਖ਼ੁਦ ਹੀ ਆਪ ਪਾਤਰ ਹੁੰਦਾ ਹੈ ਅਤੇ ਆਪਣੇ-ਆਪ ਦੇ ਚਿਤਰਨ ਵਿੱਚ ਉਸ ਨੂੰ ਕੋਈ ਕਲਪਨਾ ਜਾਂ ਫੋਕੇ ਆਦਰਸ਼ਵਾਦ ਦੀ ਜ਼ਰੂਰਤ ਨਹੀਂ ਹੁੰਦੀ। ਇਸ ਲਈ ਇਹ ਕਿਹਾ ਜਾਂਦਾ ਹੈ ਕਿ "ਸ੍ਵੈਜੀਵਨੀ" ਆਪੇ ਵੱਲੋਂ ਆਪੇ ਦੀ ਸਹੀ ਤੇ ਸਮੁੱਚੀ ਸਿਰਜਣਾ ਹੀ ਹੈ।

### ਵਿਸ਼ਾ-ਵਸਤੂ :-

ਇਹੋ ਆਪਾ ਸ੍ਵੈਜੀਵਨੀ ਵਿੱਚ ਇੱਕ ਵਿਸ਼ੇ ਵਜੋਂ ਵੀ ਦਾਖ਼ਲ ਹੁੰਦਾ ਹੈ ਕਿਉਂਕਿ ਸ੍ਵੈਜੀਵਨੀ ਦਾ ਵਿਸ਼ਾ ਜੀਵਨ ਹੁੰਦਾ ਹੈ। ਲੇਖਕ ਨੇ ਆਪਣੇ-ਆਪ ਨੂੰ ਇੱਕ ਵਿਸ਼ੇ ਵਜੋਂ ਦੂਰ ਫ਼ਾਸਲੇ 'ਤੇ ਰੱਖ ਕੇ ਵਾਚਣਾ ਹੁੰਦਾ ਹੈ। ਏਥੇ ਇੱਕੋ ਵੇਲ਼ੇ ਆਪਣੇ-ਆਪ ਨੂੰ ਭੁੱਲਣਾ ਵੀ ਹੁੰਦਾ ਹੈ ਅਤੇ ਯਾਦ ਵੀ ਕਰਨਾ ਹੁੰਦਾ ਹੈ ਕਿਉਂਕਿ ਮਨੁੱਖ ਆਪਣੀਆਂ ਹਾਲਤਾਂ ਤੇ ਪਰਿਸਥਿਤੀਆਂ ਦਾ ਦਾਸ ਹੈ। ਉਹ ਆਪਣੀਆਂ ਹਾਲਤਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਆਪਣੇ ਆਲ਼ੇ-ਦੁਆਲ਼ੇ ਤੇ ਆਪਣੇ ਸਮਾਜ ਦੇ ਪ੍ਰਭਾਵ ਥੱਲੇ ਲੇਖਕ ਜਿਹੋ-ਜਿਹਾ ਵੀ ਆਪਣਾ ਜੀਵਨ-ਸਫ਼ਰ ਤੈਅ ਕਰਦਾ ਹੈ, ਉਸੇ ਦੇ ਮੁਤਾਬਕ ਉਸ ਦੀ ਸ਼ਖ਼ਸੀਅਤ ਬਣਦੀ ਹੈ। ਜੀਵਨ ਇੱਕ ਅਜਿਹੀ ਲੀਲ੍ਹਾ ਹੈ ਜਿਸ ਵਿੱਚ ਸਭ ਦੀ ਭੂਮਿਕਾ ਵੱਖਰੀ-ਵੱਖਰੀ ਹੁੰਦਿਆਂ ਵੀ ਇੱਕ ਦਾ ਦੂਜੇ ਨਾਲ਼ ਸੰਬੰਧ ਹੈ। ਇਸ ਲਈ ਸ੍ਵੈਜੀਵਨੀ ਵਿੱਚ ਲੇਖਕ ਦਾ ਆਪਾ, ਉਸ ਦੀ ਸ਼ਖ਼ਸੀਅਤ ਅਤੇ ਉਸ ਦੇ ਜੀਵਨ ਨੂੰ ਇੱਕ ਵਿਸ਼ੇ ਵਜੋਂ ਅੰਕਿਤ ਕਰਨ ਦੇ ਨਾਲ਼-ਨਾਲ਼ ਉਸ ਦੇ ਆਪਣੇ ਸਮੇਂ ਦੇ ਸਮਾਜ, ਸੱਭਿਆਚਾਰ, ਰਾਜਨੀਤੀ ਤੇ ਸਾਹਿਤ-ਰੀਤੀ ਦੀ ਤਸਵੀਰ ਵੀ ਚਿਤਰਿਤ ਹੁੰਦੀ ਰਹਿੰਦੀ ਹੈ। ਇਸ ਦਾ ਭਾਵ ਹੈ ਕਿ ਲੇਖਕ ਦਾ ਜੀਵਨ ਸ੍ਵੈਜੀਵਨੀ ਦਾ ਮੁੱਖ ਵਿਸ਼ਾ ਹੈ ਪਰੰਤੂ ਤਤਕਾਲੀ ਆਰਥਿਕ ਤੇ ਸਿਆਸੀ ਘਟਨਾਵਾਂ ਅਤੇ ਸਮਾਜਿਕ ਤੇ ਸੱਭਿਆਚਾਰਿਕ ਮਾਨ-ਮਰਯਾਦਾਵਾਂ ਵੀ ਵਿਸ਼ੇ ਰੂਪ ਵਿੱਚ ਪਰਿਵਰਤਿਤ ਹੁੰਦੇ ਹਨ।

### ਤਜਰਬੇ (ਅਨੁਭਵ) :-

ਸ੍ਵੈਜੀਵਨੀ ਤਜਰਬਿਆਂ ਦਾ ਸੰਗ੍ਰਹਿ ਹੈ। ਸ੍ਵੈਜੀਵਨੀ ਲਿਖੇ ਜਾਣ ਤੋਂ ਪਹਿਲਾਂ ਜੀਵੀ ਜਾਂਦੀ ਹੈ ਅਤੇ ਖੇਡੀ ਜਾਂਦੀ ਹੈ। ਇਹ ਵਾਪਰਨ ਵੇਲ਼ੇ ਹੀ ਘਟਨਾ ਉੱਤੇ ਚਿੰਨ੍ਹ ਛੱਡ ਜਾਂਦੀ ਹੈ। ਇਹ ਚਿੰਨ੍ਹ ਹੀ ਤਜਰਬੇ ਜਾਂ ਅਨੁਭਵ ਬਣ ਜਾਂਦੇ ਹਨ। ਇਹਨਾਂ ਤਜਰਬਿਆਂ, ਅਨੁਭਵਾਂ ਤੇ ਭਾਵਾਂ ਦੀ ਸਿਲਸਿਲੇਵਾਰ ਲੜੀ ਨੂੰ ਪੇਸ਼ ਕਰਨਾ ਹੀ ਸ੍ਵੈਜੀਵਨੀ ਹੈ। ਸ੍ਵੈਜੀਵਨੀ ਦੀ ਆਧਾਰ-ਸ਼ਿਲਾ ਤੇ ਬੁਨਿਆਦ ਲੇਖਕ ਦੇ ਕੌੜੇ-ਮਿੱਠੇ ਨਿੱਜੀ ਅਨੁਭਵ ਹਨ। ਕਈ ਵਾਰ ਅਜਿਹਾ ਨਿੱਜੀ ਅਨੁਭਵ ਸਾਰੀ ਮਨੁੱਖਤਾ ਲਈ ਗਿਆਨ ਦੇ ਭੰਡਾਰ ਬਣ ਜਾਂਦੇ ਹਨ ਅਤੇ ਸਾਡੇ ਲਈ ਚਾਨਣ-ਮੁਨਾਰਿਆਂ ਦਾ ਕੰਮ ਦਿੰਦੇ ਹਨ ਕਿਉਂਕਿ ਸ੍ਵੈਜੀਵਨੀ ਇੱਕ ਤਰ੍ਹਾਂ ਦੀ ਸ੍ਵੈ-ਪੜਚੋਲ ਹੀ ਹੁੰਦੀ ਹੈ। ਜਿੱਥੇ-ਜਿੱਥੇ ਲੇਖਕ ਥਿੜਕਿਆ ਹੈ, ਅਸਫਲ ਹੋਇਆ ਹੈ ਅਤੇ ਜ਼ਾਤੀ ਲਾਭ ਲਈ ਮਰਯਾਦਾ ਤੋਂ ਭ੍ਰਿਸ਼ਟ ਹੋਇਆ ਹੈ ਜਾਂ ਦੂਜੇ ਪਾਸੇ ਦੇਸ, ਰਾਸ਼ਟਰ ਜਾਂ ਸਮਾਜ ਦੇ ਕਲਿਆਣ ਲਈ ਕੋਈ ਮਹਾਨ ਕਾਰਨਾਮਾ ਕਰ ਗੁਜ਼ਰਿਆ ਹੈ, ਉੱਥੇ-ਉੱਥੇ ਅਜਿਹੇ ਤਜਰਬੇ ਪਾਠਕਾਂ ਲਈ ਅਸ਼ੁੱਭ ਤਿਆਗਣ ਲਈ ਅਤੇ ਸ਼ੁੱਭ ਗ੍ਰਹਿਣ ਕਰਨ ਲਈ ਮਹਾਨ ਆਦਰਸ਼ ਬਣ ਨਿੱਬੜਦੇ ਹਨ। ਇਸ ਲਈ ਸੱਚ ਲਈ ਪ੍ਰਤਿਬੱਧ ਲੇਖਕ ਆਪਣੇ ਜੀਵਨ-ਸਫ਼ਰ ਦੇ ਅਨੁਭਵਾਂ ਨੂੰ, ਜਿਨ੍ਹਾਂ ਦੀ ਰੋਸ਼ਨੀ ਵਿੱਚ ਸਮਾਜ ਦਾ ਕਲਿਆਣ ਹੈ, ਸਾਕਾਰ ਕਰਨ ਲਈ ਸ੍ਵੈਜੀਵਨੀ ਲਿਖਦਾ ਹੈ। ਪਰ ਇੱਕ ਗੱਲ ਬੜੀ ਮਹਾਨ ਹੈ ਕਿ ਸ੍ਵੈਜੀਵਨੀ ਵਿੱਚ ਵਰਨਣ ਕੀਤੇ ਅਨੁਭਵ ਤੇ ਤਜਰਬੇ ਹੰਢਾਏ ਹੋਏ ਤਜਰਬਿਆਂ ਨਾਲ਼ੋਂ ਕਿਤੇ ਵੱਧ ਸੱਚ ਹੁੰਦੇ ਹਨ। ਜਿਸ ਤਰ੍ਹਾਂ ਲੜੇ ਹੋਏ ਜੰਗ ਨਾਲ਼ੋਂ ਜੰਗ ਦੀ ਵਿਥਿਆ ਦਾ ਵਰਨਣ ਵਧੇਰੇ ਸੱਚਾ ਤੇ ਆਕਰਸ਼ਕ ਹੁੰਦਾ ਹੈ ਇਉਂ ਸ੍ਵੈਜੀਵਨੀ ਵਿੱਚ ਅਨੁਭਵ ਦੀ ਵੰਨ-ਸੁਵੰਨਤਾ ਦਾ ਪ੍ਰਗਟਾਵਾ ਹੁੰਦਾ ਹੈ।

## ਅਧਿਕਾਰੀ ਵਿਅਕਤੀ :-

ਸ੍ਵੈਜੀਵਨੀ ਦਾ ਪਾਤਰ ਜਾਂ ਚਰਿੱਤਰ ਕੋਈ ਅਧਿਕਾਰੀ ਵਿਅਕਤੀ ਹੀ ਹੋ ਸਕਦਾ ਹੈ ਜੋ ਪ੍ਰਤਿਭਾਸ਼ਾਲੀ ਹੋਵੇ ਜਾਂ ਜਿਸ ਨੇ ਸ਼ੁਹਰਤ ਤੇ ਨੇਕ-ਨਾਮੀ ਖੱਟੀ ਹੋਵੇ। ਦੁਨੀਆ ਵਿੱਚ ਅਜਿਹੀ ਹਸਤੀ ਕੋਈ ਵਿਰਲੀ ਹੀ ਹੁੰਦੀ ਹੈ ਜਿਸ ਦੇ ਜੀਵਨ ਦੀਆਂ ਪੈੜਾਂ, ਸਮੇਂ ਦੇ ਬੀਤ ਜਾਣ ਉਪਰੰਤ ਵੀ ਕਾਇਮ ਰਹਿੰਦੀਆਂ ਹਨ। ਸ੍ਵੈਜੀਵਨੀ ਲੇਖਕ ਕੋਈ-ਕੋਈ ਚੇਤੰਨ ਕਲਾਕਾਰ, ਅਨੂਠਾ ਅਨੁਭਵੀ ਵਿਅਕਤੀ ਅਤੇ ਸੁਹਿਰਦ ਪੁਰਸ਼ ਹੀ ਹੋ ਸਕਦਾ ਹੈ ਜੋ ਝੂਠ ਤੇ ਸੱਚ ਦਾ ਨਿਤਾਰਾ ਕਰਨ ਵਿੱਚ ਸਮਰੱਥ ਹੋਵੇ ਅਤੇ ਜੋ ਗੁਣ ਤੇ ਦੋਸ਼ ਦਾ ਬਿਬੇਕ ਕਰ ਸਕੇ ਕਿਉਂਕਿ "ਸ੍ਵੈਜੀਵਨੀ ਇੱਕ ਖਿੜਕੀ ਜਾਂ ਝਰੋਖਾ ਹੈ ਜਿਸ ਥਾਣੀਂ ਅਸੀਂ ਮਹਾਨ ਵਿਅਕਤੀ ਦੇ ਮਨ ਅੰਦਰ ਝਾਤੀ ਪਾ ਸਕਦੇ ਹਾਂ।" ਸ੍ਵੈਜੀਵਨੀ ਵਿੱਚ ਵਿਅਕਤੀ ਤੇ ਉਸ ਦਾ ਵਿਅਕਤਿਤਵ ਪ੍ਰਮੁੱਖ ਹੁੰਦਾ ਹੈ ਅਤੇ ਘਟਨਾਵਾਂ ਤਾਂ ਪਿੱਛੇ ਹੀ ਰਹਿੰਦੀਆਂ ਹਨ। ਜੀਵਨ ਦੇ ਲੰਮੇ-ਚੌੜੇ ਵਿਆਪਕ ਪਸਾਰੇ ਵਿੱਚੋਂ ਚੋਣਵੇਂ ਅੰਸ਼ਾਂ ਨੂੰ ਇਕੱਤਰ ਕਰਕੇ ਸਾਹਿਤਕਾਰ ਵਿਅਕਤਿਤਵ ਦੀ ਰਚਨਾ ਕਰਦਾ ਹੈ ਜੋ ਮਹਾਨ ਸ੍ਵੈਜੀਵਨੀ ਦਾ ਵਿਸ਼ਾ ਬਣਦਾ ਹੈ। ਇਸ ਵਿਸ਼ਾਲ ਦੁਨੀਆ ਵਿੱਚ ਵਿਚਰਦੇ ਜੀਵਨ ਤੇ ਸੱਭਿਆਚਾਰ ਦੇ ਪ੍ਰਤਿਨਿਧ ਸਾਹਿਤਕਾਰ, ਦੇਸ-ਭਗਤ, ਸਿਆਸਤਦਾਨ, ਸੈਨਿਕ, ਅਭਿਨੇਤਾ, ਖਿਡਾਰੀ ਤੇ ਵਿਗਿਆਨੀ ਆਦਿ ਇਸ ਸਾਹਿਤ-ਰੂਪ ਉੱਤੇ ਆਪਣੇ ਹਸਤਾਖਰ ਅੰਕਿਤ ਕਰਦੇ ਰਹਿੰਦੇ ਹਨ। ਇਸ ਲਈ ਸ੍ਵੈਜੀਵਨੀ ਦਾ ਪਾਤਰ ਕੋਈ ਅਧਿਕਾਰੀ ਵਿਅਕਤੀ ਹੀ ਹੁੰਦਾ ਹੈ।

## ਬੋਲੀ ਤੇ ਸ਼ੈਲੀ :-

ਸ੍ਵੈਜੀਵਨੀ ਵਾਰਤਕ ਦੀ ਇੱਕ ਵੰਨਗੀ ਹੈ। ਜਿਵੇਂ ਵਾਰਤਕ ਨੂੰ ਰਸਮਈ ਤੇ ਸੁਆਦਲੀ ਬਣਾਉਣਾ ਔਖਾ ਹੁੰਦਾ ਹੈ, ਇਸੇ ਤਰ੍ਹਾਂ ਸ੍ਵੈਜੀਵਨੀ ਦਾ ਲੇਖਕ ਜਿੱਥੇ ਘਟਨਾਵਾਂ ਤੇ ਕਰਮਾਂ-ਪ੍ਰਤਿਕਰਮਾਂ ਦੀ ਚੋਣ ਵਿੱਚ ਬੜਾ ਚੇਤੰਨ ਹੁੰਦਾ ਹੈ, ਉਸੇ ਤਰ੍ਹਾਂ ਸ਼ਬਦਾਂ, ਮੁਹਾਵਰਿਆਂ ਤੇ ਵਾਕਾਂ ਦੀ ਚੋਣ ਕਰਨ ਵਿੱਚ ਵੀ ਉਹ ਬੜਾ ਸੁਘੜ ਹੁੰਦਾ ਹੈ। ਉਹ ਭਾਸ਼ਾ ਨੂੰ ਪ੍ਰਵਾਹਮਈ ਤੇ ਰਵਾਨੀ-ਭਰਪੂਰ ਬਣਾਉਣ ਲਈ ਢੁਕਵੇਂ ਸ਼ਬਦਾਂ ਦੀ ਵਰਤੋਂ ਕਰਦਾ ਹੈ। ਉਹ ਆਪਣੇ ਪ੍ਰਗਟਾਅ-ਢੰਗ ਨੂੰ ਪੇਸ਼ ਕਰਨ ਲਈ ਕੋਈ ਵੀ ਸ਼ੈਲੀ ਅਪਣਾ ਸਕਦਾ ਹੈ; ਉਹ ਭਾਵੇਂ ਰੁਮਾਂਚਿਕ ਹੋਵੇ, ਕਲਾਸੀਕਲ ਹੋਵੇ, ਅਲੰਕਾਰਾਂ ਨਾਲ਼ ਸਜੀ-ਧਜੀ ਹੋਵੇ ਪਰ ਉਸ ਦਾ ਮੂਲ ਮੁੱਦਾ ਸੱਚ ਦੀ ਅਹਿਮੀਅਤ ਬਰਕਰਾਰ ਰੱਖਦਿਆਂ ਰਚਨਾ ਵਿੱਚ ਸਹਜ ਤੇ ਸੁਹਿਰਦਤਾ ਨੂੰ ਉਭਾਰਨਾ ਹੈ ਜੋ ਪਾਠਕ-ਵਰਗ ਦੇ ਧੁਰ ਅੰਦਰਲੇ ਨੂੰ ਟੁੰਬ ਸਕੇ ਅਤੇ ਜੀਵਨ-ਪੰਧ ਰੋਸ਼ਨ ਕਰ ਸਕੇ।

## ਉਦੇਸ਼ :-

ਸ੍ਵੈਜੀਵਨੀ ਦਾ ਉਦੇਸ਼ ਆਪਣੀ ਜੀਵਨ-ਯਾਤਰਾ ਦੇ ਦੌਰਾਨ ਹੋਈਆਂ ਭੁੱਲਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਾਪਤੀਆਂ ਦਾ ਮੁੱਲ ਪੁਆਉਣਾ ਹੈ ਤਾਂਜੋ ਜ਼ਿੰਦਗੀ ਦੀਆਂ ਤਲਖ਼ੀਆਂ, ਨਾਕਾਮੀਆਂ ਤੇ ਕਮਜ਼ੋਰੀਆਂ ਸਾਡੇ ਲਈ ਸਿੱਖਿਆ-ਸ੍ਰੋਤ ਬਣ ਸਕਣ ਕਿਉਂਕਿ "ਸ੍ਵੈਜੀਵਨੀ ਅੰਦਰਲੇ ਭਾਵਾਂ ਤੇ ਬਾਹਰਲੇ ਅਨੁਭਵਾਂ ਨੂੰ ਬਿਰਤਾਂਤਿਕ ਸ਼ੈਲੀ ਵਿੱਚ ਪੇਸ਼ ਕਰਨ ਦੀ ਕਲਾ ਹੁੰਦੀ ਹੈ।"

ਮਾਨਸਿਕ ਸੰਤਾਪ ਨੂੰ ਤਸੱਲੀ ਦੇਣ ਲਈ ਕਈ ਵਾਰ ਸ੍ਵੈਜੀਵਨੀ ਜਨਮ ਲੈਂਦੀ ਹੈ। ਰੂਸੋ ਨੇ ਆਪਣੀ ਸ੍ਵੈਜੀਵਨੀ "ਕਨਫੈੱਸ਼ਨਜ਼" ਵਿੱਚ ਲਿਖਿਆ ਹੈ ਕਿ "ਜਦੋਂ ਰੱਬ ਵੱਲੋਂ ਮੈਨੂੰ ਬੁਲਾਵਾ ਆਵੇਗਾ ਤਾਂ ਮੈਂ ਆਪਣੀ ਸ੍ਵੈਜੀਵਨੀ ਉਸ ਅੱਗੇ ਪੇਸ਼ ਕਰਾਂਗਾ ਅਤੇ ਕਹਾਂਗਾ ਕਿ ਹੇ ਈਸ਼ਵਰ ! ਮੈਂ ਇਸ ਤਰ੍ਹਾਂ ਸੰਸਾਰ ਵਿੱਚ ਵਿਚਰਿਆ ਹਾਂ। ਮੈਂ ਆਪਣੇ ਪਾਪ ਤੇ ਪੁੰਨ ਤੇਰੇ ਸਾਮ੍ਹਣੇ ਪੇਸ਼ ਕਰਦਾ ਹਾਂ।"

ਸ੍ਵੈਜੀਵਨੀ ਕਿਸੇ ਵਿਅਕਤੀ ਦੇ ਮਨ ਦੀਆਂ ਡੂੰਘਾਣਾਂ ਨੂੰ ਵੀ ਸਾਕਾਰ ਕਰ ਦੇਂਦੀ ਹੈ। ਮਾਨਸਿਕ ਡੂੰਘਾਣਾਂ ਕਈ ਵਾਰ ਮਨੁੱਖੀ ਸਮਾਜ ਦੀ ਕਹਾਣੀ ਹੀ ਕਹਿ ਦੇਂਦੀਆ ਹਨ। ਮਨੁੱਖੀ ਸੁਭਾਅ ਅਤੇ ਵਰਤਾਰੇ ਦਾ ਸਪਸ਼ਟ, ਸ਼ੁੱਧ, ਪਾਰਦਰਸ਼ੀ ਤੇ ਸਾਕਾਰ ਸਰੂਪ ਸ੍ਵੈਜੀਵਨੀ ਵਿੱਚੋਂ ਉਜਾਗਰ ਹੁੰਦਾ ਦਿਸ ਪੈਂਦਾ ਹੈ ਕਿਉਂਕਿ ਸ੍ਵੈਜੀਵਨੀ ਦਾ ਲੇਖਕ ਇੱਕ ਇਨਸਾਨ ਹੋਣ ਦੇ ਨਾਤੇ ਮਨੁੱਖੀ ਸਮਾਜ ਦੀ ਪ੍ਰਤਿਨਿਧਤਾ ਵੀ ਕਰਦਾ ਹੈ।

ਸ੍ਵੈਜੀਵਨੀ ਦਾ ਇੱਕ ਹੋਰ ਉਦੇਸ਼ ਗਿਆਨ ਦੇਣਾ ਵੀ ਹੈ। ਇਹ ਗਿਆਨ ਆਪਣੇ ਆਪ ਦਾ ਵੀ ਹੁੰਦਾ ਹੈ ਅਤੇ ਆਪਣੇ ਰਾਹੀਂ ਦੂਜਿਆਂ ਦਾ ਵੀ ਹੁੰਦਾ ਹੈ ਕਿਉਂਕਿ ਹਰ ਇੱਕ ਵਿਅਕਤੀ ਦੂਜਿਆਂ ਦੇ ਨਾਲ਼ ਜੁੜ ਕੇ ਹੀ ਕੋਈ ਕੰਮ ਕਰਦਾ

ਹੈ ਅਤੇ ਚੰਗਾ-ਮੰਦਾ ਵਤੀਰਾ ਧਾਰਨ ਕਰਦਾ ਹੈ। ਇਸ ਪ੍ਰਸੰਗ ਵਿੱਚ ਇਹ ਕਹਿਣਾ ਬਹੁਤ ਢੁਕਵਾਂ ਹੈ ਕਿ ਸ੍ਵੈਜੀਵਨੀ ਮਨੁੱਖ ਸੰਬੰਧੀ ਮਨੁੱਖ ਦੀ ਸਿਰਜਣਾ ਹੈ।

### ਕਮਜ਼ੋਰੀਆਂ :-

ਸ੍ਵੈਜੀਵਨੀ ਦੀਆਂ ਕੁਝ ਕਮਜ਼ੋਰੀਆਂ ਤੇ ਊਣਤਾਈਆਂ ਵੀ ਵੇਖੀਆਂ ਜਾਂਦੀਆਂ ਹਨ। ਪਹਿਲੀ ਵੱਡੀ ਕਮਜ਼ੋਰੀ ਤਾਂ ਇਹੋ ਹੈ ਕਿ ਜਿਸ ਤਰ੍ਹਾਂ ਸ੍ਵੈਜੀਵਨੀ- ਲੇਖਕ ਦਾ ਜੀਵਨ ਬਹੁਤਾ ਚਿਰ ਠਹਿਰਦਾ ਨਹੀਂ, ਉਸੇ ਤਰ੍ਹਾਂ ਸ੍ਵੈਜੀਵਨੀ ਅਸਥਿਰ ਤੇ ਚਲੰਤ ਹੋਣ ਕਰਕੇ ਲੁੜੀਂਦੇ ਨਿਯਮਾਂ ਤੇ ਵਿਧਾਨਾਂ ਵਿੱਚ ਬੰਨ੍ਹੀ ਨਹੀਂ ਜਾ ਸਕਦੀ। ਆਮ ਸ੍ਵੈਜੀਵਨੀਆਂ ਵਿੱਚ ਇਹ ਹੋ ਸਕਦਾ ਹੈ ਪਰ ਇੱਕ ਪਰਿਪੱਕ ਸਾਹਿਤਕਾਰ ਲਈ ਸ੍ਵੈਜੀਵਨੀ ਦੀ ਇਸ ਊਣਤਾਈ ਨਾਲ਼ ਸਿੱਝਣਾ ਔਖਾ ਨਹੀਂ।

ਇੱਕ ਹੋਰ ਕਮਜ਼ੋਰੀ ਜਿਹੜੀ ਸ੍ਵੈਜੀਵਨੀ ਵਿੱਚ ਦੇਖੀ ਜਾਂਦੀ ਹੈ, ਉਹ ਇਹ ਹੈ ਕਿ ਲੇਖਕ ਆਪਣੇ ਜੀਵਨ ਨੂੰ ਜਿਵੇਂ ਉਸ ਨੇ ਜੀਵਿਆ ਦੀ ਥਾਂ ਇਸ ਤਰ੍ਹਾਂ ਪੇਸ਼ ਕਰ ਜਾਂਦਾ ਹੈ, ਜਿਵੇਂ ਉਹ ਇਸ ਜੀਵਨ ਨੂੰ ਜਿਊਂਣਾ ਚਾਹੁੰਦਾ ਸੀ। ਪ੍ਰਸਿੱਧ ਵਿਦਵਾਨ ਆਂਦਰੇ ਮੋਰਿਸ ਇਸ ਨੂੰ ਸ੍ਵੈਜੀਵਨੀਕਾਰ ਦਾ ਮੌਲਿਕ ਪਾਪ (Original Sin) ਕਹਿੰਦਾ ਹੈ।

ਅਗਲੀ ਊਣਤਾਈ ਇਹ ਜਾਪਦੀ ਹੈ ਕਿ ਸ੍ਵੈਜੀਵਨੀ ਵਿੱਚ ਲੇਖਕਾਂ ਵੱਲੋਂ ਸੁਚੱਜੇ ਪੱਖਾਂ ਨੂੰ ਹੀ ਪੇਸ਼ ਕੀਤਾ ਜਾਂਦਾ ਹੈ। ਕਈ ਵਾਰ ਬੁਰੇ ਪ੍ਰਭਾਵਾਂ ਨੂੰ ਛੁਹਿਆ ਨਹੀਂ ਜਾਂਦਾ, ਇਸ ਡਰੋਂ ਮਤੇ ਸ਼ਖ਼ਸੀਅਤ ਦਾ ਬੁਰਾ ਪ੍ਰਭਾਵ ਪਵੇ। ਇਸ ਕਰਕੇ ਸ੍ਵੈਜੀਵਨੀ ਲਿਖਣੀ ਬਹੁਤ ਹੀ ਔਖਾ ਕੰਮ ਹੈ।

### ਪੰਜਾਬੀ ਵਿੱਚ ਸ੍ਵੈਜੀਵਨੀਆਂ :-

ਪੰਜਾਬ ਦੀਆਂ ਕੁਝ ਹਸਤੀਆਂ ਅਤੇ ਲੇਖਕਾਂ ਨੇ ਆਪਣੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਤਜਰਬਿਆਂ ਨੂੰ ਸ੍ਵੈਜੀਵਨੀ ਦੇ ਸਾਹਿਤ-ਰੂਪ ਦੁਆਰਾ ਪੇਸ਼ ਕਰਨ ਦਾ ਜਤਨ ਕੀਤਾ ਹੈ।

ਪੰਜਾਬੀ ਸਾਹਿਤ ਵਿੱਚ ਕੁਝ ਕੁ ਲੇਖਕਾਂ ਨੇ ਸ੍ਵੈਜੀਵਨੀਆਂ ਲਿਖੀਆਂ ਹਨ। ਪ੍ਰਿੰ.ਤੇਜਾ ਸਿੰਘ ਨੇ 'ਆਰਸੀ', ਨਾਨਕ ਸਿੰਘ ਨੇ 'ਮੇਰੀ ਦੁਨੀਆ', ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ 'ਮੇਰੀ ਜੀਵਨ ਕਹਾਣੀ' ਬਲਰਾਜ ਸਾਹਨੀ ਨੇ 'ਮੇਰੀ ਫ਼ਿਲਮੀ ਯਾਤਰਾ' ਤੇ 'ਗ਼ੈਰ ਜਜ਼ਬਾਤੀ ਡਾਇਰੀ', ਅੰਮ੍ਰਿਤਾ ਪ੍ਰੀਤਮ ਨੇ 'ਰਸੀਦੀ ਟਿਕਟ', ਮਾਸਟਰ ਤਾਰਾ ਸਿੰਘ ਨੇ 'ਮੇਰਾ ਆਪਾ', ਸੰਤ ਸੰਪੂਰਨ ਸਿੰਘ ਨੇ 'ਜੀਵਨ ਗਾਥਾ', ਅਰਜਨ ਸਿੰਘ ਗੜਗੱਜ ਨੇ 'ਮੇਰਾ ਆਪਣਾ ਆਪ' ਗੁਰਬਚਨ ਸਿੰਘ ਸਹਿਸਰਾ ਨੇ 'ਉਹ ਵੀ ਦਿਨ ਸਨ', ਨਿਰੰਜਨ ਸਿੰਘ ਨੇ 'ਜੀਵਨ ਵਿਕਾਸ' ਪ੍ਰੋ.ਬਲਵੰਤ ਗਾਰਗੀ ਨੇ 'ਨੰਗੀ ਧੁੱਪ', ਸੋਹਿੰਦਰ ਸਿੰਘ ਬੇਦੀ ਨੇ 'ਅੱਧੀ ਮਿੱਟੀ ਅੱਧਾ ਸੋਨਾ', 'ਮੇਰੇ ਰਾਹਾਂ ਦੇ ਰੰਗ', 'ਤੇ ਗਲੀਏ ਚਿਕੜ ਦੂਰ ਘਰੁ', ਮਹਿੰਦਰ ਸਿੰਘ ਜੋਸ਼ੀ ਨੇ 'ਮੇਰੇ ਪੱਤੇ ਮੇਰੀ ਖੇਡ', ਪ੍ਰੋ. ਦਲੀਪ ਕੌਰ ਟਿਵਾਣਾ ਨੇ 'ਨੰਗੇ ਪੈਰਾਂ ਦਾ ਸਫ਼ਰ,' 'ਤੁਰਦਿਆਂ-ਤੁਰਦਿਆਂ' ਤੇ ਆਪਣੀ ਛਾਂਵੇਂ, ਅਜੀਤ ਕੌਰ ਨੇ (ਖ਼ਾਨਾਬਦੋਸ਼ ਤੇ ਕੂੜਾ-ਕਬਾੜਾ), ਬਚਿੰਤ ਕੌਰ ਨੇ 'ਪਗਡੰਡੀਆਂ', ਕੈਲਾਸ਼ ਪੁਰੀ ਨੇ 'ਬਾਰਿ ਜਾਉ ਲਖ ਬੇਰੀਆਂ', ਪ੍ਰਭਜੋਤ ਕੌਰ ਨੇ 'ਜੀਣਾ ਵੀ ਇੱਕ ਅਦਾ ਹੈ' (ਭਾਗ -1 ਅਤੇ 11), ਸ੍ਵੈਜੀਵਨੀਆਂ ਲਿਖੀਆਂ ਹਨ। ਡਾ. ਜਸਵੰਤ ਸਿੰਘ ਨੇਕੀ ਨੇ ਆਪਣੀ ਸ੍ਵੈਜੀਵਨੀ ਕਵਿਤਾ ਰੂਪ ਵਿੱਚ ਲਿਖੀ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਅਤੇ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਕਈ ਉੱਘੇ ਲੇਖਕਾਂ ਨੇ ਇਸ ਵਿਧਾ 'ਤੇ ਕਲਮ-ਅਜ਼ਮਾਈ ਕੀਤੀ ਹੈ। ਕੁਝ ਵਿਸ਼ੇਸ਼ ਸ੍ਵੈਜੀਵਨੀਕਾਰਾਂ ਦੇ ਨਾਂ ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ, ਡਾ. ਹਰਿਭਜਨ ਸਿੰਘ, ਰਾਮ ਸਰੂਪ ਅਣਖੀ, ਪ੍ਰੇਮ ਗੋਰਖੀ ਹਨ ਸਾਹਿਤਕਾਰਾਂ ਤੋਂ ਬਿਨਾਂ ਖਿਡਾਰੀਆਂ ਤੇ ਰਾਜਨੀਤੀਵਾਨਾਂ ਵੱਲੋਂ ਸ੍ਵੈਜੀਵਨੀਆਂ ਲਿਖੇ ਜਾਣਾ ਪੰਜਾਬੀ ਸਾਹਿਤ ਲਈ ਸ਼ੁੱਭ ਸ਼ਗਨ ਹੈ। ਪੰਜਾਬੀ ਸ੍ਵੈਜੀਵਨੀ ਦਾ ਭਵਿਖ ਉੱਜਲ ਹੈ। ਹੁਣ ਪੰਜਾਬੀ ਸ੍ਵੈਜੀਵਨੀ ਸੁਤੰਤਰ ਰੂਪਾਕਾਰ ਵਜੋਂ ਸਥਾਪਿਤ ਹੋ ਚੁੱਕੀ ਹੈ।

### ਔਖੇ ਸ਼ਬਦਾਂ ਦੇ ਅਰਥ

**ਸ੍ਵੈਜੀਵਨੀ**- ਆਤਮ-ਕਥਾ। **ਸੰਸਮਰਨ**- ਯਾਦਾਂ। **ਪ੍ਰਤਿਬੱਧਤਾ**- ਕਿਸੇ ਕੰਮ ਲਈ ਦ੍ਰਿੜ੍ਹਤਾ। **ਪ੍ਰਤਿਭਾਸ਼ਾਲੀ**- ਸੂਖਮ ਸੋਚ ਵਾਲ਼ਾ, ਡੂੰਘੀ ਸੋਚ ਵਾਲ਼ਾ। **ਸ਼ੁਹਰਤ**- ਮਸ਼ਹੂਰੀ। **ਸੁਹਿਰਦ**- ਹਮਦਰਦੀ ਰੱਖਣ ਵਾਲ਼ਾ। **ਸੁਘੜ**- ਸਿਆਣਾ। **ਬਿਬੇਕ**- ਡੂੰਘੀ ਵਿਚਾਰ। **ਪਾਰਦਰਸ਼ੀ**- ਨਤੀਜਾ ਦੇਖਣ ਵਾਲ਼ਾ, ਦੂਰ-ਅੰਦੇਸ਼। **ਪਰਿਪੇਖ**- ਪ੍ਰਸੰਗ ਵਿੱਚ। **ਕਠਨ**- ਔਖਾ। **ਲੋਹੇ ਦੇ ਚਣੇ ਚਬਾਉਣਾ**- ਮੁਸ਼ਕਲ ਕੰਮ ਕਰਨਾ, ਕਠਨਾਈ ਪੇਸ਼ ਆਉਣੀ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਸ੍ਵੈਜੀਵਨੀ ਵਿੱਚ ਆਪ ਹੰਢਾਏ ਅਤੇ ਭੋਗੇ ਪਲਾਂ ਦੀ ____ ਹੁੰਦੀ ਹੈ।
2. _______ ਨੂੰ ਪੇਸ਼ ਕਰਨਾ ਹੀ ਸ੍ਵੈਜੀਵਨੀ ਦਾ ਅਸਲੀ ਮਨੋਰਥ ਹੈ।
3. ਆਪਣੇ-ਆਪ ਨੂੰ ਹੀ _______ ਸ੍ਵੈਜੀਵਨੀ ਦਾ ਮੂਲ ਧੁਰਾ ਹੈ।
4. ਸ੍ਵੈਜੀਵਨੀ ਇੱਕ _______ਹੈ ਜਿਸ ਥਾਣੀਂ ਅਸੀਂ ਮਹਾਨ ਵਿਅਕਤੀ ਦੇ ਮਨ ਅੰਦਰ ਝਾਤੀ ਪਾ ਸਕਦੇ ਹਾਂ।
5. ਸ੍ਵੈਜੀਵਨੀ ਦਾ ਨਾਇਕ ਕੋਈ_______ਵਿਅਕਤੀ ਹੁੰਦਾ ਹੈ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ :**

1. ਸ੍ਵੈਜੀਵਨੀਕਾਰ ਕਿਸ ਦੇ ਸਹਾਰੇ ਅਤੀਤ ਦੀ ਪੁਨਰ-ਸਿਰਜਣਾ ਕਰਦਾ ਹੈ?
2. ਕਿਸੇ ਇੱਕ ਪੰਜਾਬੀ ਸ੍ਵੈਜੀਵਨੀ ਦਾ ਨਾਂ ਲਿਖੋ।
3. ਪੰਜਾਬੀ ਦੇ ਕਿਹੜੇ ਸਾਹਿਤਕਾਰ ਨੇ ਆਪਣੀ ਸ੍ਵੈਜੀਵਨੀ ਕਵਿਤਾ- ਰੂਪ ਵਿੱਚ ਲਿਖੀ ਹੈ।
4. ਸ੍ਵੈਜੀਵਨੀ ਦੇ ਕਿਸੇ ਦੋ ਮਹੱਤਵਪੂਰਨ ਤੱਤਾਂ ਦੇ ਨਾਂ ਲਿਖੋ।

**(ੲ) ਵਿਸਤਾਰ ਸਹਿਤ ਉੱਤਰ ਦਿਓ :**

1. ਸ੍ਵੈਜੀਵਨੀ ਕੀ ਹੈ? ਇਸ ਸੰਬੰਧੀ ਭਰਪੂਰ ਜਾਣਕਾਰੀ ਆਪਣੇ ਸ਼ਬਦਾਂ ਵਿੱਚ ਲਿਖੋ।
2. ਸ੍ਵੈਜੀਵਨੀ ਅਤੇ ਜੀਵਨੀ ਵਿੱਚ ਕੀ ਅੰਤਰ ਹੈ? ਸਪਸ਼ਟ ਕਰੋ।
3. ਸ੍ਵੈਜੀਵਨੀ ਦੇ ਉਦੇਸ਼ ਅਤੇ ਊਣਤਾਈਆਂ ਬਾਰੇ ਚਰਚਾ ਕਰੋ।

ਸ੍ਵੈਜੀਵਨੀ ਬਾਰੇ ਤੁਹਾਡੀ ਪਾਠ-ਪੁਸਤਕ ਵਿੱਚ ਜੋ ਲੇਖ ਹੈ, ਉਸ ਨੂੰ ਸੰਖੇਪ ਕਰਕੇ ਆਪਣੇ ਸ਼ਬਦਾਂ ਵਿੱਚ ਲਿਖੋ।

ਆਪਣੀ ਸਕੂਲ-ਲਾਇਬ੍ਰੇਰੀ ਵਿੱਚੋਂ ਕੋਈ ਸ੍ਵੈਜੀਵਨੀ ਲੈ ਕੇ ਪੜ੍ਹੋ ਅਤੇ ਉਸ ਸੰਬੰਧੀ ਆਪਣੇ ਵਿਚਾਰ ਲਿਖੋ।

# ਸਫ਼ਰਨਾਮਾ 9

"ਸਫ਼ਰਨਾਮਾ" ਮਨੁੱਖ ਦੀ ਘੁਮੱਕੜ-ਮਨੋਬਿਰਤੀ ਦੀ ਪੈਦਾਵਾਰ ਹੈ। ਘੁੰਮਣਾ-ਫਿਰਨਾ ਅਤੇ ਸੈਰ-ਸਪਾਟੇ ਕਰਨਾ ਮਨੁੱਖ ਦੀ ਜਮਾਂਦਰੂ ਰੁਚੀ ਹੈ। ਸੈਰ-ਸਪਾਟੇ ਕਰਨ ਵਾਲ਼ੀ ਇਹ ਰੁਚੀ ਤੇ ਘੁਮੱਕੜ ਪ੍ਰਵਿਰਤੀ ਦੂਸਰਿਆਂ ਨੂੰ ਜਾਣਨ ਦੀ ਲੋਚਾ ਤੋਂ ਉਪਜਦੀ ਹੈ। ਦੂਸਰਿਆਂ ਬਾਰੇ ਗਿਆਨ ਦੀ ਭੁੱਖ ਅਤੇ ਸੁਹਜ-ਸੁੰਦਰਤਾ ਵੇਖਣ ਤੇ ਮਾਣਨ ਦੀ ਖਿੱਚ ਮਨੁੱਖ ਨੂੰ ਦੇਸ-ਵਿਦੇਸ਼ਾਂ ਦੇ ਸਫ਼ਰ ਤੈਅ ਕਰਨ ਲਈ ਪ੍ਰੇਰਦੀ ਚਲੀ ਆ ਰਹੀ ਹੈ ਕਿਉਂਕਿ ਵੱਖ-ਵੱਖ ਦੇਸਾਂ ਤੇ ਭੂ-ਖੰਡਾਂ ਵਿੱਚ ਜੀਵਨ ਦੀ ਵੰਨ-ਸੁਵੰਨਤਾ ਹੈ, ਰੁੱਤਾਂ-ਮੌਸਮਾਂ ਵਿੱਚ ਅਦਲਾ-ਬਦਲੀ ਹੈ ਅਤੇ ਕੁਦਰਤ ਤੇ ਵਿਰਾਟ ਦ੍ਰਿਸ਼ਾਂ ਵਿੱਚ ਰੰਗ-ਰੰਗੀਨੀ ਤੇ ਖ਼ੂਬਸੂਰਤੀ ਹੈ। ਇਹ ਸਾਰੀ ਵਿਲੱਖਣਤਾ ਤੇ ਵਿਚਿੱਤਰਤਾ ਮਨੁੱਖ ਦੇ ਸੁਹਜ-ਬੋਧ ਅਤੇ ਜਾਣਨ ਦੀ ਲੋਚਾ ਨੂੰ ਆਪਣੇ ਵੱਲ ਖਿੱਚਦੀ ਰਹਿੰਦੀ ਹੈ। ਇਸੇ ਤਰ੍ਹਾਂ ਸੰਸਾਰ ਦੀ ਸੁਹਜ-ਸਿਰਜਣਾ ਵਿੱਚ ਇੱਕ ਤਾਲ ਹੈ, ਇੱਕ ਲੈਅ ਹੈ, ਇੱਕ ਗਤੀ ਹੈ ਜਿਸ ਨਾਲ਼ ਇਕਸੁਰ ਹੋਣ ਲਈ ਸੈਲਾਨੀ ਦਾ ਅੰਤਰ-ਮਨ ਬਿਹਬਲ ਹੋ ਉੱਠਦਾ ਹੈ। ਉਹ ਖੰਡ-ਬ੍ਰਹਿਮੰਡ ਨੂੰ ਆਪਣੀਆਂ ਅੱਖਾਂ ਰਾਹੀਂ ਆਪਣੇ ਮਨ ਵਿੱਚ ਉਤਾਰਨ ਲਈ ਉਤਸੁਕ ਰਹਿੰਦਾ ਹੈ। ਅਜਿਹੀ ਉਤਸੁਕਤਾ ਤੇ ਤਾਂਘ ਹੀ ਸਫ਼ਰਨਾਮੇ ਦੀ ਪ੍ਰੇਰਕ-ਬਿੰਦੂ ਹੈ।

ਇਸ ਤਾਂਘ ਤੇ ਉਮੰਗ ਦੇ ਅਸਰ ਹੇਠ ਮਨੁੱਖ ਸੀਮਿਤ ਘਰ-ਬਾਰੀ ਵਾਤਾਵਰਨ ਤੋਂ ਮੁਕਤ ਹੋ ਕੇ, ਅਸੀਮ ਤੇ ਅਨੰਤ ਵਾਤਾਵਰਨ ਦੀ ਖੁੱਲ੍ਹ ਮਾਣਨ ਲਈ ਦੂਰ-ਦੁਰਾਡੀਆਂ ਮੰਜ਼ਲਾਂ ਵੱਲ ਤੁਰ ਪੈਂਦਾ ਹੈ। ਅਜਿਹੀ ਤਾਂਘ ਤੇ ਤਮੰਨਾ ਲੈ ਕੇ ਸੰਸਾਰ ਦੇ ਵੱਡੇ-ਵੱਡੇ ਮਸ਼ਹੂਰ ਸੈਲਾਨੀ ਦੇਸਾਂ-ਪਰਦੇਸਾਂ ਦੀ ਯਾਤਰਾ ਲਈ ਤੁਰੇ ਸਨ। ਚੀਨ ਦਾ ਫ਼ਾਹੀਆਨ ਤੇ ਹਿਊਨਸਾਂਗ, ਅਰਬ ਦਾ ਅਲਬਰੂਨੀ ਅਤੇ ਪੱਛਮ ਦੇ ਮਾਰਕੋਪੋਲੋ ਅਜਿਹੇ ਹੀ ਸਾਹਿਤਿਕ ਯਾਤਰੀ ਸਨ।

### ਸਫ਼ਰਨਾਮੇ ਦਾ ਜਨਮ :

ਇਸ ਤਰ੍ਹਾਂ ਅੰਦਰੂਨੀ ਪ੍ਰੇਰਨਾ ਦੇ ਅਧੀਨ ਹੋ ਕੇ ਸਫ਼ਰ ਤੇ ਸੈਰ-ਸਪਾਟੇ ਕਰਦਾ ਹੋਇਆ ਭਾਵਕ ਮਨੁੱਖ ਜਦੋਂ ਆਪਣੀ ਜਿਗਿਆਸੂ ਮਨੋ-ਬਿਰਤੀ ਦੇ ਕਾਰਨ ਕਿਸੇ ਭੂ-ਖੰਡ ਤੇ ਭੂ-ਮੰਡਲ ਦੀਆਂ ਰੰਗ-ਰੰਗੀਨੀਆਂ ਬਾਰੇ ਆਪਣੇ ਅਨੁਭਵਾਂ, ਅਹਿਸਾਸਾਂ ਤੇ ਭਾਵਾਂ-ਪ੍ਰਭਾਵਾਂ ਨੂੰ ਸੁਹਜ-ਸੁੰਦਰ ਸ਼ਬਦਾਂ ਵਿੱਚ ਰੂਪਾਂਤਰ ਕਰਦਾ ਹੈ ਤਾਂ ਸਫ਼ਰਨਾਮੇ ਦਾ ਜਨਮ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਯਾਤਰਾ ਵਿੱਚ ਪ੍ਰਾਪਤ ਕੀਤੇ ਤਜਰਬਿਆਂ ਨੂੰ ਜਦੋਂ ਲਿਪੀਬੱਧ ਕੀਤਾ ਜਾਂਦਾ ਹੈ ਤਾਂ ਸਫ਼ਰਨਾਮੇ ਦੀ ਉਤਪਤੀ ਹੁੰਦੀ ਹੈ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਸਫ਼ਰ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਜਦੋਂ ਯਾਦਾਂ ਦੇ ਆਧਾਰ 'ਤੇ ਕਲਾਤਮਿਕ ਢੰਗ ਨਾਲ਼ ਚਿਤਰਿਆ ਜਾਂਦਾ ਹੈ ਤਾਂ ਸਫ਼ਰਨਾਮਾ ਹੋਂਦ ਵਿੱਚ ਆਉਂਦਾ ਹੈ।

### ਨਾਮਕਰਨ :

"ਸਫ਼ਰਨਾਮਾ" ਸ਼ਬਦ ਸਫ਼ਰ ਅਤੇ ਨਾਮਾ ਦੋ ਸ਼ਬਦਾਂ ਦੇ ਜੋੜ ਤੋਂ ਸਿਰਜਿਤ ਹੋਇਆ ਹੈ, ਜਿਸ ਦਾ ਸ਼ਾਬਦਿਕ ਅਰਥ ਹੈ ਸਫ਼ਰ ਦਾ ਬਿਆਨ ਜਾਂ ਬਿਰਤਾਂਤ। ਅੰਗਰੇਜ਼ੀ ਵਿੱਚ ਇਸ ਨੂੰ Travelogue ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਯਾਤਰਾ ਦਾ ਸਚਿੱਤਰ ਬਿਰਤਾਂਤ। ਹਿੰਦੀ ਵਿੱਚ ਸਫ਼ਰਨਾਮੇ ਨੂੰ "ਯਾਤ੍ਰਾ ਸਾਹਿਤਯ" ਅਥਵਾ "ਯਾਤ੍ਰਾ ਬਿਰਤਾਂਤ" (ਯਾਤ੍ਰਾ ਵ੍ਰਿੱਤਾਂਤ) ਕਿਹਾ ਜਾਂਦਾ ਹੈ।

## ਲੱਛਣ ਤੇ ਪਰਿਭਾਸ਼ਾ :

ਸਫ਼ਰਨਾਮੇ ਦੇ ਲੱਛਣ ਤੇ ਪਰਿਭਾਸ਼ਾ ਬਾਰੇ ਵਿਦਵਾਨ ਆਲੋਚਕਾਂ ਨੇ ਆਪਣੇ-ਆਪਣੇ ਨਜ਼ਰੀਏ ਤੋਂ ਵਿਚਾਰ ਪੇਸ਼ ਕੀਤੇ ਹਨ। ਸਫ਼ਰਨਾਮੇ ਦੀ ਕਿਸੇ ਬੱਝਵੀਂ/ਸੰਗਠਿਤ ਪਰਿਭਾਸ਼ਾ ਤੱਕ ਪਹੁੰਚਣ ਲਈ ਇਹਨਾਂ ਵਿਚਾਰਾਂ ਨੂੰ ਵਾਚ ਲੈਣਾ ਲਾਹੇਵੰਦ ਹੈ-

"ਸਫ਼ਰਨਾਮਾ" ਵਾਰਤਕ ਦੀ ਇੱਕ ਅਜਿਹੀ ਵੰਨਗੀ ਹੈ ਜਿਸ ਵਿੱਚ ਕਿਸੇ ਵਿਅਕਤੀ ਦੁਆਰਾ ਕੀਤੀ ਗਈ ਸੈਰ ਦੇ ਸਮਾਚਾਰਾਂ ਨੂੰ ਅੰਕਿਤ ਕੀਤਾ ਜਾਂਦਾ ਹੈ। ਇਸ ਵਿੱਚ ਲੇਖਕ ਆਪ ਹੀ ਨਾਇਕ ਹੁੰਦਾ ਹੈ ਅਤੇ ਕਿਸੇ ਦੇਸ ਦੀ ਯਾਤਰਾ ਨੂੰ ਉਹ ਆਪਣੇ ਅਨੁਭਵਾਂ ਜਾਂ ਪ੍ਰਤਿਕਰਮਾਂ ਦੁਆਰਾ ਆਪ ਹੀ ਪ੍ਰਸਤੁਤ ਕਰਦਾ ਹੈ।

ਸਫ਼ਰਨਾਮਾ ਵਿਸਤ੍ਰਿਤ ਆਕਾਰ ਵਾਲ਼ਾ ਸਾਹਿਤਿਕ ਰੂਪ ਹੈ ਜਿਸ ਵਿੱਚ ਲੇਖਕ ਨੇ ਆਪਣੇ ਸਫ਼ਰ ਦੌਰਾਨ ਖਿੰਡਰੇ ਤੇ ਵਿਕੋਲਿਤਰੇ ਅਨੁਭਵਾਂ ਨੂੰ ਇਕਸੁਰ ਕਰਨਾ ਹੁੰਦਾ ਹੈ। ਸਫ਼ਰਨਾਮਾ ਤੋਂ ਭਾਵ ਉਹ ਬਿਰਤਾਂਤਿਕ ਰਚਨਾ ਹੈ ਜਿਸ ਵਿੱਚ ਕਿਸੇ ਦੀ ਯਾਤਰਾ ਦਾ ਰੋਚਕ ਤੇ ਦਿਲਚਸਪ ਵਰਨਣ ਹੁੰਦਾ ਹੈ।

ਸਫ਼ਰਨਾਮਾ ਅਜਿਹੀ ਸਿਰਜਣ-ਪ੍ਰਕਿਰਿਆ ਹੈ ਜਿਸ ਦੁਆਰਾ ਲੇਖਕ ਆਪਣੇ-ਆਪ ਨਾਲ਼ ਜੁੜੀਆਂ ਘਟਨਾਵਾਂ ਦੇ ਵਰਨਣ ਰਾਹੀਂ ਆਪਣੇ ਸਮੇਂ, ਸਥਾਨ ਤੇ ਦੇਸ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਿਕ ਪਰਿਸਥਿਤੀਆਂ ਦਾ ਗਿਆਨ ਵੀ ਕਰਵਾ ਸਕਦਾ ਹੈ ਅਤੇ ਪਾਠਕ ਘਰ ਬੈਠੇ ਮਾਨਸਿਕ ਤੌਰ 'ਤੇ ਦੇਸ-ਵਿਦੇਸ਼ ਦੀ ਸੈਰ ਦਾ ਅਨੰਦ ਵੀ ਮਾਣ ਸਕਦਾ ਹੈ।

ਸਫ਼ਰਨਾਮਾ ਇੱਕ ਅਜਿਹੀ ਗੱਦ-ਰਚਨਾ ਹੈ ਜਿਸ ਵਿੱਚ ਅਨਜਾਣੀ ਤੇ ਦੁਰੇਡੀ ਧਰਤੀ ਸੰਬੰਧੀ ਬਹੁਮੁਖੀ ਤੇ ਬਹੁਪਸਾਰੀ ਗਿਆਨ ਸਾਹਿਤਿਕ ਰੰਗ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਸਫ਼ਰਨਾਮਾ ਸਾਹਿਤ ਦੀ ਅਜਿਹੀ ਰੂਪ-ਵਿਧਾ ਹੈ ਜਿਸ ਵਿੱਚ ਲੇਖਕ ਆਪਣੇ ਸੈਰ ਦੇ ਪ੍ਰਤਿਕਰਮਾਂ ਦਾ ਵੇਰਵਾ ਆਲੋਚਨਾਤਮਿਕ ਸ਼ੈਲੀ ਵਿੱਚ ਪੇਸ਼ ਕਰਦਾ ਹੈ।

ਸਫ਼ਰਨਾਮਾ ਕਈ ਪ੍ਰਕਾਰ ਦੀਆਂ ਸਾਹਿਤਿਕ ਵੰਨਗੀਆਂ 'ਤੇ ਉੱਸਰਿਆ ਇੱਕ ਸੁਤੰਤਰ ਰੂਪਾਕਾਰ ਹੈ ਜਿਸ ਵਿੱਚ ਲੇਖਕ ਆਪਣੇ ਨਿੱਜੀ ਅਨੁਭਵਾਂ, ਭੂਗੋਲਿਕ ਸਮਾਚਾਰ ਅਤੇ ਸੱਭਿਆਚਾਰਿਕ ਗਿਆਨ ਨੂੰ ਕਲਾਤਮਿਕ ਸਾਂਚੇ ਵਿੱਚ ਢਾਲ਼ ਕੇ ਪੇਸ਼ ਕਰਦਾ ਹੈ ਅਤੇ ਇਸ ਗਿਆਨਮਈ ਪੇਸ਼ਕਾਰੀ ਦੇ ਨਾਲ਼-ਨਾਲ਼ ਸਾਹਿਤਿਕ ਕਲਾ-ਵਿਧੀਆਂ ਅਪਣਾ ਕੇ ਪਾਠਕਾਂ ਨੂੰ ਸੇਧ, ਦਿਸ਼ਾ-ਨਿਰਦੇਸ਼ ਤੇ ਅਨੰਦ ਦੇਣ ਦਾ ਜਤਨ ਵੀ ਕਰਦਾ ਹੈ। ਆਮ ਤੌਰ 'ਤੇ ਗਿਆਨ, ਵਿਵਰਨ ਤੇ ਤਜਰਬਿਆਂ ਦੀ ਪੇਸ਼ਕਾਰੀ ਸੁਚੇਤ ਤੌਰ 'ਤੇ ਆਲੋਚਨਾਤਮਿਕ ਸ਼ੈਲੀ ਵਿੱਚ ਕੀਤੀ ਜਾਂਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ "ਸਫ਼ਰਨਾਮਾ" ਸਾਹਿਤ-ਜਗਤ ਦੀ ਇੱਕ ਅਜਿਹੀ ਵਾਰਤਕਮਈ ਰੂਪ-ਵੰਨਗੀ ਹੈ ਜਿਸ ਵਿੱਚ ਸਾਹਿਤਿਕ ਸੈਲਾਨੀ ਅਸਲੀ ਤੇ ਅਮਲੀ ਰੂਪ ਵਿੱਚ ਆਪ-ਹੰਢਾਏ ਅਹਿਸਾਸਾਂ, ਅਨੁਭਵਾਂ ਤੇ ਪ੍ਰਤਿਕਰਮਾਂ ਨੂੰ ਕਲਾਤਮਿਕ ਢੰਗ ਨਾਲ਼ ਤੇ ਆਲੋਚਨਾਤਮਿਕ ਸ਼ੈਲੀ ਦੁਆਰਾ ਪ੍ਰਤਿਬਿੰਬਤ ਕਰਦਾ ਹੈ।

## ਸਫ਼ਰਨਾਮਾ - ਲੇਖਕ ਦੇ ਗੁਣ :

ਸਫ਼ਰਨਾਮੇ-ਦਾ ਲੇਖਕ ਭਾਵੇਂ ਇੱਕ ਸਾਹਿਤਕਾਰ ਹੁੰਦਾ ਹੈ ਪਰ ਉਸ ਵਿੱਚ ਕੁਝ ਅਜਿਹੇ ਨਵੇਕਲ਼ੇ ਗੁਣ ਹੁੰਦੇ ਹਨ ਜਿਹੜੇ ਉਸ ਨੂੰ ਬਾਕੀ ਸਾਹਿਤਕਾਰਾਂ ਦੀ ਕਤਾਰ ਨਾਲ਼ੋਂ ਨਿਖੇੜਦੇ ਹਨ। ਅਜਿਹੇ ਗੁਣ ਹੀ ਸਫ਼ਰਨਾਮਾ-ਲੇਖਕ ਦੇ ਪਛਾਣ-ਚਿੰਨ੍ਹ ਹਨ ਅਤੇ ਸਫ਼ਰਨਾਮੇ ਦਾ ਮਹੱਤਵ ਵੀ ਲੇਖਕ ਦੇ ਗੁਣਾਂ ਉੱਤੇ ਨਿਰਭਰ ਕਰਦਾ ਹੈ।

ਸਫ਼ਰਨਾਮਾ ਲੇਖਕ ਇੱਕ ਸੈਲਾਨੀ ਹੀ ਨਹੀਂ ਬਲਕਿ ਉਹ ਇੱਕ ਸੁਚੇਤ ਵਿਅਕਤੀ ਤੇ ਇੱਕ ਭਾਵਕ ਸਾਹਿਤਕਾਰ ਵੀ ਹੁੰਦਾ ਹੈ ਜਿਸ ਦੀ ਸ਼ਖ਼ਸੀਅਤ ਵਿੱਚ ਆਲੋਚਨਾ-ਬਿਰਤੀ ਪ੍ਰਬਲ ਹੁੰਦੀ ਹੈ ਕਿਉਂਕਿ ਉਹ ਆਪਣੀਆਂ ਪ੍ਰਤਿਕਿਰਿਆਵਾਂ ਨੂੰ ਨਿਡਰ ਹੋ ਕੇ ਪੇਸ਼ ਕਰਦਾ ਹੈ।

ਲੇਖਕ ਦਾ ਭੂਗੋਲ, ਇਤਿਹਾਸ, ਸੱਭਿਆਚਾਰ, ਸਾਹਿਤ, ਵਿਗਿਆਨ ਤੇ ਸਮਾਜਿਕ ਕਲਾਵਾਂ ਵਿੱਚ ਨਿਪੁੰਨ ਹੋਣਾ ਜ਼ਰੂਰੀ ਹੈ ਕਿਉਂਕਿ ਗਿਆਨਵਾਨ, ਸੰਵੇਦਨਸ਼ੀਲ, ਬੌਧਿਕ ਤੇ ਕਲਾਤਮਿਕ ਰੁਚੀਆਂ ਵਾਲ਼ਾ ਸੈਲਾਨੀ ਹੀ ਸਫ਼ਰਨਾਮੇ ਦੀ ਵਸਤੂ-ਸਮਗਰੀ ਨੂੰ ਰਚਨਾਤਮਿਕ ਰੰਗ ਪ੍ਰਦਾਨ ਕਰ ਸਕਦਾ ਹੈ।

ਡਾ. ਪਰਮਿੰਦਰ ਸਿੰਘ ਨੇ ਲਿਖਿਆ ਹੈ ਕਿ ਸਫ਼ਰਨਾਮਾ ਲਿਖਣਾ ਵੀ ਇੱਕ ਹੁਨਰ ਹੈ। ਇਸ ਹੁਨਰ ਵਿੱਚ ਪ੍ਰਵੀਣ ਉਹੀ ਹੋ ਸਕਦਾ ਹੈ ਜਿਸ ਦਾ ਗਿਆਨ ਵਿਸ਼ਾਲ ਹੋਵੇ, ਕਲਪਨਾ ਬਲਵਾਨ ਤੇ ਕਲਮ ਵਿੱਚ ਜ਼ੋਰ ਹੋਵੇ, ਪਰਵਾਸੀ ਧਰਤੀ, ਪਰਵਾਸੀ ਜੀਵਨ ਨੂੰ ਵੇਖਣ ਦੀ ਪ੍ਰਬਲ ਰੀਝ ਹੋਵੇ। ਹਰ ਵਰਨਣ ਨੂੰ ਰੰਗੀਨ ਬਣਾਉਣ ਦੀ ਪ੍ਰਤਿਭਾ ਹੋਵੇ ਅਤੇ ਉਦਗਾਰਾਂ ਨੂੰ ਪਾਠਕਾਂ ਨਾਲ਼ ਸਾਂਝਾ ਕਰਨ ਦੀ ਦਲੇਰੀ ਹੋਵੇ।

ਡਾ. ਨਰਿੰਦਰ ਸਿੰਘ ਕਪੂਰ ਦਾ ਵਿਚਾਰ ਹੈ ਕਿ ਸਫ਼ਰਨਾਮਾ-ਰਚਨਾਕਾਰ ਇੱਕ ਚੇਤੰਨ ਸਾਹਿਤਿਕ ਯਾਤਰੀ ਹੈ ਜਿਸ ਨੂੰ "ਅਣਗਾਹੇ ਰਾਹ ਅਤੇ ਨਵੀਂਆਂ ਮੰਜ਼ਲਾਂ ਸੂਰਜ ਦੀਆਂ ਬਰੂਹਾਂ ਤੱਕ ਪਹੁੰਚਣ ਲਈ ਪ੍ਰੇਰ ਰਹੀਆਂ ਹਨ। ਜਿਹੜੇ ਟੁਰ ਪੈਂਦੇ ਹਨ ਉਹ ਥਿੰਦੇ ਬੂਹਿਆਂ ਤੱਕ ਅੱਪੜ ਹੀ ਜਾਂਦੇ ਹਨ" (ਸੱਚੋ-ਸੱਚ-ਅਮਰੀਕਾ ਦਾ ਸਫ਼ਰ)। ਸਫ਼ਰਨਾਮੇ ਦੇ ਲੇਖਕ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਧਰਤੀਆਂ ਦੇ ਦਰਮਿਆਨ ਇੱਕ ਸਫ਼ੀਰ, ਇੱਕ ਰਾਜਦੂਤ ਹੀ ਨਹੀਂ ਬਲਕਿ ਅਗਰਦੂਤ ਵੀ ਹੁੰਦਾ ਹੈ ਜੋ ਦੋ ਸੱਭਿਆਚਾਰਾਂ ਵਿੱਚ ਵਿੱਥਾਂ ਘਟਾਉਣ ਲਈ ਵਚਨਬੱਧ ਹੋ ਕੇ ਸੱਭਿਆਚਾਰਿਕ ਕਾਰਜ ਨਿਭਾ ਰਿਹਾ ਹੁੰਦਾ ਹੈ। ਸੋ, ਸੁਯੋਗ ਸਫ਼ਰਨਾਮਾਕਾਰ ਉਹ ਸੈਲਾਨੀ ਬਣ ਸਕਦਾ ਹੈ ਜਿਹੜਾ ਅਜਿਹੇ ਗੁਣਾਂ ਨਾਲ਼ ਸੁਸ਼ੋਭਿਤ ਹੋ ਕੇ ਪਰਦੇਸ-ਗਮਨ ਦੀਆਂ ਮੰਜ਼ਲਾਂ ਮਾਰਨ ਲਈ ਸਮਰਪਣ-ਭਾਵਨਾ ਨਾਲ਼ ਤਤਪਰ ਹੁੰਦਾ ਹੈ। ਇਸ ਤੋਂ ਇਲਾਵਾ ਸਫ਼ਰਨਾਮਾ-ਲੇਖਕ ਬੇਪਰਵਾਹੀ ਤੇ ਮੌਜ ਦੇ ਮਾਹੌਲ ਵਿੱਚ ਵਿਚਰਦਾ ਹੋਇਆ ਵੀ ਜ਼ਿੰਦਗੀ ਦੇ ਪ੍ਰਤਿ ਇੱਕ ਖ਼ਾਸ ਦ੍ਰਿਸ਼ਟੀਕੋਣ ਰੱਖਦਾ ਹੈ। ਇਹ ਦ੍ਰਿਸ਼ਟੀਕੋਣ ਹੀ ਉਸ ਦੀ ਜੀਵਨ-ਫ਼ਿਲਾਸਫ਼ੀ ਹੈ ਅਤੇ ਜੀਵਨ-ਦਰਸ਼ਨ ਹੈ। ਆਪਣੇ ਦ੍ਰਿਸ਼ਟੀਕੋਣ ਦੇ ਮਾਪ-ਦੰਡ ਨਾਲ਼ ਹੀ ਉਹ ਯਾਤਰਾ ਦੇ ਦੌਰਾਨ ਉਪਲਬਧ ਬਾਹਰੀ-ਜਗਤ ਦਾ ਨਿਰੀਖਣ ਕਰਦਾ ਹੈ ਪਰ ਆਵਸ਼ਕਤਾ ਇਸ ਗੱਲ ਦੀ ਹੈ ਕਿ ਸਫ਼ਰਨਾਮਾ-ਸਾਹਿਤਕਾਰ ਸ੍ਵੈਦੇਸ-ਪ੍ਰੇਮ ਦੇ ਨਾਲ਼-ਨਾਲ਼ ਪਰਾਏ ਦੇਸਾਂ ਦੀ ਮਹਿਮਾ ਲਈ ਵੀ ਉਦਾਰ ਹੋਵੇ।

ਸਾਹਿਤ-ਕੋਸ਼ ਵਿੱਚ ਲਿਖਿਆ ਹੈ ਕਿ ਸਾਹਿਤ-ਯਾਤਰੀ ਸਫ਼ਰਨਾਮੇ ਦੇ ਕੇਂਦਰ ਵਿੱਚ ਹੁੰਦਾ ਹੋਇਆ ਵੀ ਪ੍ਰਧਾਨ ਤੇ ਪ੍ਰਮੁੱਖ ਨਹੀਂ ਹੁੰਦਾ ਕਿਉਂਕਿ ਜੇਕਰ ਯਾਤਰਾਕਾਰ ਦੀ ਸ਼ਖ਼ਸੀਅਤ ਉੱਭਰੇਗੀ ਤਾਂ ਹੋਰ ਸੱਭੋ ਕੁਝ ਦੁਜੈਲਾ ਤੇ ਗ਼ੈਰਪ੍ਰਧਾਨ ਹੋ ਜਾਵੇਗਾ ਅਤੇ ਸਫ਼ਰਨਾਮਾ ਯਾਤਰਾ-ਸਾਹਿਤ ਨਾ ਬਣ ਕੇ ਆਤਮ-ਚਰਿੱਤਰ ਜਾਂ ਸ੍ਵੈਜੀਵਨੀ ਹੀ ਰਹਿ ਜਾਵੇਗਾ। ਇਸ ਲਈ ਸਫ਼ਰਨਾਮਾ-ਲੇਖਕ ਆਪਣਾ ਆਪਾ ਪਿੱਛੇ ਰੱਖਦਾ ਹੈ।

ਇਸੇ ਤਰ੍ਹਾਂ ਉਹੋ ਸੈਲਾਨੀ ਸਫ਼ਰਨਾਮੇ ਦਾ ਸੁਯੋਗ ਲੇਖਕ ਬਣ ਸਕਦਾ ਹੈ, ਜਿਹੜਾ ਅਜਿਹੇ ਗੁਣਾਂ ਨਾਲ਼ ਸੁਸ਼ੋਭਿਤ ਹੋ ਕੇ ਪਰਦੇਸ ਦੀਆਂ ਮੰਜ਼ਲਾਂ ਤੈਅ ਕਰਨ ਲਈ ਸਮਰਪਣ-ਭਾਵਨਾ ਨਾਲ਼ ਤਤਪਰ ਹੁੰਦਾ ਹੈ।

## ਸਫ਼ਰਨਾਮੇ ਦੇ ਰਚਨਾਤਮਿਕ ਤੱਤ :

ਸਫ਼ਰਨਾਮਾ ਇੱਕ ਸਾਹਿਤਿਕ ਰੂਪਾਕਾਰ ਹੈ। ਇਸ ਦੀ ਸਿਰਜਣਾ ਵਿੱਚ ਕਈ ਤਰ੍ਹਾਂ ਦੇ ਉਸਾਰੂ ਤੱਤ ਕਾਰਜਸ਼ੀਲ ਹੁੰਦੇ ਹਨ। ਉਂਞ ਤਾਂ ਹਰੇਕ ਸਫ਼ਰਨਾਮਾ ਵੱਖਰਾ ਤੇ ਵਿਲੱਖਣ ਹੁੰਦਾ ਹੈ ਪਰੰਤੂ ਸਫ਼ਰਨਾਮੇ ਦੇ ਸਾਹਿਤ-ਰੂਪ ਵਿੱਚ ਕੁਝ ਬੁਨਿਆਦੀ ਅੰਸ਼ ਤੇ ਤੱਤ ਸਾਂਝੇ ਹੁੰਦੇ ਹਨ ਜਿਹੜੇ ਉਸ ਦੀ ਸਾਹਿਤਿਕ ਸੰਰਚਨਾ ਲਈ ਜ਼ਰੂਰੀ ਹਨ ਅਤੇ ਜਿਨ੍ਹਾਂ ਤੋਂ ਬਿਨਾਂ ਸਫ਼ਰਨਾਮੇ ਦੀ ਰਚਨਾ ਸੰਭਵ ਨਹੀਂ ਹੋ ਸਕਦੀ। ਵਿਦਵਾਨ ਆਲੋਚਕਾਂ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਸਫ਼ਰਨਾਮੇ ਦੇ ਹੇਠ ਲਿਖੇ ਤੱਤ ਨਿਰਧਾਰਿਤ ਕੀਤੇ ਜਾ ਸਕਦੇ ਹਨ:

### 1. ਭੂਗੋਲਿਕ ਵਿਵਰਨ :

ਸੈਲਾਨੀ ਜਦੋਂ ਸਫ਼ਰ ਤੇ ਸੈਰ ਲਈ ਰਵਾਨਾ ਹੁੰਦਾ ਹੈ ਤਾਂ ਕੋਈ ਦੇਸ, ਭੂ-ਖੰਡ ਜਾਂ ਟਾਪੂ ਉਸ ਦੀ ਯਾਤਰਾ ਦਾ ਨਿਸ਼ਾਨਾ ਹੁੰਦਾ ਹੈ। ਸਾਹਿਤਿਕ ਸੈਲਾਨੀ ਉਸ ਦੇਸ ਜਾਂ ਮੁਲਕ ਦੀ ਭੂਗੋਲਿਕ ਸਥਿਤੀ ਅਤੇ ਭੂਗੋਲਿਕ ਚੁਗਿਰਦੇ ਦਾ ਜੋ ਅਨੁਭਵ ਕਰਦਾ ਹੈ ਉਸ ਦਾ ਵੇਰਵਾ ਤੇ ਵਿਵਰਨ ਆਪਣੇ ਸਫ਼ਰਨਾਮੇ ਵਿੱਚ ਦਰਜ ਕਰਦਾ ਹੈ। ਹਰ ਸਫ਼ਰਨਾਮਾ-ਲੇਖਕ ਵਿਸ਼ਵ ਦੇ ਨਕਸ਼ੇ ਉੱਤੇ ਉਸ ਦੇਸ ਦੀ ਭੂਗੋਲਿਕ ਦਿਸ਼ਾ ਤੇ ਦਸ਼ਾ ਦਾ ਵਿਵਰਨ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਅੰਕਿਤ ਕਰ ਹੀ ਜਾਂਦਾ ਹੈ। ਇਹ ਭੂਗੋਲਿਕ ਵਿਵਰਨ ਹੈ।

ਸਫ਼ਰਨਾਮਾ-ਸਾਹਿਤਕਾਰ ਜਿਸ ਦੇਸ/ਭੂ-ਖੰਡ ਆਦਿ ਵਿੱਚ ਜਾਂਦਾ ਹੈ, ਉਸ ਨੂੰ ਉਹ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਵੇਖਦਾ, ਵਾਚਦਾ ਹੈ ਤੇ ਸਫ਼ਰਨਾਮੇ ਵਿੱਚ ਪੇਸ਼ ਕਰਦਾ ਹੈ। ਉਸ ਭੂ-ਖੰਡ ਦੇ ਪਹਾੜਾਂ, ਨਦੀਆਂ, ਚਸ਼ਮਿਆਂ ਤੇ

ਕੁਦਰਤੀ ਨਜ਼ਾਰਿਆਂ ਦਾ ਵਰਨਣ ਵੀ ਸਫ਼ਰਨਾਮੇ ਦਾ ਅੰਗ ਬਣਦਾ ਹੈ। ਇੱਕ ਜਿਗਿਆਸੂ ਸਫ਼ਰਨਾਮਾਕਾਰ ਕਿਸੇ ਯਾਤਰਾ-ਅਧੀਨ ਭੂ-ਖੰਡ ਨੂੰ ਸਿਰਫ਼ ਭੂਗੋਲਿਕ ਦ੍ਰਿਸ਼ਟੀ ਤੋਂ ਹੀ ਪੇਸ਼ ਨਹੀਂ ਕਰਦਾ ਸਗੋਂ ਉਹ ਇਸ ਵਿਸ਼ੇਸ਼ ਭੂਗੋਲਿਕ ਸਥਿਤੀ ਕਾਰਨ ਉੱਥੋਂ ਦੀ ਜ਼ਿੰਦਗੀ ਉੱਤੇ ਪੈ ਰਹੇ ਪ੍ਰਭਾਵਾਂ ਦਾ ਵੀ ਵਿਸ਼ਲੇਸ਼ਣ ਕਰਦਾ ਹੈ।

### 2. ਸੰਸਥਾਵਾਂ :

ਕਿਸੇ ਮੁਲਕ ਦੀਆਂ ਕੌਮੀ ਸੰਸਥਾਵਾਂ ਦਾ ਵਰਨਣ ਲਗ-ਪਗ ਹਰ ਸਫ਼ਰਨਾਮਾ ਕਰਦਾ ਹੈ। ਇਹਨਾਂ ਸੰਸਥਾਵਾਂ ਵਿੱਚ ਵਿੱਦਿਅਕ, ਧਾਰਮਿਕ, ਪਰਿਵਾਰਿਕ ਅਤੇ ਸਿਹਤ ਸੰਬੰਧੀ ਸੰਸਥਾਵਾਂ ਸ਼ਾਮਲ ਹਨ। ਸੰਸਥਾਵਾਂ ਕਿਸੇ ਸਫ਼ਰਨਾਮੇ ਦੀ ਤੱਥ-ਮੂਲਿਕ ਸਮਗਰੀ ਹਨ।

ਯਾਤਰਾ-ਅਧੀਨ ਭੂ-ਖੰਡ ਦੀਆਂ ਸੰਸਥਾਵਾਂ ਦਾ ਵਰਨਣ ਵੀ ਲੇਖਕ ਆਪਣੀ ਦਿਲਚਸਪੀ ਅਨੁਸਾਰ ਕਰਦਾ ਹੈ। ਜਿਸ ਵਿਅਕਤੀ ਦਾ ਸੰਬੰਧ ਪੜ੍ਹਨ-ਪੜ੍ਹਾਉਣ ਨਾਲ਼ ਹੁੰਦਾ ਹੈ, ਉਹ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਬਾਰੇ ਗੱਲ ਕਰਦਾ ਹੈ। ਉੱਥੇ ਦੇ ਸਿੱਖਿਆ-ਪ੍ਰਬੰਧ ਦੀ ਤੁਲਨਾ ਆਪਣੇ ਦੇਸ ਦੀ ਸਿੱਖਿਆ ਪ੍ਰਨਾਲ਼ੀ ਨਾਲ਼ ਕਰਦਾ ਹੈ। ਇੱਕ ਡਾਕਟਰੀ ਕਿੱਤੇ ਨਾਲ਼ ਸੰਬੰਧਿਤ ਸਫ਼ਰਨਾਮਾਕਾਰ ਸਿਹਤ-ਸੰਸਥਾਵਾਂ ਅਤੇ ਦਵਾਈਆਂ ਤਿਆਰ ਵਾਲ਼ੇ ਕਾਰਖ਼ਾਨਿਆਂ ਆਦਿ ਦਾ ਜ਼ਿਕਰ ਆਪਣੇ ਸਫ਼ਰਨਾਮੇ ਵਿੱਚ ਕਰੇਗਾ। ਸਾਹਿਤਿਕ ਕਲਾਕਾਰ ਉੱਥੇ ਦੇ ਸਾਹਿਤਕਾਰਾਂ/ਕਲਾਕਾਰਾਂ ਬਾਰੇ ਜਾਣਨ ਦਾ ਇੱਛਕ ਹੋਵੇਗਾ ਅਤੇ ਇਹਨਾਂ ਨਾਲ਼ ਸੰਬੰਧਿਤ ਸੰਸਥਾਵਾਂ ਨੂੰ ਸਫ਼ਰਨਾਮੇ ਦਾ ਹਿੱਸਾ ਬਣਾਏਗਾ। ਉਦਾਹਰਨ ਲਈ, ਬਲਵੰਤ ਗਾਰਗੀ ਆਪਣੀ ਅਮਰੀਕਾ-ਯਾਤਰਾ ਦੌਰਾਨ 'ਗਰੀਨਿਚ ਵਿਲੇਜ' ਵਰਗੀ ਥਾਂ ਲੱਭਦਾ ਹੈ ਤੇ ਉਸ ਦਾ ਵਰਨਣ ਆਪਣੇ ਸਫ਼ਰਨਾਮੇ ਵਿੱਚ ਕਰਦਾ ਹੈ। ਡਾ. ਜਸਵੰਤ ਸਿੰਘ ਨੇਕੀ ਆਪਣੀ ਯੂਰਪ-ਫੇਰੀ ਦੌਰਾਨ ਆਪਣਾ ਧਿਆਨ ਸਿਹਤ-ਸੰਸਥਾਵਾਂ ਅਤੇ ਦਵਾਈਆਂ ਬਣਾਉਣ ਦੇ ਕਾਰਖਾਨਿਆਂ' ਤੇ ਕੇਂਦਰਿਤ ਕਰਕੇ ਉਹਨਾਂ ਬਾਰੇ ਆਪਣੇ ਵਿਚਾਰ ਪਾਠਕਾਂ ਨਾਲ਼ ਸਾਂਝੇ ਕਰਦਾ ਹੈ। ਇਉਂ ਜਿਸ ਤਰ੍ਹਾਂ ਦੀਆਂ ਸੰਸਥਾਵਾਂ ਵਿੱਚ ਵੀ ਸਫ਼ਰਨਾਮਾਕਾਰ ਦੀ ਰੁਚੀ ਹੁੰਦੀ ਹੈ, ਉਹ ਉਹਨਾਂ ਨੂੰ ਹੀ ਦੇਖਦਾ ਹੈ ਅਤੇ ਸਫ਼ਰਨਾਮੇ ਵਿੱਚ ਪੇਸ਼ ਕਰਦਾ ਹੈ।

### 3. ਉਪਜ ਤੇ ਉਤਪਾਦਨ :

ਸਫ਼ਰਨਾਮਾਕਾਰ ਜੇਕਰ ਕੋਈ ਅਰਥ-ਸ਼ਾਸਤਰੀ ਹੋਵੇ ਤਾਂ ਉਹ ਯਾਤਰਾ-ਅਧੀਨ ਭੂ-ਖੰਡ ਦੇ ਉਪਜ ਤੇ ਉਤਪਾਦਨ ਦੇ ਸਾਧਨਾਂ ਵੱਲ ਜ਼ਿਆਦਾ ਧਿਆਨ ਦੇਵੇਗਾ। ਸਹਿਜੇ ਹੀ ਉਹ ਇਹਨਾਂ ਸਾਧਨਾਂ ਦਾ ਆਪਣੇ ਦੇਸ ਦੇ ਸਾਧਨਾਂ ਨਾਲ਼ ਤੁਲਨਾਤਮਿਕ ਵਿਸ਼ਲੇਸ਼ਣ ਆਪਣੇ ਸਫ਼ਰਨਾਮੇ ਵਿੱਚ ਕਰੇਗਾ। ਇੱਕ ਆਮ ਯਾਤਰੀ ਦੀ ਵੀ ਕਿਸੇ ਵਿਸ਼ੇਸ਼ ਮੁਲਕ ਦੀ ਯਾਤਰਾ ਦੌਰਾਨ ਉੱਥੋਂ ਦੇ ਉਪਜ ਤੇ ਉਤਪਾਦਨ ਦੇ ਸਾਧਨਾਂ ਬਾਰੇ ਜਾਣਨ ਦੀ ਜਿਗਿਆਸਾ ਹੁੰਦੀ ਹੈ। ਸਾਧਨਾਂ ਵਿੱਚ ਖੇਤੀ-ਬਾੜੀ, ਦਸਤਕਾਰੀ, ਉਦਯੋਗ ਤੇ ਕਾਰਖ਼ਾਨੇ ਸ਼ਾਮਲ ਹਨ। ਕਿਸੇ ਮੁਲਕ ਦੇ ਉਤਪਾਦਨ ਦਾ ਉੱਥੋਂ ਦੀ ਆਰਥਿਕਤਾ ਨਾਲ਼ ਸਿੱਧਾ ਸੰਬੰਧ ਹੁੰਦਾ ਹੈ ਅਤੇ ਆਰਥਿਕਤਾ ਉੱਥੋਂ ਦੀ ਤਰੱਕੀ ਅਤੇ ਸਹੂਲਤਾਂ ਨਾਲ਼ ਜੁੜੀ ਹੁੰਦੀ ਹੈ। ਇਸ ਲਈ ਕਿਸੇ ਮੁਲਕ ਦੀ ਉਪਜ ਤੇ ਉਤਪਾਦਨ ਬਾਰੇ ਜਾਣਕਾਰੀ ਵੀ ਸਫ਼ਰਨਾਮੇ ਦੀ ਸੰਰਚਨਾ ਦਾ ਤੱਤ ਬਣ ਜਾਂਦੀ ਹੈ।

### 4. ਵਿਵਸਥਾ ਅਤੇ ਰਾਜ-ਪ੍ਰਬੰਧ :

ਆਪਣੀ ਯਾਤਰਾ ਦੌਰਾਨ ਸੈਲਾਨੀ ਸੰਬੰਧਿਤ ਮੁਲਕ ਦੇ ਰਾਜਨੀਤਿਕ ਪ੍ਰਬੰਧ ਅਰਥਾਤ ਉੱਥੋਂ ਦੀ ਹਕੂਮਤ ਤੇ ਵਿਵਸਥਾ ਦੇ ਤਰੀਕਿਆਂ ਬਾਰੇ ਵੀ ਜਾਣਨ ਦਾ ਇੱਛਕ ਹੁੰਦਾ ਹੈ। ਉਹ ਇਹਨਾਂ ਗੱਲਾਂ ਉੱਤੇ ਵੀ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਜਾਂ ਸੁਭਾਵਿਕ ਤੌਰ 'ਤੇ ਇਹ ਗੱਲਾਂ ਉਸ ਦਾ ਧਿਆਨ ਖਿੱਚਦੀਆਂ ਹਨ। ਉਦਾਹਰਨ ਲਈ ਡਾ. ਜਸਵੰਤ ਸਿੰਘ ਨੇਕੀ ਆਪਣੀ ਯੂਰਪ ਫੇਰੀ ਨਾਲ਼ ਸੰਬੰਧਿਤ ਸਫ਼ਰਨਾਮੇ ਵਿੱਚ ਰੂਸ ਦੇ ਇੱਕ ਹਵਾਈ ਅੱਡੇ ਉੱਤੇ ਕੋਕਾ-ਕੋਲਾ ਮੰਗਣ ਉਪਰੰਤ ਪੈਦਾ ਹੋਏ ਬਖੇੜੇ ਦਾ ਵਰਨਣ ਕਰਦਾ ਹੈ। ਇਉਂ ਹੀ ਸਮਾਜਵਾਦੀ ਵਿਵਸਥਾ ਦੌਰਾਨ ਰੂਸ ਦੀ ਯਾਤਰਾ ਕਰਨ ਵਾਲ਼ੇ ਪੰਜਾਬੀ ਸਫ਼ਰਨਾਮਾ-ਲੇਖਕਾਂ ਨੇ 'ਰੂਸੀ ਸਮਾਜਵਾਦ' ਦੀਆਂ ਬਰਕਤਾਂ ਦਾ ਵਰਨਣ ਆਪਣੇ ਸਫ਼ਰਨਾਮਿਆਂ ਵਿੱਚ ਕੀਤਾ ਹੈ। ਕਿਸੇ ਵਿਸ਼ੇਸ਼ ਮੁਲਕ ਵਿੱਚ ਅਨੁਸ਼ਾਸਨ, ਸੁਰੱਖਿਆ ਆਦਿ ਕਾਇਮ ਰੱਖਣ ਲਈ ਕਿਸ ਤਰ੍ਹਾਂ ਦਾ ਪੁਲਿਸ ਤੇ

ਫ਼ੌਜ ਦਾ ਪ੍ਰਬੰਧ ਹੈ, ਇਹ ਸਭ ਕੁਝ ਰਾਜ-ਪ੍ਰਬੰਧ ਦੇ ਅੰਤਰਗਤ ਆਉਂਦਾ ਹੈ।

### 5. ਤਰਜ਼ੇ-ਜ਼ਿੰਦਗੀ ਜਾਂ ਜੀਵਨ-ਜਾਚ :-

ਕਿਸੇ ਮੁਲਕ ਦੀ ਯਾਤਰਾ 'ਤੇ ਜਾਣ ਵਾਲ਼ੇ ਸੈਲਾਨੀ ਦਾ ਉਸ ਮੁਲਕ ਦੀ ਤਰਜ਼ੇ-ਜ਼ਿੰਦਗੀ ਨਾਲ਼ ਸਿੱਧਾ ਵਾਹ ਪੈਂਦਾ ਹੈ। ਉੱਥੋਂ ਦੇ ਲੋਕਾਂ ਦਾ ਖਾਣ-ਪੀਣ, ਰਹਿਣ-ਸਹਿਣ, ਰਸਮ-ਰਿਵਾਜ, ਰਿਸ਼ਤਾ-ਨਾਤਾ ਪ੍ਰਬੰਧ ਆਦਿ ਸਭ ਨੂੰ ਸਫ਼ਰਨਾਮਾ-ਲੇਖਕ ਵਿਸ਼ਲੇਸ਼ਣਾਤਮਿਕ/ਆਲੋਚਨਾਤਮਿਕ ਦ੍ਰਿਸ਼ਟੀ ਤੋਂ ਵਾਚਦਾ ਹੈ ਅਤੇ ਸਫ਼ਰਨਾਮੇ ਵਿੱਚ ਪੇਸ਼ ਕਰਦਾ ਹੈ। ਸਫ਼ਲ ਸਫ਼ਰਨਾਮਾਕਾਰ ਆਪਣੀ ਕਲਮ ਦੀ ਸ਼ਕਤੀ ਨਾਲ਼ ਪਾਠਕ ਨੂੰ ਉਸ ਮੁਲਕ ਦੇ ਸਮੁੱਚੇ ਸੱਭਿਆਚਾਰ ਦੇ ਦਰਸ਼ਨ ਕਰਵਾ ਦਿੰਦਾ ਹੈ। ਜੇ ਉਹ ਇਹ ਵਰਨਣ ਆਪਣੇ ਮੁਲਕ ਦੇ ਸੱਭਿਆਚਾਰ ਤੇ ਜੀਵਨ-ਜਾਚ ਨਾਲ਼ ਤੁਲਨਾ ਕਰਕੇ ਪੇਸ਼ ਕਰਦਾ ਹੈ ਤਾਂ ਇਹ ਪਾਠਕ ਲਈ ਹੋਰ ਵਧੇਰੇ ਰੋਚਕ ਹੋ ਜਾਂਦਾ ਹੈ। ਸਫ਼ਰਨਾਮੇ ਦਾ ਪਾਠਕ ਸੰਬੰਧਿਤ ਮੁਲਕ ਦੇ ਜਨ-ਜੀਵਨ ਬਾਰੇ ਜਾਣਨ ਲਈ ਵਧੇਰੇ ਉਤਸੁਕ ਹੁੰਦਾ ਹੈ। ਇਸ ਉਤਸੁਕਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਪੂਰਾ ਕਰਨਾ ਸਫ਼ਰਨਾਮਾਕਾਰ ਦੀ ਅਹਿਮ ਜ਼ੁੰਮੇਵਾਰੀ ਹੈ।

### 6. ਦ੍ਰਿਸ਼ਾਵਲੀ ਤੇ ਅਜੂਬੇ :-

ਹਰ ਇੱਕ ਮੁਲਕ ਵਿੱਚ ਕੁਝ ਵਿਸ਼ੇਸ਼ ਕੁਦਰਤੀ ਦ੍ਰਿਸ਼, ਦਿਲ-ਟੁੰਬਵੇਂ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ। ਇਹਨਾਂ ਦ੍ਰਿਸ਼ਾਂ ਦਾ ਵਰਨਣ ਸਫਲ ਸਫ਼ਰਨਾਮਾਕਾਰ ਪ੍ਰਭਾਵਸ਼ਾਲੀ ਸ਼ਬਦ-ਚਿੱਤਰ ਰਾਹੀਂ ਪੇਸ਼ ਕਰਦਾ ਹੈ। ਯਾਤਰਾ-ਅਧੀਨ ਮੁਲਕ ਦੇ ਅਜੂਬਿਆਂ ਬਾਰੇ ਦਿਲਚਸਪ ਅਤੇ ਰੋਚਕ ਜਾਣਕਾਰੀ ਵੀ ਸਹਿਜ-ਸੁਭਾਅ ਹੀ ਚੰਗੇ ਸਫ਼ਰਨਾਮੇ ਦਾ ਅੰਗ ਬਣ ਜਾਂਦੀ ਹੈ। ਉਦਾਹਰਨ ਲਈ ਅਮਰੀਕਾ ਵਿੱਚ ਡਿਜ਼ਨੀਲੈਂਡ, ਵੈਨਕੂਵਰ ਕਨੇਡਾ ਵਿੱਚ ਸਕਾਈ-ਟ੍ਰੇਨ, ਐਡਮਿੰਟਨ (ਕਨੇਡਾ) ਵਿੱਚ ਰੋਲਰ ਕੋਸਟਰ, ਭਾਰਤ ਵਿੱਚ ਤਾਜ-ਮਹੱਲ ਅਜਿਹੇ ਅਜੂਬੇ ਹਨ। ਇਹ ਅਤੇ ਹੋਰ ਅਜਿਹੇ ਉਸਾਰੂ ਤੱਤ ਤੇ ਤੱਥ ਹਨ ਜਿਹੜੇ ਸਫ਼ਰਨਾਮੇ ਦੇ ਵਿਸ਼ੇ-ਪੱਖ ਦੀ ਉਸਾਰੀ ਲਈ ਵਸਤੂ-ਸਮਗਰੀ ਦਾ ਕੰਮ ਕਰਦੇ ਹਨ ਅਤੇ ਲੇਖਕ ਇਹਨਾਂ ਵਿਸ਼ਿਆਂ ਨੂੰ ਆਪਣੇ ਪਾਠਕਾਂ ਨਾਲ਼ ਸਾਂਝਾ ਕਰਨਾ ਲੋਚਦਾ ਹੈ।

### 7. ਵਿਰਸਾ ਤੇ ਵਿਰਾਸਤ :-

ਆਪਣੀ ਯਾਤਰਾ ਦੌਰਾਨ ਸੈਲਾਨੀ ਯਾਤਰਾ-ਅਧੀਨ ਮੁਲਕ ਦੇ ਵਿਰਸੇ ਅਤੇ ਵਿਰਾਸਤ ਬਾਰੇ ਜੋ ਕੁਝ ਵੀ ਜਾਣ ਸਕਦਾ ਹੈ, ਉਹ ਉਸ ਨੂੰ ਜਾਣਨ ਦਾ ਜਤਨ ਕਰਦਾ ਹੈ। ਇਸ ਜਾਣਕਾਰੀ ਨੂੰ ਉਹ ਪਾਠਕਾਂ ਨਾਲ਼ ਵੀ ਸਾਂਝੀ ਕਰਦਾ ਹੈ। ਉਦਾਹਰਨ ਲਈ ਆਗਰਾ ਜਾਣ ਵਾਲ਼ਾ ਵਿਅਕਤੀ ਆਪਣੇ ਸਫ਼ਰਨਾਮੇ ਵਿੱਚ 'ਤਾਜ-ਮਹੱਲ' ਦਾ ਜ਼ਿਕਰ ਜ਼ਰੂਰ ਕਰੇਗਾ।

### 8. ਸਫ਼ਰਨਾਮੇ ਦਾ ਉਦੇਸ਼ :-

ਸਫ਼ਰਨਾਮੇ ਦਾ ਉਦੇਸ਼-ਬਿੰਦੂ ਵਿਸ਼ੇਸ਼ ਕਰਕੇ ਅਣਡਿੱਠ, ਬੇਗਾਨੀ ਧਰਤੀ ਅਤੇ ਪਰਵਾਸੀ ਜਨ-ਜੀਵਨ ਹੁੰਦਾ ਹੈ ਕਿਉਂਕਿ ਸੈਲਾਨੀ ਦੀ ਮਨੋਬਿਰਤੀ ਓਪਰੀ ਤੇ ਅਜਨਬੀ ਦੁਨੀਆ ਦਾ ਆਂਤਰਿਕ ਭੇਤ ਤਲਾਸ਼ ਕਰਨ ਲਈ ਹੀ ਉਤਸੁਕ ਹੁੰਦੀ ਹੈ ਅਤੇ ਪਰਵਾਸ ਤੇ ਪਰਵਾਸੀ ਜੀਵਨ ਹੀ ਉਸ ਦਾ ਆਕਰਸ਼ਣ-ਸ੍ਰੋਤ ਹੁੰਦਾ ਹੈ। ਪੰਜਾਬੀ ਦੇ ਬਹੁਤੇ ਸਫ਼ਰਨਾਮੇ ਬੇਗਾਨੇ ਭੂ-ਖੰਡਾਂ ਨਾਲ਼ ਹੀ ਸੰਬੰਧਿਤ ਹਨ, ਜਿਵੇਂ : ਮੇਰਾ ਵਲਾਇਤੀ ਸਫ਼ਰਨਾਮਾ (ਕਮਲਾ-ਅਕਾਲੀ), ਪਰਦੇਸ ਯਾਤਰਾ (ਸ਼ੇਰ ਸਿੰਘ), ਅਮਰੀਕਾ ਦਾ ਸਫ਼ਰ (ਪ੍ਰਦੁਮਨ ਸਿੰਘ), ਰੂਸੀ ਸਫ਼ਰਨਾਮਾ(ਨਰਿੰਦਰਪਾਲ ਸਿੰਘ), ਮੇਰਾ ਪਾਕਿਸਤਾਨੀ ਸਫ਼ਰਨਾਮਾ (ਬਲਰਾਜ ਸਾਹਨੀ) ਅਤੇ ਸੱਚੋ-ਸੱਚ (ਨਰਿੰਦਰ ਸਿੰਘ ਕਪੂਰ) ਆਦਿ।

ਸਫ਼ਰਨਾਮਾ ਬਹੁ-ਉਦੇਸ਼ੀ ਸਾਹਿਤ-ਰਚਨਾ ਹੈ। ਮਨੋਰੰਜਨ ਤੋਂ ਲੈ ਕੇ ਗਿਆਨ ਦੀ ਪ੍ਰਾਪਤੀ ਤੱਕ ਸਫ਼ਰਨਾਮੇ ਦੇ ਉਦੇਸ਼ਾਂ ਦੀ ਇੱਕ ਲੜੀ ਹੈ। ਪੰਜਾਬੀ ਸਾਹਿਤ-ਕੋਸ਼ ਵਿੱਚ ਲਿਖਿਆ ਹੈ ਕਿ ਸਫ਼ਰਨਾਮਾ ਵਰਨਣ ਤੇ ਵੇਰਵੇ ਦੁਆਰਾ ਨਾ ਕੇਵਲ ਆਪਣੇ ਪਾਠਕਾਂ ਦੇ ਮਨ-ਪਰਚਾਵੇ ਦਾ ਸਾਧਨ ਬਣਦਾ ਹੈ ਸਗੋਂ ਆਰਥਿਕ, ਰਾਜਨੀਤਿਕ, ਵਿਗਿਆਨਿਕ ਤੇ ਵਪਾਰਿਕ ਗਿਆਨ ਲਈ ਵੀ ਸਹਾਈ ਹੁੰਦਾ ਹੈ। ਡਾ. ਕਪੂਰ ਦੀ ਧਾਰਨਾ ਹੈ ਕਿ ਸਫ਼ਰਨਾਮੇ ਦਾ ਉਦੇਸ਼ ਸਾਡੇ ਵਿੱਚ ਵਿਸ਼ਵ-ਦ੍ਰਿਸ਼ਟੀ ਤੇ ਵਿਸ਼ਵ-ਭਾਵਨਾ ਪੈਦਾ ਕਰਨਾ ਹੈ ਕਿਉਂਕਿ "ਮਨ ਦੇ ਗੁਪਤ ਸਰੋਵਰਾਂ ਵਿੱਚੋਂ ਫੁੱਟਦੇ ਫੁਰਨੇ ਸਾਰੇ ਸੰਸਾਰ ਦੇ ਸੰਦਰਭ ਵਿੱਚ ਸੋਚਣ ਦਾ ਸਲੀਕਾ ਸਿਖਾਉਂਦੇ ਹਨ।"

### 9. 'ਮੈਂ'-ਕੇਂਦਰਿਤ ਰਚਨਾ :-

ਸ੍ਵੈਜੀਵਨੀ ਵਾਂਗ ਸਫ਼ਰਨਾਮਾ ਵੀ 'ਮੈਂ'-ਕੇਂਦਰਿਤ ਰਚਨਾ ਹੈ। ਇਸ ਵਿੱਚ ਵੀ ਨਾਇਕ ਤੇ ਲੇਖਕ ਇੱਕੋ ਵਿਅਕਤੀ ਹੁੰਦਾ ਹੈ। ਸਫ਼ਰਨਾਮੇ ਦਾ ਕੇਂਦਰ-ਬਿੰਦੂ ਭਾਵੇਂ ਕਿਸੇ ਭੂ-ਖੰਡ ਦਾ ਕੁਸ਼ਲ ਬਿਰਤਾਂਤ ਹੈ ਪਰ ਇਸ ਬਿਰਤਾਂਤ ਨੂੰ ਲੇਖਕ 'ਮੈਂ-ਸ਼ੈਲੀ' ਵਿੱਚ ਨਿਭਾਉਂਦਾ ਹੈ।

ਇਸ ਰਚਨਾ ਦੀ ਵਿਸ਼ਾ-ਵਸਤੂ ਲੇਖਕ ਨੇ ਵੇਖੀ-ਭਾਲ਼ੀ ਹੁੰਦੀ ਹੈ। ਇਸ ਵਿਚਲੇ ਵਿਸ਼ਿਆਂ ਦੀ ਪ੍ਰਤਿਕਿਰਿਆ ਲੇਖਕ-ਸੈਲਾਨੀ ਖ਼ੁਦ ਪੇਸ਼ ਕਰਦਾ ਹੈ। ਇਸ ਤਰ੍ਹਾਂ ਸਫ਼ਰਨਾਮੇ ਵਿੱਚ ਲੇਖਕ ਆਪ ਹੀ ਨਾਇਕ, ਆਪ ਹੀ ਆਲੋਚਕ, ਆਪ ਹੀ ਦ੍ਰਿਸ਼ਟਾ ਅਤੇ ਆਪ ਹੀ ਸ੍ਰਿਸ਼ਟਾ ਹੁੰਦਾ ਹੈ।

ਸਫ਼ਰਨਾਮੇ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਸਫ਼ਰਨਾਮਾ-ਲੇਖਕ ਦੀਆਂ ਯਾਦਾਂ ਤੇ ਸਿਮ੍ਰਤੀਆਂ ਦੀ ਪੁਨਰ-ਸਿਰਜਣਾ ਹੁੰਦੀ ਹੈ ਕਿਉਂਕਿ ਯਾਤਰਾ-ਸਮਾਚਾਰ ਪਹਿਲਾਂ ਯਾਤਰੀ ਦੀਆਂ ਯਾਦਾਂ ਦੇ ਚਿੱਤਰ-ਪਟ ਉੱਤੇ ਅੰਕਿਤ ਹੁੰਦੇ ਹਨ ਅਤੇ ਫੇਰ ਸ਼ਾਂਤ ਛਿਣਾਂ ਵਿੱਚ ਯਾਤਰੀ ਉਹਨਾਂ ਨੂੰ ਸ਼ਬਦਬੱਧ ਕਰਕੇ ਉਹਨਾਂ ਦੀ ਪੁਨਰ-ਉਸਾਰੀ (ਸਿਰਜਣਾ) ਕਰਦਾ ਹੈ।

### 10. ਭਾਸ਼ਾ ਅਤੇ ਕਲਾ-ਸ਼ੈਲੀਆਂ :

ਸਾਹਿਤਿਕਤਾ ਨਿਰਸੰਦੇਹ ਸਫ਼ਰਨਾਮੇ ਦੀ ਰੂਹ ਹੈ। ਸਾਹਿਤਿਕ ਸੰਪੂਰਨਤਾ ਤੋਂ ਬਿਨਾਂ ਸਫ਼ਰਨਾਮਾ ਮਹਿਜ਼ ਕਿਸੇ ਮੁਲਕ ਦੇ ਨਾਂਵਾਂ/ਥਾਂਵਾਂ ਦੇ ਵੇਰਵਿਆਂ ਦਾ ਘੜਮੱਸ ਬਣ ਜਾਵੇਗਾ। ਸਾਹਿਤਿਕ ਸੰਪੂਰਨਤਾ ਪ੍ਰਦਾਨ ਕਰਨ ਲਈ ਸਫ਼ਰਨਾਮਾ-ਲੇਖਕ ਕਈ ਤਰ੍ਹਾਂ ਦੀਆਂ ਕਲਾਤਮਿਕ ਜੁਗਤਾਂ ਦੀ ਵਰਤੋਂ ਕਰਦਾ ਹੈ।

ਅਜਿਹੀਆਂ ਕਲਾ-ਜੁਗਤਾਂ ਵਿੱਚ ਭਾਸ਼ਾਈ ਖ਼ੂਬੀਆਂ, ਸੁਹਜ, ਸੁੰਦਰ ਸ਼ਬਦਾਵਲੀ, ਵੰਨ-ਸੁਵੰਨੀ ਬਿੰਬਾਵਲੀ, ਸੱਜਰੇ-ਸੱਜਰੇ ਪ੍ਰਤੀਕ ਤੇ ਚਿੰਨ , ਰੋਚਕ ਪ੍ਰਕਿਰਤੀ-ਚਿਤਰਨ ਅਤੇ ਸਾਰਥਕ ਅਖਾਣ-ਮੁਹਾਵਰੇ ਉਲੇਖਯੋਗ ਹਨ ਜਿਨ੍ਹਾਂ ਦੀ ਓਟ ਲੈ ਕੇ ਸਫ਼ਰਨਾਮਾਕਾਰ ਆਪਣੇ ਵਿਸ਼ਾ-ਵਸਤੂ , ਅਨੁਭਵਾਂ ਤੇ ਅਹਿਸਾਸਾਂ ਨੂੰ ਸਾਕਾਰ ਕਰਦਾ ਹੈ। ਮਿਸਾਲ ਵਜੋਂ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ (ਮੇਰਾ ਵਲੈਤੀ ਸਫ਼ਰਨਾਮਾ) ਵਿੱਚੋਂ ਪ੍ਰਕਿਰਤੀ -ਚਿਤਰਨ ਦਾ ਇੱਕ ਨਮੂਨਾ ਵੇਖੋ:

"ਏਥੇ ਵਲੈਤ ਦੀ ਰੇਲਵੇ ਲਾਈਨ ਦੁਆਲ਼ੇ ਦੋਹੀਂ ਪਾਸੀਂ ਸੋਹਣੀ ਚਿੱਟੀ ਰੇਤ ਦੇ ਵੱਡੇ-ਵੱਡੇ ਟਿੱਬੇ ਦੂਰ ਤੀਕ ਲਾਰਾਂ ਬੰਨੀਂ ਖਲੋਤੇ ਹਨ ਅਤੇ ਨਾਲ਼ ਹੀ ਖਾਰਾ ਸਮੁੰਦਰ ਕਦੇ ਨੇੜੇ ਕਦੇ ਦੂਰ ਆਉਂਦਾ ਪ੍ਰਤੀਤ ਹੁੰਦਾ ਹੈ।"

ਏਸੇ ਤਰ੍ਹਾਂ ਡਾ. ਨਰਿੰਦਰ ਸਿੰਘ ਕਪੂਰ ਦੇ ਸਫ਼ਰਨਾਮੇ (ਸੱਚੋ-ਸੱਚ: ਅਮਰੀਕਾ ਦਾ ਸਫ਼ਰਨਾਮਾ) ਵਿੱਚ ਅਲੰਕਾਰਿਕ ਵਰਨਣ ਦੀਆਂ ਬਹੁਤ ਸੁੰਦਰ ਵੰਨਗੀਆਂ ਹਨ। ਇੱਕ-ਦੋ ਮਿਸਾਲਾਂ ਵੇਖੋ :

"ਮੈਂ ਵੀ ਆਪਣੇ ਮੱਥੇ ਵਿੱਚ ਆਸਾਂ ਦਾ ਦੀਵਾ ਬਾਲ਼ ਕੇ ਨਿਕਲ਼ਿਆ ਸਾਂ (ਅਮਰੀਕਾ ਲਈ) ਮੇਰੇ ਦੋਸਤ ਤੇ ਦੋਸਤਾਂ ਵਰਗੇ ਰਿਸ਼ਤੇਦਾਰ ਦੇ ਮੁਖੜਿਆਂ ਉੱਤੇ ਮਾਲ-ਗੱਡੀ ਜਿੰਨੀ ਲੰਮੀ ਮੁਸਕਰਾਹਟ ਨੇ ਮੈਨੂੰ ਕੋਲੰਬਸ ਵਾਲ਼ਾ ਭਰੋਸਾ ਦਿੱਤਾ ਸੀ।"

"ਯੋਰਪ ਭਾਵੇਂ ਬੁੱਢਾ ਹੋ ਰਿਹਾ ਹੈ ਪਰ ਅਮਰੀਕਾ ਜਵਾਨ ਹੈ ........ ਅਮਰੀਕਾ ਉੱਛਲ਼-ਉੱਛਲ਼, ਡੁੱਲ੍ਹ-ਡੁੱਲ੍ਹ ਪੈਂਦਾ ਦੇਸ ਹੈ ...... ਲੰਦਨ ਵਿੱਚ ਘੁੰਮਦਿਆਂ ਇੰਵ ਲੱਗਿਆ ਜਿਵੇਂ ਇਤਿਹਾਸ ਦੀਆਂ ਗਲ਼ੀਆਂ ਵਿੱਚ ਘੁੰਮ ਰਿਹਾ ਹੋਵਾਂ...... ਪੂਰਬ ਤੇ ਪੱਛਮ ਵਿੱਚ ਅੰਤਰ ਰਾਮ ਤੇ ਰਾਵਣ ਵਾਲ਼ਾ ਹੈ..... ਜੇ ਤੁਸੀਂ ਪੈਰਿਸ ਬਿਨਾਂ ਬੁਲਾਏ ਅਤੇ ਬਿਨਾਂ ਪਤਾ ਦਿੱਤੇ ਚਲੇ ਜਾਵੋ ਤਾਂ ਵੀ ਪੈਰਿਸ ਤੁਹਾਨੂੰ ਆਪਣੀ ਭੂਆ ਵਾਂਗ ਅਪਣਾ ਲਵੇਗਾ।"

ਸਫ਼ਰਨਾਮੇ ਦੀ ਰਚਨਾ-ਤਕਨੀਕ ਦੇ ਸੰਦਰਭ ਵਿੱਚ ਕਲਾ-ਸ਼ੈਲੀਆਂ ਦਾ ਵੀ ਮਹੱਤਵਪੂਰਨ ਸਥਾਨ ਹੈ। ਸਫ਼ਰਨਾਮਾ ਇੱਕ ਗੱਦਾਤਮਿਕ ਰਚਨਾ ਹੈ। ਇਸ ਲਈ ਇਸ ਦੀ ਸਿਰਜਣਾ ਵਿੱਚ ਵਾਰਤਕ ਸ਼ੈਲੀ ਦਾ ਬਹੁਤਾ ਯੋਗਦਾਨ ਹੈ। ਵੱਖ-ਵੱਖ ਸਫ਼ਰਨਾਮਿਆਂ ਵਿੱਚ ਵੱਖ-ਵੱਖ ਸ਼ੈਲੀਆਂ ਮਿਲ਼ਦੀਆਂ ਹਨ, ਜਿਵੇਂ; ਕਥਾਤਮਿਕ ਸ਼ੈਲੀ, ਡਾਇਰੀ-ਸ਼ੈਲੀ, ਪਾਤਰ-ਸ਼ੈਲੀ। ਪਰ ਗਲਪ-ਸ਼ੈਲੀ ਦਾ ਪ੍ਰਯੋਗ ਸਫ਼ਰਨਾਮੇ ਦਾ ਹਰ ਲੇਖਕ ਕਰਦਾ ਹੈ ਕਿਉਂਕਿ ਸਫ਼ਰਨਾਮੇ ਵਿੱਚ ਕਲਪਨਾ ਦੀ ਪਾਣ ਚਾੜ੍ਹ ਕੇ ਬਾਹਰੀ ਭੌਤਿਕ ਸਥੂਲ ਸੱਚ ਦੇ ਪਿੱਛੇ ਲੁਕੀਆਂ ਹੋਈਆਂ ਵਿਸੰਗਤੀਆਂ, ਉਲਾਰਾਂ ਤੇ ਅਨਾਚਾਰਾਂ ਨੂੰ ਸਾਕਾਰ ਕਰਨ ਲਈ ਲੇਖਕ ਵਚਨਬੱਧ ਹੁੰਦਾ ਹੈ।

## ਸਫ਼ਰਨਾਮੇ ਦੇ ਵਿਕਾਸ-ਪੜਾਅ:-

"ਸਫ਼ਰਨਾਮਾ" ਅੱਜ ਭਾਵੇਂ ਸਾਹਿਤ ਦੀ ਇੱਕ ਲੋਕ-ਪ੍ਰਿਆ ਵੰਨਗੀ ਦੀ ਸ਼ਕਲ ਵਿੱਚ ਪ੍ਰਵਾਨਿਤ ਹੋ ਚੁੱਕਾ ਹੈ ਪਰ ਇਹ ਕਈ ਵਿਕਾਸ-ਪੜਾਵਾਂ ਵਿੱਚੋਂ ਲੰਘਿਆ ਹੈ। ਪ੍ਰਾਚੀਨ ਭਾਰਤ ਵਿੱਚ ਸਫ਼ਰਨਾਮਾ ਜਾਂ ਯਾਤਰਾ-ਸਾਹਿਤ ਦੀਆਂ ਬਹੁਤੀਆਂ ਮਿਸਾਲਾਂ ਉਪਲਬਧ ਨਹੀਂ ਹਨ ਪਰੰਤੂ ਪੱਛਮੀ ਦੇਸਾਂ ਵਿੱਚ ਸਫ਼ਰਨਾਮੇ ਦੇ ਬੀਜ-ਅੰਸ਼ ਬਹੁਤ ਪੁਰਾਣੇ ਸਮਿਆਂ ਤੋਂ ਮਿਲਦੇ ਚਲੇ ਆ ਰਹੇ ਹਨ।

ਪੰਜਾਬੀ ਸਾਹਿਤ-ਕੋਸ਼ ਦੇ ਅਨੁਸਾਰ ਸਫ਼ਰ-ਸਾਹਿਤ ਦਾ ਉਦਭਵ ਤੇ ਵਿਕਾਸ ਸੈਲਾਨੀਆਂ ਦੀਆਂ ਜ਼ਬਾਨੀ ਦੱਸੀਆਂ ਹੋਈਆਂ ਕਹਾਣੀਆਂ ਤੋਂ ਹੋਇਆ, ਜਿਨ੍ਹਾਂ ਨੇ ਕੁਝ ਸਮੇਂ ਪਿੱਛੋਂ ਸਾਹਿਤਿਕ ਰੂਪ ਧਾਰਨ ਕਰ ਲਿਆ। ਸਿਕੰਦਰ ਦੀਆਂ ਕਹਾਣੀਆਂ, ਸਿੰਦਬਾਦ ਦੀਆਂ ਕਹਾਣੀਆਂ ਅਤੇ ਓਡੀਸੀ (Odissey) ਪੁਰਾਤਨ ਸਫ਼ਰ-ਸਾਹਿਤ ਦੇ ਸੁਪ੍ਰਸਿੱਧ ਨਮੂਨੇ ਹਨ। ਵਿਕਾਸ ਦੀ ਦੂਜੀ ਕੜੀ ਵਿੱਚ ਅਜਿਹਾ ਸਾਹਿਤ ਆਉਂਦਾ ਹੈ ਜਿਸ ਵਿੱਚ ਸੈਲਾਨੀਆਂ ਨੇ ਆਪਣੇ-ਆਪਣੇ ਸਫ਼ਰ ਦਾ ਹਾਲ ਕ੍ਰਮ-ਬੱਧ ਅਤੇ ਸੁੰਦਰ ਢੰਗ ਨਾਲ਼ ਕਲਮਬੰਦ ਕੀਤਾ ਹੈ। ਫਾਹੀਆਨ, ਹਿਊਨਸਾਂਗ, ਇਤਸਿੰਗ, ਇਬਨਬਤੂਤਾ, ਅਲਬਰੂਨੀ, ਮਾਰਕੋਪੋਲੋ ਬਰਨੀਅਰ ਤੇ ਟੈਵਰਨੀਅਰ ਵਰਗੇ ਮਹਾਨ ਸੈਲਾਨੀਆਂ ਨੇ ਦੇਸ-ਵਿਦੇਸ਼ ਦਾ ਸਫ਼ਰ ਕਰਕੇ ਉਸ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਦਸ਼ਾ ਨੂੰ ਆਪਣੀਆਂ ਲਿਖਤਾਂ ਵਿੱਚ ਬਿਆਨ ਕੀਤਾ ਹੈ। ਅਜਿਹੇ ਸਫ਼ਰ-ਬਿਰਤਾਂਤ ਇੱਕ ਤਰ੍ਹਾਂ ਦੇ ਸਮਾਚਾਰ-ਗ੍ਰੰਥ ਹਨ ਪਰ ਇਹਨਾਂ ਵਿੱਚ ਸਾਹਿਤਿਕ ਅੰਸ਼ ਨਾਂ-ਮਾਤਰ ਹੈ।

ਅੱਗੇ ਚੱਲ ਕੇ ਮੱਧ-ਕਾਲ ਅਤੇ ਆਧੁਨਿਕ ਕਾਲ ਵਿੱਚ ਸਮੁੰਦਰੋਂ ਪਾਰ ਜਾਣ ਵਾਲ਼ੇ ਅਤੇ ਨਵੀਆਂ ਖੋਜਾਂ ਕਰਨ ਵਾਲ਼ੇ ਯਾਤਰੀਆਂ ਨੇ ਆਪਣੇ-ਆਪਣੇ ਸਫ਼ਰ-ਸਮਾਚਾਰ ਬੜੇ ਰੋਚਕ ਢੰਗ ਨਾਲ਼ ਲਿਖੇ ਹਨ। ਇਹਨਾਂ ਵਿੱਚ ਪੀਟਰ ਮਾਰਟਿਰ (Peter Martyr) ਅਤੇ ਪਿੰਟੋ (Pinto) ਮਸ਼ਹੂਰ ਹਨ। ਆਧੁਨਿਕ ਕਾਲ ਵਿੱਚ ਸੈਲਾਨੀ ਨਵੇਂ ਨਜ਼ਾਰਿਆਂ, ਚਿੱਤਰਾਂ ਅਤੇ ਆਕਰਸ਼ਕ ਸੁੰਦਰਤਾ ਤੋਂ ਮੋਹਿਤ ਹੋਏ ਅਤੇ ਉਹਨਾਂ ਨੇ ਭਾਵਕ ਸ਼ੈਲੀ ਵਿੱਚ ਕਲਪਨਾ ਦੀ ਪਾਣ ਚੜ੍ਹਾ ਕੇ ਨਜ਼ਾਰਿਆਂ ਨੂੰ ਸੁਆਦਲੇ ਢੰਗ ਨਾਲ਼ ਵਿਅਕਤ ਕੀਤਾ। ਇਹਨਾਂ ਵਿੱਚ ਗੇਟੇ (Goethe), ਬਾਇਰਨ (Byron) ਸਵੇਨ ਹੇਡਨ (Sven Hedin) ਪ੍ਰਸਿੱਧ ਹਨ। ਇਸੇ ਪਰੰਪਰਾ ਦੀ ਨਿਰੰਤਰਤਾ ਤੋਂ ਹੀ ਪੱਛਮੀ ਸਫ਼ਰਨਾਮਾ-ਸਾਹਿਤ ਦੇ ਅਸਰ ਹੇਠ ਆਧੁਨਿਕ ਯੁੱਗ ਵਿੱਚ ਪੰਜਾਬੀ ਦਾ ਸਫ਼ਰਨਾਮਾ-ਸਾਹਿਤ ਉੱਭਰਦਾ ਹੈ ਜੋ ਇਸੇ ਸਦੀ ਵਿੱਚ ਇੱਕ ਹਰਮਨ-ਪਿਆਰੇ ਰੂਪ ਵਜੋਂ ਪ੍ਰਫੁਲਿਤ ਹੁੰਦਾ ਹੈ।

## ਪੰਜਾਬੀ ਵਿੱਚ ਸਫ਼ਰਨਾਮਾ-ਸਾਹਿਤ

ਪੰਜਾਬੀ ਵਿੱਚ ਸਫ਼ਰਨਾਮੇ ਦਾ ਸਾਹਿਤ-ਰੂਪ ਕਈ ਹੋਰ ਰੂਪਾਂ ਦੇ ਨਾਲ਼ ਪੱਛਮੀ ਸਾਹਿਤ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੀ ਉਤਪੰਨ ਹੋਇਆ ਹੈ। ਕੁਝ ਲੋਕ ਸਫ਼ਰਨਾਮੇ ਦਾ ਇਤਿਹਾਸ ਗੁਰੂ ਨਾਨਕ ਦੇਵ ਜੀ ਦੀਆਂ ਜਨਮ-ਸਾਖੀਆਂ ਨਾਲ਼ ਜੋੜਦੇ ਹਨ ਜੋ ਸਹੀ ਨਹੀਂ ਕਿਉਂਕਿ ਉਦਾਸੀਆਂ ਦੀ ਸ਼ਕਲ ਵਿੱਚ ਯਾਤਰਾ ਭਾਵੇਂ ਗੁਰੂ ਜੀ ਨੇ ਕੀਤੀ ਹੈ ਪਰ ਯਾਤਰਾ-ਬਿਰਤਾਂਤ ਕਿਸੇ ਹੋਰ ਸ਼ਰਧਾਲੂਆਂ ਨੇ ਅੰਕਿਤ ਕੀਤਾ ਹੈ। ਵਾਸਤਵ ਵਿੱਚ ਪੰਜਾਬੀ ਸਫ਼ਰਨਾਮਾ-ਰੂਪ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ "ਮੇਰਾ ਵਲੈਤੀ ਸਫ਼ਰਨਾਮਾ" ਨਾਲ਼ ਹੀ ਬੱਝਦਾ ਹੈ। ਕਮਲਾ ਅਕਾਲੀ ਨੇ ਵਿਦੇਸ਼ ਦੇ ਅਨੁਭਵ ਬੜੀ ਸਾਊ ਸ਼ੈਲੀ ਵਿੱਚ ਅੰਕਿਤ ਕੀਤੇ ਹਨ। ਇਸ ਤੋਂ ਉਪਰੰਤ ਸਫ਼ਰਨਾਮਾ ਸਾਹਿਤਿਕ ਧਾਰਾ ਦਾ ਪ੍ਰਵਾਹ ਨਿਰੰਤਰ ਜਾਰੀ ਹੈ।

ਡਾ. ਹਰਦਿੱਤ ਸਿੰਘ ਦਾ "ਪੂਰਬ-ਪੱਛਮ" ਡਾ. ਸ਼ੇਰ ਸਿੰਘ ਦਾ "ਪਰਦੇਸ ਯਾਤਰਾ" ਪਿਆਰਾ ਸਿੰਘ ਦਾਤਾ ਦਾ "ਸੈਲਾਨੀ ਦੀ ਪ੍ਰਦੇਸ ਯਾਤਰਾ" ਐੱਸ.ਐੱਸ. ਅਮੋਲ ਦਾ "ਯਾਤਰੂ ਦੀ ਡਾਇਰੀ", ਨਰਿੰਦਰਪਾਲ ਸਿੰਘ ਦਾ ਰੂਸੀ ਸਫ਼ਰਨਾਮਾ, ਬਲਰਾਜ ਸਾਹਨੀ ਦਾ ਮੇਰਾ ਰੂਸੀ ਸਫ਼ਰਨਾਮਾ, ਬਲਵੰਤ ਗਾਰਗੀ ਦਾ "ਪਾਤਾਲ ਦੀ ਧਰਤੀ" ਆਦਿ ਸਫ਼ਰਨਾਮੇ ਵਰਨਣਯੋਗ ਹਨ।

ਇਹਨਾਂ ਤੋਂ ਇਲਾਵਾ ਪ੍ਰੀਤਮ ਸਿੰਘ ਦਾ "ਕਬੂਤਰਾਂ ਦੀ ਪਰਵਾਜ਼" ਤੇ ਸਵਰਨ ਚੰਦਨ ਦਾ "ਆਪਣੀ ਧਰਤੀ" ਵੀ ਉਲੇਖਯੋਗ ਹਨ। ਪ੍ਰਸਿੱਧ ਸਾਹਿਤਕਾਰ ਰਵਿੰਦਰ ਰਵੀ ਦਾ "ਸਿਮਰਤੀਆਂ ਦੇ ਦੇਸ਼" ਅਤੇ ਮਸ਼ਹੂਰ ਕਵੀ ਹਰਭਜਨ ਹਲਵਾਰਵੀ ਦਾ "ਭਾਰਤ ਦੀ ਯਾਤਰਾ" ਅਤੇ "ਚੀਨ ਦੀ ਫੇਰੀ" ਸਫ਼ਰਨਾਮੇ ਸਾਹਿਤਕ ਗੁਣਾਂ ਕਰਕੇ ਅਤਿ ਰੋਚਕ ਹਨ।

ਡਾ. ਨਰਿੰਦਰ ਸਿੰਘ ਕਪੂਰ ਦਾ "ਸੱਚੋ-ਸੱਚ"-ਅਮਰੀਕਾ ਦਾ ਸਫ਼ਰਨਾਮਾ ਨਵੀਨਤਮ ਸਫ਼ਰਨਾਮਾ ਹੈ ਜਿਸ ਵਿੱਚ ਡਾ. ਕਪੂਰ ਨੇ ਗੋਰੀ ਧਰਤੀ ਦੀ ਤਰਜ਼ੇ-ਜ਼ਿੰਦਗੀ ਬਾਰੇ ਜਿਹੜੀਆਂ ਟਿੱਪਣੀਆਂ, ਸਥਾਪਨਾਵਾਂ ਤੇ ਵਿਅੰਗ- ਉਕਤੀਆਂ ਇੱਕ ਅਨੋਖੇ ਸਾਹਿਤਕ ਅੰਦਾਜ਼ ਵਿੱਚ ਪੇਸ਼ ਕੀਤੀਆਂ ਹਨ, ਉਹ ਸੱਚ- ਮੁੱਚ ਹੀ ਲਾਜਵਾਬ ਹਨ।

ਬੀਤੇ ਦਹਾਕਿਆਂ ਦੌਰਾਨ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਹੋਈ ਤਰੱਕੀ ਨੇ ਆਵਾਜਾਈ ਦੇ ਸਾਧਨਾਂ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਸੰਚਾਰ ਦੇ ਸਾਧਨ ਵੀ ਬੇਹੱਦ ਵਿਕਸਿਤ ਹੋਏ ਹਨ। ਇਸ ਸਮੁੱਚੀ ਤਰੱਕੀ ਨੇ ਸਫ਼ਰਨਾਮਾ-ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਜੋਕਾ ਯਾਤਰੂ ਤਾਂ ਯਾਤਰਾ ਦੌਰਾਨ ਵੇਖੀਆਂ ਥਾਂਵਾਂ, ਵਸਤਾਂ ਤੇ ਲੋਕਾਂ ਦਾ ਰਿਕਾਰਡ ਆਪਣੇ ਮੋਬਾਈਲ ਫ਼ੋਨ ਵਿੱਚ ਰੱਖ ਸਕਦਾ ਹੈ ਇਸ ਲਈ ਪੰਜਾਬੀ ਸਾਹਿਤ ਵਿੱਚ ਸਫ਼ਰਨਾਮਾ-ਸਾਹਿਤ ਗਿਣਾਤਮਿਕ ਅਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਅੱਗੇ ਵਧ ਰਿਹਾ ਹੈ। ਉੱਪਰ ਵਰਨਣ ਕੀਤੇ ਸਫ਼ਰਨਾਮਿਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਸਫ਼ਰਨਾਮਾਕਾਰਾਂ ਨੇ ਸਫ਼ਰਨਾਮੇ ਲਿਖੇ ਜਿਨ੍ਹਾਂ ਵਿੱਚ ਲਾਲ ਸਿੰਘ ਕਮਲਾ ਅਕਾਲੀ, ਡਾ. ਹਰਦਿੱਤ ਸਿੰਘ ਢਿੱਲੋਂ, ਪ੍ਰਿੰ. ਸਰਮੁਖ ਸਿੰਘ ਅਮੋਲ, ਸੰਤੋਖ ਸਿੰਘ ਧੀਰ, ਗੁਰਬਚਨ ਭੁੱਲਰ, ਬਲਦੇਵ ਸਿੰਘ, ਅਤਰਜੀਤ ਕੌਰ ਸੂਰੀ, ਬਰਜਿੰਦਰ ਹਮਦਰਦ ਅਤੇ ਡਾ. ਅੰਬਰੀਸ਼ (ਡਾ. ਕਰਨੈਲ ਸਿੰਘ) ਆਦਿ ਪ੍ਰਮੁੱਖ ਹਨ।

### ਔਖੇ ਸ਼ਬਦਾਂ ਦੇ ਅਰਥ :

**ਘੁਮੱਕੜ ਮਨੋਬਿਰਤੀ**- ਘੁੰਮਣ-ਫਿਰਨ ਦੀ ਰੁਚੀ। **ਉਤਸੁਕ**- ਕਿਸੇ ਗੱਲ ਦੇ ਜਾਣਨ ਦੀ ਇੱਛਾ ਰੱਖਣ ਵਾਲ਼ਾ। **ਉਮੰਗ**- ਇੱਛਾ। **ਉਦਭਵ**- ਉਤਪਤੀ। **ਰੂਪਾਂਤਰ**- ਬਦਲਣਾ, ਹੋਰ ਰੂਪ। **ਸੈਲਾਨੀ**- ਸੈਰ-ਸਪਾਟਾ ਕਰਨ ਵਾਲ਼ਾ। **ਸਮਰਪਣ**- ਅਰਪਣ ਕਰਨਾ। **ਤਤਪਰ**- ਤਿਆਰ। **ਵਿਰਾਸਤ**- ਵਿਰਸਾ। **ਮੁਜੱਸਮਾ**- ਸਮੂਹ। **ਤਰਜ਼ੇ-ਜ਼ਿੰਦਗੀ**- ਜੀਵਨ ਜਾਚ। **ਅਗਰਭੂਮੀ**- ਅਗਲਾ ਰੂਪ। **ਪਿੱਠ-ਭੂਮੀ**- ਪਿਛਲਾ ਰੂਪ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਸਫ਼ਰਨਾਮਾ ਮਨੁੱਖ ਦੀ _______ਮਨੋਬਿਰਤੀ ਦੀ ਪੈਦਾਵਾਰ ਹੈ।
2. ਜਿਹੜੇ ਤੁਰ ਪੈਂਦੇ ਹਨ ਉਹ ______ਤੱਕ ਅੱਪੜ ਹੀ ਜਾਂਦੇ ਹਨ।
3. ਸਫ਼ਰਨਾਮਾ ਇੱਕ_______ ਰਚਨਾ ਹੈ।
4. _______ ਕਿਸੇ ਸਫ਼ਰਨਾਮੇ ਦੀ ਤੱਥ-ਮੂਲਿਕ ਸਮਗਰੀ ਹਨ।
5. ਸ੍ਵੈਜੀਵਨੀ ਵਾਂਗ _______ਵੀ ਮੈਂ-ਕੇਂਦਰਿਤ ਰਚਨਾ ਹੈ।

**(ਅ) ਉੱਤਰ ਦਿਓ :**

1. ਸਫ਼ਰਨਾਮੇ ਦਾ ਸ਼ਾਬਦਿਕ ਅਰਥ ਕੀ ਹੈ?
2. ਹਿੰਦੀ ਵਿੱਚ ਸਫ਼ਰਨਾਮੇ ਨੂੰ ਕੀ ਕਿਹਾ ਜਾਂਦਾ ਹੈ?
3. ਸਫ਼ਰਨਾਮੇ ਦੀ ਸੰਰਚਨਾ ਦੇ ਕਿਸੇ ਦੋ ਤੱਤਾਂ ਦੇ ਨਾਂ ਲਿਖੋ।
4. ਪੰਜਾਬੀ ਸਾਹਿਤ ਵਿੱਚੋਂ ਕਿਸੇ ਇੱਕ ਸਫ਼ਰਨਾਮੇ ਦਾ ਨਾਂ ਲਿਖੋ।
5. ਪੰਜਾਬੀ ਵਿੱਚ ਸਫ਼ਰਨਾਮਾ ਕਿਹੜੇ ਸਾਹਿਤ ਨਾਲ਼ ਸੰਪਰਕ ਵਿੱਚ ਆਉਣ ਤੋਂ ਬਾਅਦ ਪੈਦਾ ਹੋਇਆ?

**(ੲ) ਵਿਸਤਾਰ ਸਹਿਤ ਉੱਤਰ ਦਿਓ :**

1. ਸਫ਼ਰਨਾਮਾ ਕੀ ਹੁੰਦਾ ਹੈ? ਇਸ ਦੇ ਨਿਕਾਸ ਤੇ ਵਿਕਾਸ ਸੰਬੰਧੀ ਚਾਨਣਾ ਪਾਓ।

2. ਸਫ਼ਰਨਾਮਾ ਲੇਖਕ ਕਿਹੜੇ-ਕਿਹੜੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ ?
3. ਸਫ਼ਰਨਾਮੇ ਦੇ ਮਹੱਤਵਪੂਰਨ ਤੱਤਾਂ ਬਾਰੇ ਲਿਖੋ।
4. ਪੰਜਾਬੀ ਸਫ਼ਰਨਾਮਾ-ਸਾਹਿਤ ਬਾਰੇ ਇੱਕ ਸੰਖੇਪ ਨੋਟ ਲਿਖੋ।
5. ਪੰਜਾਬੀ ਸਫ਼ਰਨਾਮਾ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ। ਕੀ ਤੁਸੀਂ ਇਸ ਕਥਨ ਨਾਲ਼ ਸਹਿਮਤ ਹੋ ?

ਕੀ ਤੁਸੀਂ ਕਦੇ ਕਿਸੇ ਯਾਤਰਾ 'ਤੇ ਗਏ ਹੋ ?

ਇਸ ਯਾਤਰਾ ਦਾ ਵਰਨਣ ਆਪਣੀ ਕਾਪੀ ਵਿੱਚ ਲਿਖੋ ਅਤੇ ਆਪਣੇ ਜਮਾਤੀਆਂ ਨਾਲ਼ ਸਾਂਝਾ ਕਰੋ।

## ਅਧਿਆਇ ਦੂਜਾ

# ਛੰਦ

ਪੁਰਾਤਨ ਕਾਲ ਤੋਂ ਛੰਦ ਨੂੰ ਕਵਿਤਾ ਦਾ ਜ਼ਰੂਰੀ ਤੱਤ ਮੰਨਿਆ ਗਿਆ ਹੈ। ਛੰਦ-ਸ਼ਾਸਤਰ ਦਾ ਗਿਆਨ ਕਵੀ ਦਾ ਵੱਡਾ ਗੁਣ ਮੰਨਿਆ ਜਾਂਦਾ ਸੀ। ਇਸ ਲਈ ਪੁਰਾਤਨ ਅਤੇ ਮੱਧ-ਕਾਲ ਵਿੱਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਛੰਦ ਬਾਰੇ ਦੁਨੀਆ ਦੀ ਹਰੇਕ ਭਾਸ਼ਾ ਦੇ ਸਾਹਿਤ ਵਿੱਚ ਚਰਚਾ ਹੁੰਦੀ ਆ ਰਹੀ ਹੈ। ਭਾਰਤ ਵਿੱਚ ਛੰਦ ਬਹੁਤ ਮਹੱਤਵਪੂਰਨ ਅਤੇ ਜ਼ਰੂਰੀ ਵਿੱਦਿਆ ਸੀ ਜਿਸ ਨੂੰ ਉਦੋਂ ਛੰਦ-ਸ਼ਾਸਤਰ ਦਾ ਨਾਂ ਦਿੱਤਾ ਜਾਂਦਾ ਸੀ। ਪਿੰਗਲ ਰਿਸ਼ੀ ਸੰਸਕ੍ਰਿਤ ਦਾ ਇੱਕ ਪ੍ਰਸਿੱਧ ਵਿਦਵਾਨ ਹੋਇਆ ਹੈ। ਉਸ ਨੇ ਸੰਸਕ੍ਰਿਤ ਦੇ ਛੰਦਾਂ ਦੇ ਨਿਯਮਾਂ ਦਾ ਵਰਨਣ ਆਪਣੇ ਗ੍ਰੰਥ 'ਛੰਦ-ਸੂਤਰ' ਵਿੱਚ ਕੀਤਾ। ਪਿੰਗਲ ਰਿਸ਼ੀ ਦੀ ਰਚਨਾ ਹੋਣ ਕਾਰਨ ਛੰਦ-ਸ਼ਾਸਤਰ ਨੂੰ "ਪਿੰਗਲ" ਹੀ ਕਹਿ ਦਿੱਤਾ ਜਾਂਦਾ ਹੈ, ਜਿਵੇਂ ਇੱਕ ਪੰਜਾਬੀ ਦੀ ਕਹਾਵਤ ਹੈ-

*"ਪਿੰਗਲ ਬਾਝ ਕਵੀਸ਼ਰੀ ਗੀਤਾ ਬਾਝ ਗਿਆਨ"*

ਕਵਿਤਾ ਦੇ ਪ੍ਰਭਾਵ ਵਿੱਚ ਛੰਦ ਦਾ ਆਪਣਾ ਖ਼ਾਸ ਤਰ੍ਹਾਂ ਦਾ ਮਨੋਵਿਗਿਆਨਿਕ ਯੋਗਦਾਨ ਹੁੰਦਾ ਹੈ। ਕਵਿਤਾ-ਸਿਰਜਣਾ ਵਿੱਚ ਛੰਦ ਦੀ ਜੁਗਤ ਨੂੰ ਪ੍ਰਭਾਵਸ਼ਾਲੀ ਜੁਗਤ ਮੰਨਿਆ ਜਾਂਦਾ ਹੈ, ਕਿਉਂਕਿ ਛੰਦ:

- ਕਵਿਤਾ ਦੇ ਭਾਵਾਂ ਤੇ ਖ਼ਿਆਲਾਂ ਨੂੰ ਤਿੱਖਾ ਕਰਦੇ ਹਨ।
- ਭਾਵਾਂ ਤੇ ਖ਼ਿਆਲਾਂ ਨੂੰ ਇੱਕ ਲੜੀ ਵਿੱਚ ਪਰੋਂਦੇ ਹਨ।
- ਕਵਿਤਾ ਨੂੰ ਸੱਜਰਾਪਣ ਤੇ ਤਾਜ਼ਗੀ ਬਖ਼ਸ਼ਦੇ ਹਨ।
- ਕਵਿਤਾ ਦੇ ਪ੍ਰਭਾਵ ਵਿੱਚ ਵਾਧਾ ਕਰਦੇ ਹਨ।
- ਕਵਿਤਾ ਵਿੱਚ ਰਸ ਤੇ ਰਾਗ ਪੈਦਾ ਕਰਦੇ ਹਨ।
- ਕਵੀ ਅਤੇ ਪਾਠਕ ਵਿੱਚ ਸੁਖਾਵਾਂ ਰਿਸ਼ਤਾ ਕਾਇਮ ਕਰਦੇ ਹਨ।

'ਛੰਦ' ਕਵਿਤਾ ਦਾ ਅਹਿਮ ਤੱਤ ਹੈ ਜਿਸ ਨਾਲ਼ ਕਵਿਤਾ ਵਿੱਚ ਅੰਦਰਲਾ ਅਤੇ ਬਾਹਰਲਾ ਅਨੁਸ਼ਾਸਨ ਆ ਜਾਂਦਾ ਹੈ। ਛੰਦ ਆਮ/ਸਮਾਨਯ ਭਾਸ਼ਾ ਵਿੱਚੋਂ ਪੈਦਾ ਹੋਈ ਵਿਸ਼ੇਸ਼ ਭਾਸ਼ਾ ਹੈ ਜਿਸ ਵਿੱਚੋਂ ਭਾਸ਼ਾਈ ਸੰਗੀਤ ਉਪਜਦਾ ਹੈ। ਭਾਸ਼ਾ 'ਛੰਦ' ਦੇ ਸਾਂਚੇ ਵਿੱਚ ਢਲ਼ ਕੇ ਸੁਹਜ/ਸੌਂਦਰਯ ਪੈਦਾ ਕਰਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਕਵਿਤਾ ਵਿੱਚ ਪੇਸ਼ ਕੀਤੀਆਂ ਭਾਸ਼ਾਈ ਧੁਨੀਆਂ ਦਾ ਨੇਮਬੱਧ ਸੰਗਠਨ ਹੀ 'ਛੰਦ' ਹੈ। ਜਾਂ "ਕਵਿਤਾ ਵਿੱਚ ਮਾਤਰਾਂ ਜਾਂ ਵਰਨਾਂ ਦੀ ਖ਼ਾਸ ਵਿਉਂਤ ਨਾਲ਼ ਜੋ ਸੁਰ-ਤਾਲ ਤੇ ਤੁਕਾਂਤ-ਮੇਲ਼ ਹੁੰਦਾ ਹੈ, ਉਹ ਛੰਦ ਹੈ।"

ਭਾਵੇਂ ਆਧੁਨਿਕ ਕਾਵਿ ਵਿੱਚ ਮੁਕਤ ਛੰਦ ਕਵਿਤਾ ਲਿਖਣ ਦਾ ਰੁਝਾਨ ਹੈ ਪਰ ਇਸ ਨਾਲ 'ਕਾਵਿ-ਭਾਸ਼ਾ' ਦੀ ਜ਼ੁੰਮੇਵਾਰੀ ਅਤੇ ਮਹੱਤਵ ਵਧਿਆ ਹੈ। ਨਿਰਸੰਦੇਹ ਸ਼੍ਰੇਸ਼ਠ ਕਵਿਤਾ 'ਛੰਦ-ਮੁਕਤ' ਵੀ ਹੋ ਸਕਦੀ ਹੈ ਅਤੇ 'ਛੰਦ-ਯੁਕਤ' ਵੀ। ਪਰੰਤੂ ਕਵਿਤਾ ਵਿੱਚ ਛੰਦ ਦਾ ਮਹੱਤਵ ਬਣਿਆ ਹੋਇਆ ਹੈ ਅਤੇ ਬਣਿਆ ਰਹੇਗਾ।

### ਪਰਿਭਾਸ਼ਿਕ ਸ਼ਬਦ

**ਵਰਨ :** 'ਛੰਦਾਬੰਦੀ' ਵਿੱਚ ਗੁਰਮੁਖੀ ਵਰਨਮਾਲ਼ਾ (ਪੈਂਤੀ) ਦੇ ਹਰ ਅੱਖਰ ਨੂੰ ਵਰਨ ਕਿਹਾ ਜਾਂਦਾ ਹੈ, ਜਿਵੇਂ:

ਕ,ਖ, ਗ, ਘ,ਚ, ਛ, ਬ, ਭ ਆਦਿ।

**ਲਗਾਂ :** ਲਗਾਂ ਸੁਰ-ਧੁਨੀਆਂ ਨੂੰ ਅੰਕਿਤ ਕਰਨ ਵਾਲ਼ੇ ਲਿਪੀ-ਚਿੰਨ੍ਹ ਹਨ। ਲਗਾਂ ਦਾ ਅੱਖਰਾਂ ਤੋਂ ਬਿਨਾਂ ਪ੍ਰਯੋਗ ਨਹੀਂ ਹੁੰਦਾ। ਗੁਰਮੁਖੀ ਵਰਨਮਾਲ਼ਾ ਦੇ ਅੱਖਰਾਂ ਨਾਲ਼ ਲੱਗਦੀਆਂ ਲਗਾਂ ਦਾ ਵੇਰਵਾ ਇਸ ਪ੍ਰਕਾਰ ਹੈ -

| | | | |
|---|---|---|---|
| ਮੁਕਤਾ | - | ਦੁਲਾਵਾਂ | ੈ |
| ਕੰਨਾ | ਾ | ਹੋੜਾ | ੋ |
| ਸਿਹਾਰੀ | ਿ | ਕਨੌੜਾ | ੌ |
| ਬਿਹਾਰੀ | ੀ | ਟਿੱਪੀ | ੰ |
| ਔਂਕੜ | ੁ | ਬਿੰਦੀ | ਂ |
| ਦੁਲੈਂਕੜ | ੂ | ਅਧਕ | ੱ |
| ਲਾਂ | ੇ | | |

*ਮੁਕਤਾ ਸੁਰ-ਧੁਨੀ ਨੂੰ ਕਹਿੰਦੇ ਹਨ ਪਰ ਇਸ ਦਾ ਕੋਈ ਚਿੰਨ੍ਹ ਨਹੀਂ ਹੈ। ਪੰਜਾਬੀ ਲਿਖਣ ਵੇਲ਼ੇ ਜਿਹੜੇ ਅੱਖਰਾਂ ਨੂੰ ਕੋਈ ਲਗ ਨਹੀਂ ਲੱਗਦੀ, ਉਹਨਾਂ ਨੂੰ ਮੁਕਤਾ ਵਾਲ਼ੇ ਅੱਖਰ ਮੰਨਿਆ ਜਾਂਦਾ ਹੈ। ਅਜਿਹੇ ਅੱਖਰਾਂ ਵਿੱਚ /ਅ/ ਦੀ ਅਵਾਜ਼ ਸ਼ਾਮਲ ਸਮਝੀ ਜਾਂਦੀ ਹੈ, ਜਿਵੇਂ; ਚਰਨ ਸ਼ਬਦ ਦੇ ਤਿੰਨੇ ਅੱਖਰ ਚ, ਰ, ਨ ਮੁਕਤਾ ਅੱਖਰ ਹਨ।

### ਮਾਤਰਾ :

ਕਿਸੇ ਵਰਨ (ਅੱਖਰ) ਦਾ ਉਚਾਰਨ ਕਰਨ ਸਮੇਂ ਜਿਹੜਾ ਸਮਾਂ ਲੱਗਦਾ ਹੈ, ਉਸ ਨੂੰ "ਮਾਤਰਾ" ਆਖਿਆ ਜਾਂਦਾ ਹੈ। ਛੰਦਾਬੰਦੀ ਵਿੱਚ ਅੱਖਰਾਂ ਦੀਆਂ ਮਾਤਰਾਵਾਂ ਦੀ ਗਿਣਤੀ ਕੀਤੀ ਜਾਂਦੀ ਹੈ। ਮਾਤਰਾ ਦੋ ਕਿਸਮ ਦੀ ਹੁੰਦੀ ਹੈ- ਲਘੂ ਅਤੇ ਗੁਰੂ। ਲਘੂ ਦਾ ਅਰਥ ਹੈ ਛੋਟੀ ਅਤੇ ਗੁਰੂ ਦਾ ਅਰਥ ਹੈ ਵੱਡੀ। ਗੁਰਮੁਖੀ ਦੇ ਮੁਕਤਾ ਅੱਖਰਾਂ ਅਤੇ ਲਗਾਂ ਵਾਲ਼ੇ ਅੱਖਰਾਂ ਦੀਆਂ ਮਾਤਰਾਵਾਂ ਗਿਣੀਆਂ ਜਾਂਦੀਆਂ ਹਨ। ਲਘੂ ਵਰਨ ਦੀ ਇੱਕ ਮਾਤਰਾ ਹੁੰਦੀ ਹੈ ਅਤੇ ਗੁਰੂ ਵਰਨ ਦੀਆਂ ਦੋ ਮਾਤਰਾਂ ਹੁੰਦੀਆਂ ਹਨ। ਛੰਦਾਬੰਦੀ ਵਿੱਚ ਲਘੂ ਅਤੇ ਗੁਰੂ ਵਰਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

### ਲਘੂ ਵਰਨ

(i) ਮੁਕਤਾ ਅੱਖਰ, ਜਿਵੇਂ ਕ,ਖ, ਗ, ਚ ਆਦਿ।

(ii) (ਿ) ਸਿਹਾਰੀ ਵਾਲ਼ੇ ਵਰਨ, ਜਿਵੇਂ ਕਿ, ਖਿ, ਗਿ, ਚਿ ਆਦਿ।

(iii) ( ੁ ) ਔਂਕੜ ਵਾਲ਼ੇ ਵਰਨ, ਜਿਵੇਂ ਕੁ, ਖੁ, ਗੁ, ਚੁ ਆਦਿ।

ਛੰਦ-ਵਿਧਾਨ ਵਿੱਚ ਲਘੂ ਵਰਨ ਨੂੰ ਚਿੰਨ੍ਹਿਤ ਕਰਨ ਲਈ 1 (ਅੱਖਰਾਂ ਦੇ ਸਿਰ ਉੱਤੇ ਖੜੀ ਲਕੀਰ) ਹੈ :

I I
ਕਰ = ਦੋ ਲਘੂ
I I I
ਸੁਹਜ = ਤਿੰਨ ਲਘੂ
I I
ਸਿਰ = ਦੋ ਲਘੂ
ਪ੍ਰਫੁਲਿਤ = ਪੰਜ ਲਘੂ

**ਗੁਰੂ ਵਰਨ :**

1. ਕੰਨੇ (ਾ) ਵਾਲ਼ੇ ਵਰਨ, ਜਿਵੇਂ: ਕਾ, ਖਾ, ਗਾ, ਚਾ ਆਦਿ।
2. ਬਿਹਾਰੀ (ੀ) ਵਾਲ਼ੇ ਵਰਨ, ਜਿਵੇਂ: ਕੀ, ਖੀ, ਗੀ, ਚੀ ਆਦਿ।
3. ਦੁਲੈਂਕੜ ( ੂ ) ਵਾਲ਼ੇ ਵਰਨ, ਜਿਵੇਂ: ਕੂ, ਖੂ, ਗੂ, ਚੂ ਆਦਿ।
4. ਲਾਂ ( ੇ ) ਵਾਲ਼ੇ ਵਰਨ, ਜਿਵੇਂ: ਕੇ, ਖੇ, ਗੇ, ਚੇ ਆਦਿ।
5. ਦੁਲਾਵਾਂ ( ੈ ) ਵਾਲ਼ੇ ਵਰਨ, ਜਿਵੇਂ: ਕੈ, ਖੈ, ਗੈ, ਚੈ ਆਦਿ।
6. ਹੋੜਾ ( ੋ ) ਵਾਲ਼ੇ ਵਰਨ, ਜਿਵੇਂ: ਕੋ, ਖੋ, ਗੋ, ਚੋ ਆਦਿ।
7. ਕਨੌੜਾ ( ੌ ) ਵਾਲ਼ੇ ਵਰਨ, ਜਿਵੇਂ: ਕੌ, ਖੌ, ਗੌ, ਚੌ ਆਦਿ।
8. ਟਿੱਪੀ ( ੰ ) ਵਾਲ਼ੇ ਵਰਨ, ਜਿਵੇਂ: ਕੰ, ਖੰ, ਗੰ, ਚੰ ਆਦਿ।
9. ਅਧਕ ( ੱ ) ਵਾਲ਼ੇ ਵਰਨ, ਜਿਵੇਂ: ਕੱ, ਖੱ, ਗੱ, ਚੱ ਆਦਿ।

ਛੰਦ-ਵਿਧਾਨ ਵਿੱਚ ਗੁਰੂ ਵਰਨ ਦੋ ਮਾਤਰਾ ਦੇ ਬਰਾਬਰ ਹੁੰਦਾ ਹੈ। ਇਸ ਨੂੰ ਚਿੰਨ੍ਹਿਤ ਕਰਨ ਲਈ 'S' (ਅੰਗਰੇਜ਼ੀ ਦੇ ਅੱਖਰ S ਵਰਗਾ) ਚਿੰਨ੍ਹ ਪ੍ਰਚਲਿਤ ਹੈ :

S S
ਕੌਮੀ = ਦੋ ਗੁਰੂ = 4 ਮਾਤਰਾ

S S
ਸਾਰਾ = ਦੋ ਗੁਰੂ = 4 ਮਾਤਰਾ

S S S
ਧੋਬੀਆਂ = ਤਿੰਨ ਗੁਰੂ = 6 ਮਾਤਰਾ

**ਨੋਟ** : ਬਿੰਦੀ ਆਮ ਤੌਰ 'ਤੇ ਗੁਰੂ ਵਰਨਾਂ ਨਾਲ਼ ਲੱਗਦੀ ਹੈ। ਇਸ ਦੀ ਮਾਤਰਾ ਨਹੀਂ ਗਿਣੀ ਜਾਂਦੀ। ਜੇਕਰ ਬਿੰਦੀ ਲਘੂ ਲਗਾਂ ਨਾਲ਼ ਲੱਗੇ ਤਾਂ ਮਾਤਰਾ ਗਿਣੀ ਜਾਂਦੀ ਹੈ।

**ਤੁਕ** : ਵਰਨ, ਮਾਤਰਾ ਅਤੇ ਲਘੂ-ਗੁਰੂ ਤੋਂ ਬਾਅਦ ਛੰਦ-ਸ਼ਾਸਤਰ ਦੀ ਇੱਕ ਮਹੱਤਵਪੂਰਨ ਇਕਾਈ 'ਤੁਕ' ਹੈ। ਛੰਦ ਦੀ ਇੱਕ ਪੂਰੀ ਸਤਰ ਜਾਂ ਪੰਕਤੀ ਨੂੰ 'ਤੁਕ' ਕਿਹਾ ਜਾਂਦਾ ਹੈ, ਜਿਵੇਂ –

ਦਿਲ ਵਿੱਚ ਤਪਸ਼ ਥਲਾਂ ਦੀ ਗਰਮੀ, ਆਣ ਫ਼ਿਰਾਕ ਰੰਞਾਣੀ।
ਕਿਚਰਕੁ ਨੈਣ ਕਰਨ ਦਿਲਬਰੀਆਂ, ਚੋਣ ਲਬਾਂ ਵਿੱਚ ਪਾਣੀ।
ਫਿਰ-ਫਿਰ ਡਾਢ ਕਰੇ ਹੱਠ ਦਿਲ ਦਾ, ਪਰ ਜਦ ਬਹੁਤ ਵਿਹਾਣੀ।
ਹਾਸ਼ਮ ਯਾਦ ਭੰਬੋਰ ਪਿਆ ਉਸ, ਟੁੱਟ ਗਿਆ ਮਾਣ ਨਿਮਾਣੀ।

ਉਪਰੋਕਤ ਛੰਦ ਵਿੱਚ ਚਾਰ ਤੁਕਾਂ ਹਨ।

**ਗਣ** : ਛੰਦ-ਸ਼ਾਸਤਰ ਵਿੱਚ ਅੱਖਰਾਂ ਜਾਂ ਮਾਤਰਾ ਦੇ ਸਮੂਹ ਨੂੰ 'ਗਣ' ਆਖਦੇ ਹਨ। ਅੱਖਰਾਂ ਜਾਂ ਮਾਤਰਾ ਦੇ ਉਹ ਇੱਕਠ ਜਿਨ੍ਹਾਂ ਅਨੁਸਾਰ ਛੰਦ ਦੀ ਚਾਲ ਬਣਦੀ ਹੈ, ਗਣ ਅਖਵਾਉਂਦੇ ਹਨ।

**ਚਰਨ** : ਚਰਨ ਦਾ ਅਰਥ ਤਾਂ ਪੈਰ ਹੈ ਪਰ ਛੰਦਾਬੰਦੀ ਵਿੱਚ ਕਵਿਤਾ ਦੀ ਤੁਕ 'ਤੇ ਜਿੱਥੇ ਠਹਿਰਾਅ ਆਉਂਦਾ ਹੈ, ਤੁਕ ਦੇ ਉਸ ਹਿੱਸੇ ਨੂੰ ਚਰਨ ਕਿਹਾ ਜਾਂਦਾ ਹੈ :

ਸਗਲ ਦੁਆਰ ਕਉ ਛਾਡਿ ਕੈ
ਗਹਿਓ ਤੁਹਾਰੋ ਦੁਆਰ।

ਇਸ ਇੱਕ ਤੁਕ ਵਿੱਚ "ਕੈ" 'ਤੇ ਠਹਿਰਾਅ ਹੈ ਅਤੇ ਦੂਜਾ ਠਹਿਰਾਅ ਦੁਆਰ 'ਤੇ ਹੈ। ਇਉਂ ਏਥੇ ਦੋ ਚਰਨ ਹਨ।

**ਤੁਕਾਂਤ** : ਤੁਕ+ਅੰਤ ਦੇ ਮੇਲ਼ ਤੋਂ ਬਣੇ ਸ਼ਬਦ ਤੁਕਾਂਤ ਦਾ ਅਰਥ ਤੁਕ ਦੇ ਆਖ਼ਰੀ ਸ਼ਬਦ ਤੋਂ ਹੈ। ਇਹ ਤੁਕਾਂਤ ਮੇਲ਼ ਵੀ ਹੋ ਸਕਦਾ ਹੈ ਅਤੇ ਬੇਮੇਲ਼ ਵੀ। ਤੁਕਾਂ ਨੂੰ ਸਪਸ਼ਟ ਕਰਨ ਲਈ ਉਪਰੋਕਤ ਤੁਕ ਦੀ ਉਦਾਹਰਨ ਵਿੱਚ ਤੁਕਾਂਤ ਮੇਲ਼ ਹੈ ਕਿਉਂਕਿ ਅੰਤ ਵਿੱਚ ਰੰਞਾਣੀ, ਪਾਣੀ, ਵਿਹਾਣੀ ਅਤੇ ਨਿਮਾਣੀ ਸ਼ਬਦ ਹਨ।

**ਬਿਸਰਾਮ** : ਛੰਦ ਦੀ ਤੁਕ ਦਾ ਉਚਾਰਨ ਕਰਨ ਸਮੇਂ ਜਿੱਥੇ ਵਿਰਾਮ ਜਾਂ ਠਹਿਰਾਅ ਹੋਵੇ, ਉਸ ਨੂੰ ਬਿਸਰਾਮ ਕਹਿੰਦੇ ਹਨ। ਤੁਕ ਦੇ ਵਿਚਲੇ ਬਿਸਰਾਮ ਨੂੰ ਵਿਸਰਾਮ-ਚਿੰਨ, ਕਾਮਾ (,) ਨਾਲ਼ ਅਤੇ ਅੰਤਲੇ ਨੂੰ ਪੂਰਨ-ਵਿਰਾਮ ਅਰਥਾਤ ਡੰਡੀ (।) ਰਾਹੀਂ ਨਿਖੇੜਿਆ ਜਾਂਦਾ ਹੈ।

**ਤੁਕਾਂਗ** : ਤੁਕਾਂਗ ਸ਼ਬਦ ਤੁਕ+ਅੰਗ ਦੇ ਸੁਮੇਲ ਤੋਂ ਬਣਿਆ ਹੈ। ਵਿਸਰਾਮ-ਚਿੰਨ੍ਹ ਲੱਗਣ ਨਾਲ਼ ਤੁਕ ਦੇ ਜੋ ਭਾਗ ਬਣਦੇ ਹਨ, ਉਹਨਾਂ ਨੂੰ ਤੁਕਾਂਗ ਕਿਹਾ ਜਾਂਦਾ ਹੈ।

ਛੰਦ ਦੀਆਂ ਕਿਸਮਾਂ

**ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ**

**1. ਵਰਨਿਕ ਛੰਦ** : ਵਰਨਿਕ ਛੰਦਾਂ ਵਿੱਚ ਕੇਵਲ ਵਰਨਾਂ ਜਾਂ ਅੱਖਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕਬਿੱਤ ਅਤੇ ਕੋਰੜਾ ਵਰਨਿਕ ਛੰਦ ਹਨ।

**2. ਮਾਤਰਿਕ ਛੰਦ** : ਮਾਤਰਿਕ ਛੰਦ ਵਿੱਚ ਮਾਤਰਾ ਦੀ ਹੀ ਗਿਣਤੀ ਕੀਤੀ ਜਾਂਦੀ ਹੈ। ਵਰਨ ਜਾਂ ਅੱਖਰਾਂ ਦੀ ਗਿਣਤੀ ਵੱਧ ਜਾਂ ਘੱਟ ਹੋ ਸਕਦੀ ਹੈ। ਦੋਹਰਾ, ਸੋਰਠਾ ਮਾਤਰਿਕ ਛੰਦ ਹਨ।

**3. ਗਣਿਕ ਛੰਦ** : ਗਣਿਕ ਛੰਦ ਵਿੱਚ ਗਣਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਹੁਣ ਅਸੀਂ ਕਬਿੱਤ, ਕੋਰੜਾ, ਦੋਹਰਾ, ਦਵਈਆ, ਚੌਪਈ ਅਤੇ ਬੈਂਤ ਛੰਦ ਬਾਰੇ ਉਦਾਹਰਨਾਂ ਸਹਿਤ ਚਰਚਾ ਕਰਾਂਗੇ।

## ਕਬਿੱਤ ਛੰਦ

**ਲੱਛਣ :**

ਕਬਿੱਤ ਇੱਕ ਵਰਨਿਕ ਛੰਦ ਹੈ। ਇਸ ਵਿੱਚ ਚਾਰ ਲੰਮੀਆਂ ਤੁਕਾਂ ਹੁੰਦੀਆਂ ਹਨ। ਹਰ ਤੁਕ ਵਿੱਚ ਚਾਰ ਬਿਸਰਾਮ ਹੁੰਦੇ ਹਨ ਜਾਂ ਇਸ ਤਰ੍ਹਾਂ ਕਹੋ ਕਿ ਇਸ ਵਿੱਚ ਹਰ ਤੁਕ ਦੇ ਦੋ-ਦੋ ਚਰਨ ਹੁੰਦੇ ਹਨ ਅਤੇ ਹਰ ਚਰਨ ਵਿੱਚ ਦੋ-ਦੋ ਬਿਸਰਾਮ ਹੁੰਦੇ ਹਨ। ਹਰ ਤੁਕ ਦੇ ਚਾਰ ਬਿਸਰਾਮਾਂ ਨੂੰ 'ਤੁਕਾਂਗ' ਕਹਿ ਸਕਦੇ ਹਾਂ।

ਹਰੇਕ ਤੁਕ ਦੇ ਚਾਰ ਤੁਕਾਂਗਾਂ ਵਿੱਚੋਂ ਪਹਿਲੇ ਤਿੰਨ ਤੁਕਾਂਗਾਂ ਵਿੱਚ ਅੱਠ-ਅੱਠ ਵਰਨਾਂ ਦਾ ਵਿਧਾਨ ਹੁੰਦਾ ਹੈ ਅਤੇ ਚੌਥੇ ਤੁਕਾਂਗ ਵਿੱਚ ਸੱਤ ਜਾਂ ਕਈ ਵਾਰ ਅੱਠ ਵਰਨ ਹੁੰਦੇ ਹਨ। ਅਰਥਾਤ ਹਰ ਤੁਕ ਵਿੱਚ 31 (8+8+8+7) ਜਾਂ 32 (8+8+8+8) ਵਰਨ ਹੁੰਦੇ ਹਨ। ਤੁਕਾਂਤ ਮੇਲ਼ ਚਹੁੰਆਂ ਤੁਕਾਂ ਦਾ ਸਮਾਨ ਰੂਪ ਵਿੱਚ ਹੁੰਦਾ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਕਬਿੱਤ ਛੰਦ ਬਹੁਤ ਪ੍ਰਚਲਿਤ ਰਿਹਾ ਹੈ।

**ਉਦਾਹਰਨ :**

(ੳ) ਚਲ ਮਨਾ ਤੁਰੀ ਚੱਲ, ਸੱਚੇ ਰਾਹੇ ਲੱਕ ਬੰਨ੍ਹ,
ਪੁੱਜ ਉਸ ਦਰ ਉੱਤੇ, ਜਿੱਥੇ ਅੰਤ ਜਾਣਾ ਹੈ। (8+8+8+7=31 ਵਰਨ)
ਰਿਖੀ, ਮੁਨੀ, ਜਤੀ, ਤਪੀ, ਸਾਧ, ਸੰਤ, ਜੋਗੀਆਂ ਦਾ,
ਆਸਰਾ ਹੈ ਉਹੋ ਸੱਚਾ, ਉਹੋ ਹੀ ਟਿਕਾਣਾ ਹੈ। (8+8+8+7=31 ਵਰਨ)
ਉਸ ਦੇ ਧਿਆਨ ਵਿੱਚ, ਰਾਤ - ਦਿਨ ਵੱਸ ਦਿੱਲੋਂ,
ਜੂਨਾਂ, ਜਮਾਂ, ਨਰਕਾਂ ਤੋਂ, ਉਸੇ ਹੀ ਬਚਾਣਾ ਹੈ। (8+8+8+7=31 ਵਰਨ)
ਵਲ਼, ਛਲ਼, ਦਗ਼ਾ, ਝੂਠ, ਚੋਰੀ, ਠੱਗੀ, ਪਾਪ ਛੱਡ,
ਹੋ ਜਾ ਸਿੱਧਾ 'ਤੀਰ' ਵਾਂਗ, ਰਾਹ ਜੇ ਤੂੰ ਪਾਣਾ ਹੈ। (8+8+8+7=31 ਵਰਨ)
(**ਤੀਰ**)

(ਅ) ਜੇ ਤੂੰ ਪੰਧ ਜ਼ਿੰਦਗੀ ਦਾ, ਸੌਖ ਨਾਲ਼ ਕੱਟਣਾ ਏਂ,
ਦੁਨੀਆਂ ਦੇ ਲੋਭ ਵਾਲ਼ੀ, ਮੋਢਿਓਂ ਉਤਾਰ ਗੰਢ। (8+8+8+8=32 ਵਰਨ)
ਪੱਲਾ ਫੜ ਘੁੱਟ ਕੇ ਤੂੰ, ਜੱਗ ਵਿੱਚ ਇੱਕ ਦਾ ਹੀ,
ਜਣੇ-ਖਣੇ ਨਾਲ਼ ਪਿਆ, ਐਵੇਂ ਨਾ ਪਿਆਰ ਗੰਢ। (8+8+8+8=32 ਵਰਨ)
ਭਲਾ ਰੱਬ-ਆਸਰੇ ਨੂੰ, ਜੱਗ ਦੀ ਮੁਥਾਜੀ ਕੀ ਏ,
ਸਿਰ ਉੱਤੇ ਚੁੱਕਦਾ ਨਾ, ਘੋੜ-ਅਸਵਾਰ ਗੰਢ। (8+8+8+8=32 ਵਰਨ)
ਘੁੱਟ-ਘੁੱਟ ਪੱਲੇ ਬੰਨ੍ਹ, ਕੰਮ ਸਾਰੇ ਨੇਕੀਆਂ ਦੇ,
ਸੂਮ ਜਿਵੇਂ ਰੱਖਦਾ ਹੈ, ਪੈਸਿਆਂ ਥੀਂ ਮਾਰ ਗੰਢ। (8+8+8+8=32 ਵਰਨ)
(**ਸਰਫ਼**)

(ੲ) ਕੱਕਰਾਂ ਨੇ ਲੁੱਟ-ਪੁੱਟ, ਨੰਗ ਕਰ ਛੱਡੇ ਰੁੱਖ,
ਹੋ ਗਏ ਨਿਹਾਲ ਅੱਜ, ਪੁੰਗਰ ਕੇ ਡਾਲ਼ੀਆਂ। (8+8+8+7=31 ਵਰਨ)
ਡਾਲ਼ੀਆਂ ਕਚਾਹ ਵਾਂਗ, ਕੂਲ਼ੀਆਂ ਨੂੰ ਜਿੰਦ ਪਈ,
ਆਲ੍ਹਣੇ ਦੇ ਬੋਟਾਂ ਵਾਂਗ, ਖੰਭੀਆਂ ਉਛਾਲ਼ੀਆਂ।
ਬਾਗ਼ਾਂ ਵਿੱਚ ਬੂਟਿਆਂ ਨੇ, ਡੋਡੀਆਂ ਉਭਾਰੀਆਂ ਤੇ,
ਮਿੱਠੀ-ਮਿੱਠੀ ਪੌਣ ਆ ਕੇ, ਸੁੱਤੀਆਂ ਉਠਾਲ਼ੀਆਂ।
ਖਿੜ-ਖਿੜ ਹੱਸਦੀਆਂ, ਵੱਸਦਾ ਜਹਾਨ ਵੇਖ,
ਗੁੱਟੇ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।
(**ਚਾਤ੍ਰਿਕ**)

### ਕੋਰੜਾ ਛੰਦ

**ਲੱਛਣ :** ਕੋਰੜਾ ਨਿਰੋਲ ਪੰਜਾਬੀ ਛੰਦ ਹੈ। ਕੋਰੜਾ ਦਾ ਅਰਥ ਚਾਬਕ ਹੈ। ਇਸ ਨੂੰ ਹਿੰਦੀ-ਉਰਦੂ ਵਿੱਚ 'ਕੋੜਾ' ਕਿਹਾ ਜਾਂਦਾ ਹੈ। ਕੋਰੜਾ ਵਰਨਿਕ ਛੰਦ ਹੈ। ਇਸ ਦੀ ਪਛਾਣ ਲਈ ਵਰਨ (ਅੱਖਰ) ਗਿਣੇ ਜਾਂਦੇ ਹਨ। ਕੋਰੜਾ ਛੰਦ ਵਿੱਚ ਤੁਕਾਂ ਦੀ ਕੋਈ ਪਾਬੰਦੀ ਨਹੀਂ, ਦੋ ਤੁਕਾਂ ਲੈ ਕੇ ਅੱਗੇ ਕਿੰਨੀਆਂ ਵੀ ਤੁਕਾਂ ਰੱਖੀਆਂ ਜਾ ਸਕਦੀਆਂ ਹਨ ਪਰ ਆਮ ਤੌਰ 'ਤੇ ਚਾਰ ਤੁਕਾਂ ਦਾ ਜੁੱਟ ਹੁੰਦਾ ਹੈ।

ਕੋਰੜੇ ਦੀ ਹਰ ਤੁਕ ਵਿੱਚ 13 ਜਾਂ 14 ਵਰਨ ਹੁੰਦੇ ਹਨ। ਬਿਸਰਾਮ 6+7 ਜਾਂ 7+7 'ਤੇ ਮੰਨਿਆ ਜਾਂਦਾ ਹੈ। ਪਰ ਜ਼ਿਆਦਾਤਰ ਬਿਸਰਾਮ ਤੁਕ ਦੇ ਅੰਤ' ਤੇ ਹੀ ਹੁੰਦਾ ਹੈ। ਤੁਕਾਂ ਦੇ ਅੰਤ ਵਿੱਚ ਤੁਕਾਂਤ ਮੇਲ਼ ਹੁੰਦਾ ਹੈ। ਕੋਰੜਾ ਮਲਵਈ ਬੋਲੀ (ਪੰਜਾਬੀ) ਦਾ ਹਰਮਨ-ਪਿਆਰਾ ਛੰਦ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਕੋਰੜਾ-ਛੰਦਾਂ ਦਾ ਬਹੁਤ ਪ੍ਰਯੋਗ ਹੋਇਆ ਹੈ।

**ਉਦਾਹਰਨ**

(ੳ) ਚੜ੍ਹਿਆ ਜੋ ਦੁੱਲਾ ਅੱਗੇ ਹੋਣੀ ਆਂਵਦੀ। (6+7=13 ਵਰਨ)
ਦੁੱਲਾ-ਦੁੱਲਾ ਨਾਮ ਲੈ ਕੇ ਸੀ ਬੁਲਾਵਦੀ । (6+7=13 ਵਰਨ)
ਕੰਡਿਆਂ ਦਾ ਵੇ ਮੈਂ ਰੱਖਿਆ ਭਰਾਇ ਕੇ। (6+7=13 ਵਰਨ)
ਦੁੱਲਿਆ ਵੇ ਟੋਕਰਾ ਚੁਕਾਈਂ ਆਇ ਕੇ। (6+7=13 ਵਰਨ)

(ਅ) ਭੁੱਲ ਕੇ ਵੀ ਤੁਰੋ ਨਾ ਬੰਦੇ ਖੋਟੇ ਨਾਲ਼ ਜੀ। (7+7=14 ਵਰਨ)
ਫੜੋ ਨਾ ਬੁਰਾਈ ਵਾਲ਼ੀ ਕੋਈ ਚਾਲ ਜੀ।
ਬੁਰਾ ਕਦੇ ਕਿਸੇ ਦਾ ਨਹੀਂ ਤੁਸਾਂ ਕਰਨਾ,
ਨੇਕੀ ਵਾਲ਼ੀ ਕਾਰ ਤੋਂ ਨਹੀਂ ਕਦੇ ਡਰਨਾ।

(ੲ) ਤੂੜੀ-ਤੰਦ ਸਾਂਭ ਹਾੜੀ ਵੇਚ ਵੱਟ ਕੇ। (6+7=13 ਵਰਨ)
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਕੱਛੇ ਮਾਰ ਵੰਝਲ਼ੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

(ਚਾਤ੍ਰਿਕ)

### ਦੋਹਰਾ ਛੰਦ :-

ਪੰਜਾਬੀ ਵਿੱਚ ਦੋਹਿਰਾ ਜਾਂ ਦੋਹਰਾ ਦੋਵੇਂ ਸ਼ਬਦ-ਜੋੜ ਪ੍ਰਚਲਿਤ ਹਨ। ਦੋਹਰਾ ਮਾਤਰਿਕ ਛੰਦ ਹੈ ਕਿਉਂਕਿ ਇਸ ਦੇ ਵਜ਼ਨ-ਤੋਲ ਨੂੰ ਮਾਪਣ ਲਈ ਮਾਤਰਾ ਦੀ ਗਿਣਤੀ ਕਰਨੀ ਪੈਂਦੀ ਹੈ।

ਦੋਹਰੇ ਵਿੱਚ ਦੋ ਤੁਕਾਂ ਹੁੰਦੀਆਂ ਹਨ ਅਤੇ ਚਾਰ ਚਰਨ ਹੁੰਦੇ ਹਨ। ਹਰ ਤੁਕ ਵਿੱਚ 24 ਮਾਤਰਾਂ ਹੁੰਦੀਆਂ ਹਨ ਅਤੇ ਹਰ ਤੁਕ ਵਿੱਚ ਦੋ ਬਿਸਰਾਮ ਹੁੰਦੇ ਹਨ, ਪਹਿਲਾ ਬਿਸਰਾਮ 13 ਮਾਤਰਾਂ 'ਤੇ, ਦੂਜਾ ਬਿਸਰਾਮ 11 ਮਾਤਰਾ 'ਤੇ ਹੁੰਦਾ ਹੈ। ਦੂਜੀ ਤੁਕ ਵਿੱਚ ਵੀ 13+11 'ਤੇ ਬਿਸਰਾਮ ਹੁੰਦਾ ਹੈ। ਤੁਕਾਂ ਦੇ ਅੰਤ 'ਤੇ ਜਾਂ ਦੂਜੇ ਤੇ ਚੌਥੇ ਚਰਨ ਦੇ ਅਖੀਰ 'ਤੇ ਤੁਕਾਂਤ ਮੇਲ਼ ਹੁੰਦਾ ਹੈ। ਦੋਹਰਾ ਮਾਲਵੇ ਦੀ ਕਵੀਸ਼ਰੀ ਵਿੱਚ ਪ੍ਰਚਲਿਤ ਰਿਹਾ ਹੈ।

**ਉਦਾਹਰਨਾਂ**

(ੳ) S I I S I I S I S

ਪੂਰਨ ਤੂੰ ਪਰਮਾਤਮਾ,

I I I I IS I S I

ਘਟ ਘਟ ਰਿਹਾ ਸਮਾਇ। (13+11 ਮਾਤਰਾਂ = 24 ਮਾਤਰਾਂ)

I I I I S S S I S

ਜਿਉਂ ਮਹਿੰਦੀ ਕੇ ਪਾਤ ਮੈਂ।

S S I S I S I

ਲਾਲੀ ਲਖੀ ਨ ਜਾਇ। (13+11 ਮਾਤਰਾਂ = 24 ਮਾਤਰਾ)

(ਅ) SSSS S I S S I I I S I S I

ਪੋਠੋਹਾਰੀ ਮਾਲਵੀ, ਜਾਪਣ ਕਈ ਜੁਆਨ (13 +11 = 24 ਮਾਤਰਾਂ)

I I I I S I S I I S S I I I S I S I

ਲੱਗਣ ਕਈ ਪਚਾਹਦੜੇ, ਜਾਪਣ ਕਈ ਪਠਾਣ। (13+11= 24 ਮਾਤਰਾਂ)

(ਲਕਸ਼ਮੀ ਦੇਵੀ ਵਿੱਚੋਂ)

## ਚੌਪਈ

ਚੌਪਈ ਜਾਂ ਚੌਪਾਈ ਸੰਸਕ੍ਰਿਤ ਸ਼ਬਦ 'ਚਤੁਸ਼ਟਪਦੀ' ਤੋਂ ਹੈ। ਚੌਪਈ ਇੱਕ ਮਾਤਰਿਕ ਛੰਦ ਹੈ। ਚੌਪਈ ਦਾ ਅਰਥ ਹੈ— ਚਾਰ ਪਟ ਜਾਂ ਚਹੁੰ ਚਰਨਾਂ ਵਾਲ਼ਾ ਛੰਦ। ਇਸ ਛੰਦ ਵਿੱਚ ਚਾਰ ਚਰਨ ਹੁੰਦੇ ਹਨ ਅਤੇ ਹਰ ਚਰਨ ਵਿੱਚ 15 ਜਾਂ 16 ਮਾਤਰਾਂ ਹੁੰਦੀਆਂ ਹਨ। ਅੰਤ ਵਿੱਚ ਤੁਕਾਂਤ ਮੇਲ਼ ਹੁੰਦਾ ਹੈ। ਪਹਿਲਾ ਬਿਸਰਾਮ 8 'ਤੇ, ਦੂਜਾ ਬਿਸਰਾਮ 7 ਜਾਂ 8 'ਤੇ ਹੁੰਦਾ ਹੈ। 15 ਮਾਤਰਾਂ (8+7) ਵਾਲ਼ੇ ਚੌਪਈ ਛੰਦ ਵਿੱਚ ਅੰਤ ਵਿੱਚ ਲਘੂ ਅਤੇ 16 ਮਾਤਰਾ (8+8) ਵਾਲ਼ੇ ਵਿੱਚ ਅੰਤ ਵਿੱਚ ਗੁਰੂ ਹੁੰਦਾ ਹੈ।

ਇਹ ਛੰਦ ਕਥਾ-ਕਾਵਿ 'ਤੇ ਬੀਰ-ਕਾਵਿ ਜਿਹੀਆਂ ਲੰਮੀਆਂ ਰਚਨਾਵਾਂ ਲਈ ਬਹੁਤ ਹਰਮਨ-ਪਿਆਰਾ ਹੈ ਕਿਉਂਕਿ ਘਟਨਾਵਾਂ, ਦ੍ਰਿਸ਼ਾਂ ਤੇ ਕਥਾ-ਪ੍ਰਸੰਗਾਂ ਦੇ ਬਿਆਨ ਕਰਨ ਲਈ ਚੌਪਈ ਦੀ ਸ਼ੈਲੀ ਉੱਤਮ ਮੰਨੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਰਚਿਤ 'ਅਕਾਲ-ਉਸਤਤਿ', 'ਬਚਿਤ੍ਰ ਨਾਟਕ' ਆਦਿ ਬਾਣੀਆਂ ਵਿੱਚ ਚੌਪਈ ਛੰਦ ਦੀ ਵਰਤੋਂ ਹੋਈ ਹੈ। ਤੁਲਸੀਦਾਸ ਰਚਿਤ ਰਮਾਇਣ 'ਰਾਮਚਰਿਤ ਮਾਨਸ' ਵਿੱਚ ਵੀ ਚੌਪਈ ਦਾ ਸਫਲ ਪ੍ਰਯੋਗ ਹੋਇਆ ਹੈ।

ਉਦਾਹਰਨ :

I I S SS S I I S S

(ੳ) ਜਦ ਤੋਂ ਵੀਰਾ, ਦੂਰ ਗਿਆ ਏਂ। (8+8= 16 ਮਾਤਰਾਂ)

I I SS I I S I I S S

ਦਿਲ ਮੇਰਾ ਕਰ, ਚੂਰ ਗਿਆ ਏਂ। (8+8= 16 ਮਾਤਰਾਂ)

S S S I I S I I S S

ਹੇ ਵੀਰਾ ਹੁਣ, ਮੁੱਖ ਵਿਖਾ ਜਾ। (8+8= 16 ਮਾਤਰਾਂ)

I I S S I I S S S S

ਹਿਰਦੇ ਅੰਦਰ, ਠੰਢਾਂ ਪਾ ਜਾ। (8+8= 16 ਮਾਤਰਾਂ)

(ਅ) S S SS ।S ।S ।

ਵੀਰਾ ਮੇਰਾ ਬੜਾ ਦਲੇਰ। (8+7= 15 ਮਾਤਰਾਂ)

S। ।S S । । S S।

ਮਾਰ ਪਲਾਕੀ ਚੜਦਾ ਸ਼ੇਰ। (8+7= 15 ਮਾਤਰਾਂ)

।।S S।। SS S।

ਦਬਕਾ ਜੇਕਰ ਦੇਵੇ ਮਾਰ। (8+7= 15 ਮਾਤਰਾਂ)

S।। SS S।। S।

ਨੱਸਣ ਵੈਰੀ ਸਾਗਰ ਪਾਰ। (8+7= 15 ਮਾਤਰਾਂ)

(ੲ) ।। S ।।S ।S ।S S

ਅਬ ਮੈਂ ਅਪਨੀ ਕਥਾ ਬਖਾਨੋ। (8+8= 16 ਮਾਤਰਾਂ)

।। S।। ।। ।। ।। SS

ਤਪ ਸਾਧਤ ਜਿਹਿ ਬਿਧਿ ਮੁਹਿ ਆਨੋ। (8+8= 16 ਮਾਤਰਾਂ)

**(ਬਚਿਤ੍ਰ ਨਾਟਕ)**

(ਸ) S। ।।S। S। ।।S।

ਪੰਚ ਪਰਵਾਣ ਪੰਚ ਪਰਧਾਨ (8+8= 16 ਮਾਤਰਾ)

SS S।। ।।।। S।

ਪੰਚੇ ਪਾਵਹਿ ਦਰਗਹਿ ਮਾਨੁ (8+7= 15 ਮਾਤਰਾ)

SS S।। ।। SS।

ਪੰਚੇ ਸੋਹਹਿ ਦਰਿ ਰਾਜਾਨ (8+7= 15 ਮਾਤਰਾ)

SS S ।। S। । S ।

ਪੰਚਾ ਕਾ ਗੁਰ ਏਕ ਧਿਆਨ। (8+7= 15 ਮਾਤਰਾ)

ਜਾਂ

।।S S।। ।।S S।

ਸੁਣਿਐ ਈਸਰੁ, ਬਰਮਾ ਇੰਦੁ (8+7= 15 ਮਾਤਰਾ)

।।S ।। SS।। S।

ਸੁਣਿਐ ਮੁਖਿ ਸਾਲਾਹਣ ਮੰਦੁ (8+7= 15 ਮਾਤਰਾ)

।।S S। ।।। ।। S।

ਸੁਣਿਐ ਜੋਗ ਜੁਗਤਿ ਤਨ ਭੇਦ (8+7= 15 ਮਾਤਰਾ)

।।S S।। ।S। S।

ਸੁਣਿਐ ਸਾਸਤ ਸਿੰਮ੍ਰਿਤ ਵੇਦ। (8+7= 15 ਮਾਤਰਾ)

## ਦਵਈਆ ਛੰਦ

**ਲੱਛਣ :** ਦਵਈਆ ਛੰਦ ਨੂੰ ਦਵੈਯਾ ਜਾਂ ਦਵੱਯਾ ਵੀ ਲਿਖਿਆ ਜਾਂਦਾ ਹੈ ਪਰ ਅਧਕ ਪਾ ਕੇ ਦਵੱਈਆ ਲਿਖਣਾ ਠੀਕ ਨਹੀਂ ਕਿਉਂਕਿ ਅੱਧਕ ਦੋ ਦ੍ਰੁੱਤ ਵਿਅੰਜਨਾਂ 'ਤੇ ਪੈਂਦੀ ਹੈ।

ਦਵਈਆ ਪੰਜਾਬੀ ਕਿੱਸਾਕਾਰਾਂ ਦਾ ਹਰਮਨ-ਪਿਆਰਾ ਛੰਦ ਹੈ। ਇਹ ਇੱਕ-ਮਾਤਰਿਕ ਛੰਦ ਹੈ। ਇਸ ਦੀਆਂ 28 ਮਾਤਰਾਂ ਹੁੰਦੀਆਂ ਹਨ, 16+12 'ਤੇ ਬਿਸਰਾਮ ਹੁੰਦਾ ਹੈ ਅਤੇ ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ।

**ਉਦਾਹਰਨ**

(ੳ) S S S I I S I I S S I S I S I I S S
ਰਾਤੀਂ ਨੀਂਦ ਅਰਾਮ ਨ ਆਵੇ, ਦਿਨੇ ਰਹੇ ਨਿੱਤ ਰਾਹੀ।
(16+12= 28 ਮਾਤਰਾਂ)

S I I S I I S I I I I I I I S I I I S S S
ਹਾਸ਼ਮ ਜਾਨ ਛੁਡਾਵਨ, ਮੁਸ਼ਕਲ ਬੁਰੀ ਇਸ਼ਕ ਦੀ ਫਾਹੀ
(16+12= 28 ਮਾਤਰਾਂ)

SS SS S II SS SS S I I I I S
ਆਹੀਂ ਮਾਰੇ ਤੇ ਗ਼ਮ ਖਾਵੇ, ਪੀਵੇ ਖ਼ੂਨ ਜਿਗਰ ਦਾ।
(16+12= 28 ਮਾਤਰਾਂ)

SS S I I S I I S I I I I S III II I S
ਰੋਵੇ ਪੀੜ ਕਰੇ ਦਿਲ ਘਾਇਲ, ਜ਼ਖ਼ਮੀ ਵਸਲ ਹਿਜਰ ਦਾ।
(16+12= 28 ਮਾਤਰਾਂ)
(ਸੋਹਣੀ ਮਹੀਵਾਲ)

(ਅ) II II S I I S S II S S I I S I I S S
ਥਲ ਵਿੱਚ ਗੋਰ ਸੱਸੀ ਦੀ ਕਰਕੇ, ਵਾਂਗ ਯਤੀਮ ਨਿਮਾਣੇ।
(16+12= 28 ਮਾਤਰਾਂ)

II IIS II S I IIIS S S S I I S S
ਗਲ਼ ਖਫਨੀ ਸਿਰ ਪਾਇ ਬਰਹਿਨਾ, ਬੈਠਾ ਗੋਰ ਸਿਰਾਣੇ।
(16+12= 28 ਮਾਤਰਾਂ)

II II S I IS II SS S I IS I I SS
ਇੱਕ ਗੱਲ ਜਾਣ ਲਈ ਜਗ ਫ਼ਾਨੀ, ਹੋਰ ਕਲਾਮ ਨ ਜਾਣੇ।
(16+12= 28 ਮਾਤਰਾਂ)

S II S I ISS SS II II S I ISS
ਹਾਸ਼ਮ ਖ਼ਾਸ ਫ਼ਕੀਰੀ ਏਹੋ, ਪਰ ਇਹ ਕੌਣ ਪਛਾਣੇ।
(16+12= 28 ਮਾਤਰਾਂ)
(ਸੱਸੀ-ਹਾਸ਼ਮ)

## ਬੈਂਤ ਛੰਦ

### ਲੱਛਣ

ਬੈਂਤ ਅਤੇ ਬੈਤ ਇਹ ਦੋਵੇਂ ਰੂਪ ਪ੍ਰਚਲਿਤ ਹਨ। ਬੈਂਤ ਅਰਬੀ ਭਾਸ਼ਾ ਤੋਂ ਆਇਆ ਹੈ। ਦੋ ਤੁਕਾਂ ਦਾ ਮਾਤਰਿਕ ਛੰਦ ਹੋਣ ਕਾਰਨ ਇਹ ਲੰਮੀ ਰਚਨਾ ਲਈ ਬੜਾ ਉਚਿਤ ਮੰਨਿਆ ਜਾਂਦਾ ਰਿਹਾ ਹੈ ਪਰ ਹੁਣ ਲੰਮੇ-ਲੰਮੇ ਬੈਂਤ ਪੰਜਾਬੀ ਵਿੱਚ ਲਿਖੇ ਮਿਲ਼ਦੇ ਹਨ। ਬੈਂਤ ਦੀਆਂ ਕਈ ਕਿਸਮਾਂ ਹਨ 4 ਤੁਕਾਂ ਤੋਂ ਲੈ ਕੇ 20-22 ਤੁਕਾਂ ਤੱਕ ਬੈਂਤ ਦੀ ਲੰਬਾਈ ਵੇਖੀ ਜਾਂਦੀ ਹੈ। ਹਰ ਤੁਕ ਵਿੱਚ 40 ਮਾਤਰਾਂ ਹੁੰਦੀਆਂ ਹਨ ਅਤੇ ਬਿਸਰਾਮ 20+20 'ਤੇ ਹੁੰਦਾ ਹੈ ਪਰ ਕਈ ਵਾਰ 19 ਜਾਂ 21 ਮਾਤਰਾਂ 'ਤੇ ਵੀ ਬਿਸਰਾਮ ਹੋ ਜਾਂਦਾ ਹੈ। ਆਮ ਤੌਰ 'ਤੇ ਬੈਂਤ ਵਿੱਚ ਚਾਰ ਤੁਕਾਂ ਦਾ ਹੀ ਵਿਧਾਨ ਹੈ, ਹਰ ਤੁਕ ਦੇ ਅੰਤ ਵਿੱਚ ਤੁਕਾਂਤ ਮੇਲ਼ ਹੁੰਦਾ ਹੈ। ਅਹਿਮਦ, ਮੁਕਬਲ ਤੇ ਵਾਰਿਸ ਦਾ ਇਸ ਛੰਦ-ਰਚਨਾ ਵਿੱਚ ਵਿਸ਼ੇਸ਼ ਸਥਾਨ ਹੈ।

**ਉਦਾਹਰਨ :**

(ੳ) S I S I S S I S S I S S
ਰੱਬ ਰੱਬ ਤਾਂ ਆਖਦਾ ਜੱਗ ਸਾਰਾ,
I S S I S S I S S I S S
ਕਿਨੇ ਰੱਬ ਦੀ ਮੂਲ ਨਾ ਸਾਰ ਲੀਤੀ। (20+20= 40 ਮਾਤਰਾਂ)
I S S I S S I S S I S S
ਕਿਤੇ ਭਾਲਦੇ ਜਾਇਕੇ ਜੰਗਲਾਂ ਮੇਂ
I S I I I S S I S S I S S
ਕਿਨੇ ਨਗਨ ਹੀ ਧਾਰਨਾ ਧਾਰ ਲੀਤੀ। (20+20= 40 ਮਾਤਰਾਂ)
(ਪਿੰਗਲ ਤੇ ਅਰੂਜ਼, ਜੋਗਿੰਦਰ ਸਿੰਘ ਦੁਆਰਾ ਉਚਰਿਤ)

(ਅ) I S I S S I I S I S I S S
ਰਲ਼ੇ ਦਿਲਾਂ ਨੂੰ ਜਿਹੜੇ ਵਿਛੋੜਦੇ ਨੀ,
I S I S S I S I I S I S S
ਬੁਰੀ ਬਣੇਗੀ ਤਿੰਨਾਂ ਹਤਿਆਰਿਆਂ ਨੂੰ (20+20= 40 ਮਾਤਰਾਂ)
I I I I I S I I I I I I I S I I I S
ਨਿੱਤ ਹਿਰਸ ਦੇ ਫ਼ਿਕਰ ਵਿੱਚ ਗ਼ਲਤਾਨ ਰਹਿੰਦੇ,
S I S I S S I S S I S S
ਏਹ ਸ਼ਾਮਤਾਂ ਰੱਬ ਦੇ ਮਾਰਿਆਂ ਨੂੰ। (21+20= 41 ਮਾਤਰਾਂ)

(ਵਾਰਿਸ ਸ਼ਾਹ)

(ੲ) SS S। S।S ।S। S S

ਰਾਂਝਾ ਆਖਦਾ ਛੜਾ-ਛੜਾਕ ਹਾਂ ਮੈਂ,

।S S।S S। S S। SS

ਨਹੀਂ ਜੀਉਂਦਾ ਮਾਉਂ ਤੇ ਬਾਪ ਮੇਰਾ। (20+20= 40 ਮਾਤਰਾਂ)

।S S।S S। S S। SS

ਤੁਸਾਂ ਤੁੱਠਿਆਂ ਹੋਇ ਜੀ ਕੰਮ ਮੇਰਾ

।S S।S S।S S। SS

ਤੁਸਾਂ ਤੁੱਠਿਆਂ ਉੱਤਰੇ ਪਾਪ ਮੇਰਾ। (20+20= 40 ਮਾਤਰਾਂ)

(ਮੁਕਬਲ)

## ਔਖੇ ਸ਼ਬਦਾਂ ਦੇ ਅਰਥ -

**ਲਘੁ**- ਛੋਟੀ। **ਗੁਰੂ**- ਵੱਡੀ। **ਫ਼ਿਰਾਕ**- ਵਿਛੋੜਾ, ਵਿਯੋਗ, ਜੁਦਾਈ। **ਕਿਚਰਕ**- ਕਦੋਂ ਤੱਕ, ਕਿੰਨੇ ਵਕਤ ਤੱਕ। **ਸਪਤ ਸ੍ਰਿੰਗ**- ਹਿਮਾਲਯ ਦੀ ਧਾਰਾ ਵਿੱਚ ਬਦਰੀ ਨਾਰਾਇਣ ਦੇ ਕੋਲ਼, ਹੇਮਕੁੰਟ ਦੇ ਨੇੜੇ ਇੱਕ ਸੱਤ ਚੋਟੀਆਂ ਵਾਲ਼ਾ ਪਹਾੜ। **ਘਾਇਲ** - ਜ਼ਖ਼ਮੀ, ਫੱਟੜ। **ਖ਼ਫਨੀ** - ਖ਼ੱਫ਼ਣ ਨਾਲ਼ ਸੰਬੰਧਿਤ। **ਗ਼ਲਤਾਨ**- ਫਸਿਆ ਹੋਇਆ, ਰੁੱਝਿਆ ਹੋਇਆ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ________ਬਾਝ ਕਵੀਸ਼ਰੀ ਗੀਤਾ ਬਾਝ ਗਿਆਨ।
2. ਕਵਿਤਾ ਵਿੱਚ ਭਾਸ਼ਾਈ ਧੁਨੀਆਂ ਦਾ ਨੇਮਬੱਧ ਸੰਗਠਨ________ ਅਖਵਾਉਂਦਾ ਹੈ।
3. ਤੁਕ ਦੇ ਅੰਗ ਨੂੰ ________ਕਿਹਾ ਜਾਂਦਾ ਹੈ।
4. ਕੋਰੜਾ ਇੱਕ________ ਛੰਦ ਹੈ।
5. ਚੌਪਈ ਦਾ ਅਰਥ ਹੈ ________ਚਰਨਾਂ ਵਾਲ਼ਾ ਛੰਦ।

**(ਅ) ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-**

1. ਪਿੰਗਲ ਰਿਸ਼ੀ ਦੇ ਗ੍ਰੰਥ ਦਾ ਨਾਂ ਦੱਸੋ।
2. ਮਾਤਰਾਂ ਕਿੰਨੇ ਕਿਸਮ ਦੀਆਂ ਹੁੰਦੀਆਂ ਹਨ ? ਉਹਨਾਂ ਦੇ ਨਾਂ ਵੀ ਲਿਖੋ।
3. ਲਘੂ ਵਰਨ ਕਿੰਨੀਆਂ ਮਾਤਰਾਵਾਂ ਦੇ ਬਰਾਬਰ ਮੰਨਿਆ ਜਾਂਦਾ ਹੈ ?
4. ਦੋਹਰਾ ਛੰਦ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?
5. ਤੁਹਾਡੇ ਪਾਠ-ਕ੍ਰਮ ਵਿੱਚ 28 ਮਾਤਰਾਵਾਂ (16+12) ਵਾਲ਼ਾ ਕਿਹੜਾ ਛੰਦ ਦਰਜ ਹੈ ?

**(ੲ) ਵਿਸਤਾਰ ਸਹਿਤ ਉੱਤਰ ਦਿਓ-**

1. ਛੰਦ ਤੋਂ ਕੀ ਭਾਵ ਹੈ ? ਇਸ ਦੇ ਸਰੂਪ ਤੇ ਲੱਛਣਾਂ ਬਾਰੇ ਚਰਚਾ ਕਰੋ।

2. ਦੋਹਰਾ ਕੀ ਹੁੰਦਾ ਹੈ? ਇਸ ਦੇ ਲੱਛਣ ਲਿਖ ਕੇ ਦੋਹਰਾ ਛੰਦ ਦੀ ਉਦਾਹਰਨ ਪੇਸ਼ ਕਰੋ।
3. ਚੌਪਈ ਛੰਦ ਦੀ ਪਰਿਭਾਸ਼ਾ ਤੇ ਲੱਛਣ ਦੇ ਕੇ ਪੰਜਾਬੀ ਕਵਿਤਾ ਵਿੱਚੋਂ ਉਦਾਹਰਨ ਲਿਖੋ।
4. ਹੇਠ ਲਿਖੇ ਛੰਦਾਂ ਦੇ ਲੱਛਣ ਤੇ ਉਦਾਹਰਨ ਲਿਖੋ:
   ਬੈਂਤ, ਕਬਿੱਤ, ਕੋਰੜਾ, ਦਵਈਆ।
5. ਹੇਠ ਲਿਖੇ ਉਦਾਹਰਨਾਂ ਵਿੱਚ ਬੈਂਤ, ਕਬਿੱਤ, ਕੋਰੜਾ ਤੇ ਦਵਈਆ ਛੰਦ ਹੈ। ਇਹਨਾਂ ਉਦਾਹਰਨਾਂ ਦੇ ਛੰਦਾਂ ਦੀ ਪਛਾਣ ਕਰੋ ਤੇ ਉਹਨਾਂ ਦੇ ਲੱਛਣ ਵੀ ਲਿਖੋ:-

(ੳ) " ਖ਼ਾਤਰ ਇਸ਼ਕ ਗਏ ਰਲ਼ ਮਿੱਟੀ, ਸੂਰਤ, ਹੁਸਨ, ਜਵਾਨੀ
ਹਾਸ਼ਮ ਇਸ਼ਕ ਕਮਾਲ ਸੱਸੀ ਦਾ, ਜੱਗ ਵਿੱਚ ਰਹੂ ਕਹਾਣੀ।"

(ਅ) " ਹਾਣੀਆਂ ਦੀ ਢਾਣੀ ਵਿੱਚ ਲਾੜਾ ਸੱਜਦਾ।
ਬੱਘ, ਬੱਘ ਬੋਲੇ ਬੱਗਾ ਸ਼ੇਰ ਗੱਜਦਾ।
ਹੀਰੇ ਨੂੰ ਅਰਕ ਨਾਲ਼ ਹੁੱਝਾਂ ਮਾਰਦਾ।
ਸੈਨਤਾਂ ਦੇ ਨਾਲ਼ ਰਾਮੇ ਨੂੰ ਵੰਗਾਰਦਾ।"

(ੲ) ਨਾਥਾ ਜਿਊਂਦਿਆਂ ਮਰਨ ਹੈ ਖਰਾ ਔਖਾ
ਸਾਥੋਂ ਇਹ ਨਾ ਵਾਇਦੇ ਹੋਵਣੇ ਨੀ।
ਅਸੀਂ ਜੱਟ ਹਾਂ ਨਾੜੀਆਂ ਕਰਨ ਵਾਲ਼ੇ।
ਅਸਾਂ ਕਚਕੜੇ ਨਹੀਂ ਪਰੋਵਣੇ ਨੀ।
ਅਸੀਂ ਕੰਨ ਪੜਾਇ ਖੁਆਰ ਹੋਏ।
ਸਾਥੋਂ ਨਹੀਂ ਹੋਂਦੇ ਐਡੇ ਰੋਵਣੇ ਨੀ।
ਸਾਥੋਂ ਖੱਪਰੀ ਨਾਦ ਨਾ ਜਾਣ ਸਾਂਭੇ।
ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੀ।

(ਸ) ਭਾਈਆਂ ਬਗ਼ੈਰ ਕੋਈ ਪੈਰ ਨਾ ਧਰਨ ਦੇਵੇ,
ਭਾਈ ਉਠ ਜਾਣ ਭੱਜ ਪੈਂਦੀਆਂ ਜੇ ਬਾਹਾਂ ਉਇ।
ਭਾਈਆਂ ਬਗ਼ੈਰ ਲੋਕ ਸੱਥ ਵਿੱਚ ਦੇਣ ਗਾਲ਼ੀਂ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਪਨਾਹਾਂ ਉਇ।
ਭਾਈ ਉਠ ਜਾਣ ਤਾਂ ਜਹਾਨ ਵਿੱਚ ਸੁੰਞ ਹੋਵੇ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਸਲਾਹਾਂ ਉਇ।
ਬਾਂਹ ਫੜ ਰਾਂਝੇ ਨੂੰ ਪੁਕਾਰਨ ਪ੍ਰੇਮ ਨਾਲ਼,
ਚਲ ਭਗਵਾਨ ਸਿੰਘ ਉਠ ਕੇ ਪਿਛਾਂਹਾਂ ਉਇ।

### ਅਧਿਆਇ-ਤੀਜਾ

# ਅਲੰਕਾਰ

## ਲੱਛਣ ਤੇ ਸਰੂਪ

ਅਲੰਕਾਰ ਕਵਿਤਾ ਦੇ ਗਹਿਣੇ ਹਨ। ਜਿਵੇਂ ਆਦਮੀ ਆਪਣੇ ਸਰੀਰ ਨੂੰ ਸੋਹਣਾ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਨਦਾ ਹੈ ਅਤੇ ਆਪਣੇ-ਆਪ ਨੂੰ ਸਜਾਉਂਦਾ ਹੈ, ਉਸੇ ਤਰ੍ਹਾਂ ਕਵੀ ਵੀ ਆਪਣੀਆਂ ਕਵਿਤਾਵਾਂ ਨੂੰ ਵਧੇਰੇ ਸੁਹਜਮਈ ਤੇ ਪ੍ਰਭਾਵਜਨਿਕ ਬਣਾਉਣ ਲਈ ਕਈ ਤਰ੍ਹਾਂ ਦੀਆਂ ਸਜਾਵਟੀ ਜੁਗਤਾਂ ਵਰਤਦਾ ਹੈ। ਕਵੀ ਤੇ ਸਾਹਿਤਕਾਰ ਦੀਆਂ ਇਹਨਾਂ ਸੁਹਜਾਤਮਿਕ ਜੁਗਤਾਂ ਨੂੰ ਹੀ ਆਮ ਤੌਰ 'ਤੇ ਅਲੰਕਾਰ ਕਿਹਾ ਜਾਂਦਾ ਹੈ।

ਅਲੰਕਾਰ ਦਾ ਅੱਖਰੀ ਅਰਥ ਹੀ ਗਹਿਣੇ, ਜ਼ੇਵਰ, ਭੂਸ਼ਣ, ਟੂੰਬਾਂ, ਸਜਾਵਟ, ਸੁਹਜ-ਸ਼ਿੰਗਾਰ ਆਦਿ ਹਨ। ਅਲੰਕਾਰ, ਇਹ ਨਾਂ ਹੀ ਇਸ ਕਰਕੇ ਪਿਆ ਹੈ ਕਿ ਇਸ ਦਾ ਕੰਮ ਤੇ ਇਸ ਦਾ ਮਨੋਰਥ ਹੀ ਸਾਜ-ਸਜਾਵਟ ਹੈ ਪਰ ਇਹ ਚੇਤੇ ਰੱਖਣ ਵਾਲ਼ੀ ਗੱਲ ਹੈ ਕਿ ਅਲੰਕਾਰਾਂ ਦੀ ਸਾਜ-ਸਜਾਵਟ ਕਵਿਤਾ ਉੱਤੇ ਭਾਰੂ ਨਹੀਂ ਹੋਣੀ ਚਾਹੀਦੀ ਸਗੋਂ ਕਵਿਤਾ ਦੇ ਭਾਵ ਤੇ ਪ੍ਰਭਾਵ ਨੂੰ ਉਜਾਗਰ ਕਰਨ ਵਾਲ਼ੀ ਹੋਣੀ ਚਾਹੀਦੀ ਹੈ।

ਕਵੀ ਆਪਣੀਆਂ ਕਾਵਿ-ਕਿਰਤਾਂ ਵਿੱਚ ਅੱਖਰਾਂ, ਵਰਨਾਂ, ਸ਼ਬਦਾਂ, ਵਾਕਾਂ ਤੇ ਮੁਹਾਵਰਿਆਂ ਨੂੰ ਇਸ ਤਰਾਂ ਬੀੜਦਾ ਤੇ ਜੋੜਦਾ ਹੈ ਕਿ ਉਹਨਾਂ ਦੇ ਜੋੜ-ਸੰਜੋਗ ਤੋਂ ਨਵੇਕਲ਼ਾ ਚਮਤਕਾਰੀ ਸੁਹਜ ਉੱਭਰਦਾ ਹੈ। ਇਹ ਚਮਤਕਾਰੀ ਸੁਹਜ ਹੀ ਅਲੰਕਾਰ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਕਈ ਵਾਰ ਕਵੀ ਅਰਥਾਂ ਦੇ ਪੱਧਰ 'ਤੇ ਵੀ ਬੜੀ ਅਨੋਖੀ ਗੱਲ ਕਰ ਜਾਂਦਾ ਹੈ ਅਤੇ ਉਸ ਦੇ ਅਰਥ ਵੀ ਚਮਤਕਾਰੀ ਸੁਹਜ ਪੈਦਾ ਕਰ ਜਾਂਦੇ ਹਨ ਜਿਨ੍ਹਾਂ ਨੂੰ ਸੁਣ ਕੇ, ਸਮਝ ਕੇ ਪਾਠਕ ਤੇ ਸ੍ਰੋਤੇ ਝੂਮ ਉੱਠਦੇ ਹਨ ਅਤੇ 'ਵਾਹ-ਵਾਹ' ਕਰਨ ਲੱਗ ਪੈਂਦੇ ਹਨ। ਅਜਿਹੀਆਂ ਸਾਰੀਆਂ ਕਲਾ-ਜੁਗਤਾਂ ਅਤੇ ਸੁਹਜ-ਵਿਧੀਆਂ ਨੂੰ ਵਿਦਵਾਨਾਂ ਨੇ "ਅਲੰਕਾਰ" ਦਾ ਨਾਂ ਦਿੱਤਾ ਹੈ।

ਇਸ ਤਰ੍ਹਾਂ ਕਵੀ ਆਪਣੀਆਂ ਕਵਿਤਾਵਾਂ ਵਿੱਚ ਧੁਨੀਆਂ, ਸ਼ਬਦਾਂ, ਵਾਕਾਂ, ਮੁਹਾਵਰਿਆਂ ਅਤੇ ਸ਼ਬਦ-ਅਰਥਾਂ ਦੀ ਵਿਲੱਖਣ ਵਰਤੋਂ ਕਰਕੇ ਕਈ ਤਰ੍ਹਾਂ ਦੇ ਅਲੰਕਾਰ ਪੈਦਾ ਕਰਦੇ ਹਨ। ਅਲੰਕਾਰ ਸੰਬੰਧੀ ਸਾਰੀ ਚਰਚਾ ਨੂੰ ਅਸੀਂ ਇੱਕ-ਦੋ ਢੁਕਵੀਆਂ ਮਿਸਾਲਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ। ਪੰਜਾਬੀ ਦੇ ਮਸ਼ਹੂਰ ਕਵੀ ਪ੍ਰੋ. ਮੋਹਨ ਸਿੰਘ ਦੀ ਗਜ਼ਲ ਦਾ ਬੰਦ ਹੈ –

" ਚਿੱਟੇ ਚਾਨਣ ਦਾ ਦੁੱਧ ਡੁੱਲ੍ਹਿਆ
ਤੇ ਮਟਕੀ ਭੱਜੀ ਹਨੇਰੇ ਦੀ।
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ
ਕੋਈ ਗੱਲ ਕਰ ਨਵੇਂ ਸਵੇਰੇ ਦੀ। "

ਇਸ ਕਾਵਿ-ਬੰਦ ਵਿੱਚ ਬਹੁਤ ਸੋਹਣੇ ਅਲੰਕਾਰ ਹਨ। ਏਥੇ ਕਵੀ ਨੇ ਚਿੱਟੇ ਚਾਨਣ ਨੂੰ ਦੁੱਧ ਬਣਾਇਆ ਹੈ ਅਤੇ ਹਨੇਰੇ ਨੂੰ ਮਟਕੀ ਬਣਾਇਆ ਹੈ। ਕਵੀ ਆਖਦਾ ਹੈ ਕਿ ਜਦੋਂ ਹਨੇਰੇ ਦੀ ਮਟਕੀ ਟੁੱਟ ਗਈ ਤਾਂ ਵਿੱਚੋਂ ਚਾਨਣ ਦਾ ਦੁੱਧ ਡੁੱਲ੍ਹ ਗਿਆ। ਭਾਵ ਇਹ ਹੈ ਕਿ ਮਨੁੱਖ ਅਗਿਆਨ ਦੇ ਹਨੇਰੇ ਵਿੱਚੋਂ ਨਿਕਲ਼ ਕੇ ਗਿਆਨ ਦੇ ਚਾਨਣ ਵਿੱਚ ਆਇਆ ਹੈ। ਹੁਣ ਗਿਆਨ ਦਾ ਨਵਾਂ ਸਵੇਰਾ ਆ ਗਿਆ ਹੈ। ਚਾਨਣ ਤੇ ਦੁੱਧ ਦਾ ਰੰਗ ਚਿੱਟਾ ਹੈ ਅਤੇ ਹਨੇਰੇ ਤੇ ਮਟਕੀ ਦਾ ਰੰਗ ਕਾਲ਼ਾ

ਹੈ। ਇਹ ਦੋਵੇਂ ਆਪਸ ਵਿੱਚ ਮਿਲਦੇ ਹਨ। ਇਸ ਲਈ ਕਵੀ ਨੇ ਚਾਨਣ ਤੇ ਹਨੇਰੇ ਦੀ ਗੱਲ ਕਰਨ ਲਈ ਦੁੱਧ ਤੇ ਮਟਕੀ ਦੀ ਉਪਮਾ ਪੇਸ਼ ਕੀਤੀ ਹੈ। ਦੋਹਾਂ ਵਿੱਚ ਇਕਰੂਪਤਾ ਹੋਣ ਕਰਕੇ ਇਹ 'ਰੂਪਕ' ਅਲੰਕਾਰ ਬਣਦਾ ਹੈ। ਏਸੇ ਤਰ੍ਹਾਂ ਮੋਹਨ ਸਿੰਘ ਦੀ ਇੱਕ ਹੋਰ ਕਵਿਤਾ "ਆਵਾਜ਼ਾਂ" ਕਾਵਿ ਸੰਗ੍ਰਹਿ ਵਿੱਚ 'ਸਵੇਰ' ਹੈ, ਜਿਸ ਦਾ ਮਸ਼ਹੂਰ ਬੰਦ ਹੈ:-

ਲੋਪ ਹੋ ਗਈ ਚੰਨ ਦੀ ਦਾਤੀ
ਵਾਢੀ ਕਰਕੇ ਨੇਰ੍ਹੇ ਦੀ।
ਪੂਰਬ ਦੀ ਨਿਰਮਲ ਨੈਂ ਉੱਤੇ
ਕੇਸਰ-ਤੁਰੀਆਂ ਤਰੀਆਂ ਨੇ।

ਏਥੇ ਕਵੀ ਨੇ ਚੰਨ ਨੂੰ ਦਾਤਰੀ, ਹਨੇਰੇ ਨੂੰ ਫ਼ਸਲ ਅਤੇ ਪੂਰਬ ਦਿਸ਼ਾ ਨੂੰ ਨੈਂ(ਨਦੀ) ਬਣਾਇਆ ਹੈ। ਚੰਨ ਨੂੰ ਦਾਤਰੀ ਨਾਲ਼ ਹਮਸ਼ਕਲ ਮੰਨ ਕੇ ਇਕਰੂਪ ਤੇ ਅਭੇਦ ਕਰ ਦਿੱਤਾ ਹੈ। ਦਾਤਰੀ ਦਾ ਕੰਮ ਵੱਢਣਾ ਹੈ। ਏਥੇ ਚੰਨ ਦੀ ਦਾਤਰੀ ਹਨੇਰੇ ਦੀ ਫ਼ਸਲ ਨੂੰ ਵੱਢ ਰਹੀ ਹੈ ਅਰਥਾਤ ਹਨੇਰਾ ਖ਼ਤਮ ਹੋਇਆ ਹੈ ਅਤੇ ਚੜ੍ਹਦੇ ਵਾਲ਼ੇ ਪਾਸੇ ਪੂਰਬ ਵਿੱਚ ਪਹੁ-ਫੁਟੀ ਦਾ ਉਜਾਲਾ ਚਮਕ ਰਿਹਾ ਹੈ। ਕਵੀ ਦੱਸਣਾ ਚਾਹੁੰਦਾ ਹੈ ਕਿ ਸਵੇਰਾ ਹੋ ਰਿਹਾ ਹੈ ਪਰ ਇਸ ਨਿੱਕੀ ਜਿਹੀ ਗੱਲ ਨੂੰ ਕਵੀ ਨੇ ਅਲੰਕਾਰਾਂ ਦੀਆਂ ਜੁਗਤਾਂ ਨਾਲ਼ ਕਿੰਨਾ ਸੁਹਜਮਈ ਬਣਾ ਦਿੱਤਾ ਹੈ। ਏਥੇ ਰੂਪਕ ਅਲੰਕਾਰ ਹਨ। ਇਹਨਾਂ ਉਪਰੋਕਤ ਉਦਾਹਰਨਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕਵਿਤਾ ਵਿੱਚ ਅਲੰਕਾਰ ਕਿਵੇਂ ਪੈਦਾ ਕੀਤੇ ਜਾਂਦੇ ਹਨ ਅਤੇ ਇਹਨਾਂ ਨਾਲ਼ ਕਵਿਤਾ ਕਿਵੇਂ ਵਧੇਰੇ ਸੁੰਦਰ, ਰੋਚਕ ਤੇ ਮਨਪਸੰਦ ਬਣ ਜਾਂਦੀ ਹੈ।

ਭਾਰਤ ਦੇ ਵਿਦਵਾਨਾਂ ਨੇ ਅਲੰਕਾਰ ਨੂੰ ਕਵਿਤਾ ਦਾ ਇੱਕ ਜ਼ਰੂਰੀ ਤੱਤ ਮੰਨਿਆ ਹੈ। ਅਲੰਕਾਰ ਦੇ ਸਿਧਾਂਤ ਉੱਤੇ ਪਿਛਲੇ ਡੇਢ-ਦੋ ਹਜ਼ਾਰ ਸਾਲਾਂ ਤੋਂ ਵਿਚਾਰ ਹੁੰਦਾ ਆਇਆ ਹੈ। ਅਲੰਕਾਰਾਂ ਦਾ ਸਭ ਤੋਂ ਪਹਿਲਾਂ ਵਿਚਾਰ ਕਰਨ ਵਾਲ਼ੇ ਆਚਾਰੀਆ ਭਰਤਮੁਨੀ ਹਨ ਜਿਨ੍ਹਾਂ ਦਾ ਲਿਖਿਆ ਗ੍ਰੰਥ "ਨਾਟ ਸ਼ਾਸਤ੍ਰ" ਬਹੁਤ ਮਸ਼ਹੂਰ ਹੈ। ਹੋਰ ਵੀ ਅਨੇਕ ਵਿਦਵਾਨ ਹੋਏ ਹਨ, ਜਿਨ੍ਹਾਂ ਨੇ "ਅਲੰਕਾਰ ਕੀ ਹੈ", ਇਸ ਨੂੰ ਦੱਸਣ ਦੇ ਉਪਰਾਲੇ ਕੀਤੇ ਹਨ ਪਰ ਲੰਮੀਆਂ ਬਹਿਸਾਂ ਦਾ ਨਿਚੋੜ ਇਹੋ ਮਿਲ਼ਦਾ ਹੈ ਕਿ -

"ਅਲੰਕਾਰ ਕਾਵਿ-ਕਲਾ ਦਾ ਅਨੋਖਾ ਤੇ ਨਿਰਾਲਾ ਢੰਗ ਹੈ ਜੋ ਕਵੀ ਦੇ ਬੋਲਾਂ ਤੇ ਸ਼ਬਦਾਂ ਵਿੱਚ ਅਦਭੁਤ ਚਮਤਕਾਰ ਪੈਦਾ ਕਰਕੇ ਕਵਿਤਾ ਦੇ ਸੁਹਜ ਵਿੱਚ ਵਾਧਾ ਕਰਦਾ ਹੈ।"

ਇਸ ਤਰ੍ਹਾਂ ਅਲੰਕਾਰ ਕਵਿਤਾ ਵਿੱਚ ਕਈ ਤਰ੍ਹਾਂ ਦੇ ਕੰਮ ਕਰਦੇ ਹਨ, ਉਹਨਾਂ ਦੇ ਕਈ ਮੰਤਵ ਹਨ :

- ਅਲੰਕਾਰ ਕਾਵਿ ਦੀ ਸੁਹਜ ਤੇ ਸੋਭਾ ਵਧਾਉਂਦੇ ਹਨ।
- ਅਲੰਕਾਰ ਕਾਵਿ ਨੂੰ ਚਮਤਕਾਰੀ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।
- ਅਲੰਕਾਰ ਅਰਥਾਂ ਵਿੱਚ ਸਪਸ਼ਟਤਾ ਪੈਦਾ ਕਰਦੇ ਹਨ।
- ਅਲੰਕਾਰ ਕਵਿਤਾ ਨੂੰ ਸੁਆਦਲਾ ਬਣਾਉਂਦੇ ਹਨ।

ਅਲੰਕਾਰ ਬੇਅੰਤ ਹਨ ਕਿਉਂਕਿ ਅਲੰਕਾਰ ਕਵੀ ਦੇ ਕਟਾਖ, ਵਿਅੰਗ ਤੇ ਅਦਾ ਕਰਨ ਦੇ ਕਥਨ-ਢੰਗ ਹੀ ਹਨ। ਕਵੀ ਆਪਣੀ ਅਨੋਖੀ ਕਲਪਨਾ ਤੇ ਵਿਚਿੱਤਰ ਸ਼ੈਲੀ ਦੁਆਰਾ ਨਵੀਆਂ-ਨਵੀਆਂ ਅਲੰਕਾਰਿਕ ਜੁਗਤਾਂ ਨੂੰ ਉਜਾਗਰ ਕਰਦਾ ਹੈ। ਇਹਨਾਂ ਅਲੰਕਾਰਿਕ ਜੁਗਤਾਂ ਨਾਲ਼ ਸੁਹਿਰਦ ਪਾਠਕ ਤੇ ਸ੍ਰੋਤੇ ਨੂੰ ਕੋਈ ਅਨੰਦਮਈ ਚਟਖਾਰਾ ਮਿਲ਼ਦਾ ਹੈ। ਇਸ ਲਈ ਅਲੰਕਾਰ ਰਮਜ਼ਾਂ 'ਤੇ ਸੈਨਤਾਂ ਵਾਂਗੂੰ ਪ੍ਰਤੀਤ ਹੁੰਦੇ ਹਨ। ਕਵੀ ਇਹਨਾਂ ਦਾ ਕਵਿਤਾ ਵਿੱਚ ਪ੍ਰਤੱਖ ਤੌਰ ਤੇ' ਕੋਈ ਵਰਨਣ ਨਹੀਂ ਕਰਦਾ। ਕਵਿਤਾ ਦੀ ਰਚਨਾ ਕਰਨ ਤੋਂ ਪਿੱਛੋਂ ਆਲੋਚਕ ਤੇ ਪਾਠਕ ਹੀ ਕਵਿਤਾਵਾਂ ਵਿੱਚੋਂ ਅਲੰਕਾਰਾਂ ਦੀ ਢੂੰਡ ਤੇ ਪਛਾਣ ਕਰਨ ਲਈ ਯਤਨਸ਼ੀਲ ਹੁੰਦੇ ਹਨ। ਅਲੰਕਾਰਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ :-

1. ਸ਼ਬਦ-ਅਲੰਕਾਰ (ਪਹਿਲਾ ਵਰਗ)
2. ਅਰਥ-ਅਲੰਕਾਰ (ਦੂਜਾ ਵਰਗ)

3. ਸ਼ਬਦਾਰਥ-ਅਲੰਕਾਰ (ਤੀਜਾ ਵਰਗ)

ਸ਼ਬਦਾਂ ਦੀ ਸਹਾਇਤਾ ਨਾਲ਼ ਕਵਿਤਾ ਨੂੰ ਚਮਤਕਾਰ ਬਖ਼ਸ਼ਣਾ ਸ਼ਬਦ-ਅਲੰਕਾਰਾਂ ਦੇ ਘੇਰੇ ਵਿੱਚ ਆਉਂਦਾ ਹੈ। ਜਿਹੜੇ ਸ਼ਬਦ ਜਾਂ ਸ਼ਬਦਾਂ ਦੀ ਸਹਾਇਤਾ ਨਾਲ਼ ਜੋ ਅਲੰਕਾਰ ਪ੍ਰਤੀਤ ਹੁੰਦਾ ਹੈ ਜੇਕਰ ਉਸ ਸ਼ਬਦ ਜਾਂ ਟੂਕ ਨੂੰ ਕਵਿਤਾ ਵਿੱਚੋਂ ਹਟਾ ਦੇਈਏ ਤਾਂ ਉਹ ਅਲੰਕਾਰ ਵੀ ਹਟ ਜਾਂਦਾ ਹੈ। ਸ਼ਬਦ-ਨਿਰਭਰ ਹੋਣ ਕਰਕੇ ਉਹ ਸ਼ਬਦ-ਅਲੰਕਾਰ ਹਨ। ਸ਼ਬਦ-ਅਲੰਕਾਰ ਕਈ ਤਰ੍ਹਾਂ ਦੇ ਹੁੰਦੇ ਹਨ। ਜਿਹੜੇ ਅਲੰਕਾਰ ਕਵਿਤਾ ਦੇ ਅਰਥਾਂ ਉੱਤੇ ਨਿਰਭਰ ਹੁੰਦੇ ਹਨ, ਉਹਨਾਂ ਨੂੰ ਅਰਥ-ਅਲੰਕਾਰ ਕਿਹਾ ਜਾਂਦਾ ਹੈ। ਅਰਥ-ਅਲੰਕਾਰਾਂ ਦੀਆਂ ਵੀ ਕਈ ਕਿਸਮਾਂ ਹਨ। ਜਿਹੜੇ ਸ਼ਬਦ ਤੇ ਅਰਥ ਦੋਹਾਂ 'ਤੇ ਨਿਰਭਰ ਹੁੰਦੇ ਹਨ, ਉਹਨਾਂ ਨੂੰ ਸ਼ਬਦਾਰਥ-ਅਲੰਕਾਰ ਕਿਹਾ ਜਾਂਦਾ ਹੈ। ਪਰ ਜ਼ਿਆਦਾ ਕਰਕੇ ਸ਼ਬਦ-ਅਲੰਕਾਰ ਤੇ ਅਰਥ-ਅਲੰਕਾਰ ਹੀ ਪ੍ਰਸਿੱਧ ਹਨ।

ਹੁਣ ਅਸੀਂ ਮੁੱਖ-ਮੁੱਖ ਅਲੰਕਾਰਾਂ ਦੀਆਂ ਪਰਿਭਾਸ਼ਾਵਾਂ, ਲੱਛਣ ਤੇ ਉਦਾਹਰਨਾਂ ਦੇ ਕੇ ਉਹਨਾਂ ਨੂੰ ਖੋਲ੍ਹ ਕੇ ਸਮਝਾਉਣ ਦਾ ਯਤਨ ਕਰਦੇ ਹਾਂ।

## ਅਨੁਪ੍ਰਾਸ ਅਲੰਕਾਰ

**ਪਰਿਭਾਸ਼ਾ**-- " ਜਦ ਕਵਿਤਾ ਵਿੱਚ ਇੱਕੋ-ਜਿਹੇ ਸਮਾਨ ਵਰਨਾਂ, ਅੱਖਰਾਂ ਜਾਂ ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਇਸ ਤਰ੍ਹਾਂ ਹੋਵੇ ਕਿ ਉਸ ਵਿੱਚ ਸੰਗੀਤਿਕ ਲੈਅ, ਵਜ਼ਨ ਤੇ ਤੋਲ ਪੈਦਾ ਹੋਵੇ, ਉਸ ਨੂੰ ਅਨੁਪ੍ਰਾਸ ਅਲੰਕਾਰ ਕਿਹਾ ਜਾਂਦਾ ਹੈ।"

**ਵਿਆਖਿਆ**-- ਅਨੁਪ੍ਰਾਸ ਦਾ ਅਰਥ ਹੈ ਕਿ ਵਾਰ-ਵਾਰ ਦੁਹਰਾਅ। ਇਹ ਦੁਹਰਾਅ ਜਾਂ ਵਾਰ-ਵਾਰ ਵਰਤੋਂ ਅੱਖਰਾਂ ਦੀ, ਸ਼ਬਦਾਂ ਦੀ ਜਾਂ ਸ਼ਬਦਾਂਸ਼ਾਂ ਦੀ ਹੋ ਸਕਦੀ ਹੈ, ਸ਼ਰਤ ਇਹ ਹੈ ਕਿ ਇਹ ਇੱਕੋ ਤੁਕ, ਕਾਵਿ-ਪੰਗਤੀ ਜਾਂ ਕਾਵਿ-ਬੰਦ ਵਿੱਚ ਹੋਵੇ।

**ਉਦਾਹਰਨ**

ਫਿਰ ਰੂਪ, ਸਰੂਪ, ਅਨੂਪ ਦਿਸੇ,
ਫਿਰ ਜਿੰਦ ਦੀਵਾਨੀ ਝੱਲੀ ਝੱਲੀ।
ਫਿਰ ਹੋਸ਼, ਬੇਹੋਸ਼, ਮਦਹੋਸ਼ ਹੋਈ,
ਫਿਰ ਪਤ ਰੁਲੇਂਦੀ ਗਲ਼ੀ-ਗਲ਼ੀ

(ਮੋਹਨ ਸਿੰਘ : ਆਵਾਜ਼ਾਂ)

ਇਸ ਵਿੱਚ ਰੂਪ, ਸਰੂਪ, ਅਨੂਪ ਵਿੱਚ ਆਏ "ਊਪ" ਅੱਖਰ ਤਿੰਨ ਵਾਰ ਦੁਹਰਾਏ ਗਏ ਹਨ। ਇਸੇ ਤਰ੍ਹਾਂ ਹੋਸ਼, ਬੇਹੋਸ਼, ਮਦਹੋਸ਼ ਵਿੱਚ ਵੀ 'ਹੋਸ਼' ਸ਼ਬਦਾਂਸ਼ ਤਿੰਨ ਵਾਰ ਵਰਤਿਆ ਗਿਆ ਹੈ। ਇਸ ਦੁਹਰਾਅ ਨਾਲ਼ ਇੱਕ ਸੰਗੀਤਿਕ ਲੈਅ ਪੈਦਾ ਹੁੰਦੀ ਹੈ। ਇਹ ਅਨੁਪ੍ਰਾਸ ਅਲੰਕਾਰ ਦਾ ਉਦਾਹਰਨ ਹੈ। ਅਨੁਪ੍ਰਾਸ ਇੱਕ ਸ਼ਬਦ-ਅਲੰਕਾਰ ਹੈ ਜੋ ਸ਼ਬਦਾਂ ਦੇ ਪ੍ਰਯੋਗ 'ਤੇ ਨਿਰਭਰ ਹੈ। ਜੇਕਰ ਉਪਰੋਕਤ ਉਦਾਹਰਨ ਵਿੱਚ 'ਰੂਪ' ਦੀ ਥਾਂ 'ਸ਼ਕਲ' ਵਰਤ ਲਈਏ ਅਤੇ ਸਰੂਪ ਦੀ ਥਾਂ ਸੁੰਦਰ ਰੱਖ ਲਈਏ ਤਾਂ ਅਨੁਪ੍ਰਾਸ ਅਲੰਕਾਰ ਨਹੀਂ ਬਣ ਸਕੇਗਾ। ਇਸ ਲਈ ਖ਼ਾਸ ਸ਼ਬਦਾਂ ਦੀ ਵਰਤੋਂ ਕਰਕੇ ਅਨੁਪ੍ਰਾਸ ਅਲੰਕਾਰ ਪ੍ਰਗਟ ਹੁੰਦਾ ਹੈ। ਇਸ ਕਰਕੇ ਅਨੁਪ੍ਰਾਸ ਇੱਕ ਸ਼ਬਦ-ਅਲੰਕਾਰ ਹੈ। ਅਨੁਪ੍ਰਾਸ ਅਲੰਕਾਰ ਦੇ ਪੰਜ ਭੇਦ ਹਨ। ਛੇਕ ਅਨੁਪ੍ਰਾਸ, ਵ੍ਰਿਤੀ ਅਨੁਪ੍ਰਾਸ, ਸ਼ਰੁਤੀ ਅਨੁਪ੍ਰਾਸ, ਲਾਟ ਅਨੁਪ੍ਰਾਸ ਤੇ ਅੰਤ ਅਨੁਪ੍ਰਾਸ।

ਅਨੁਪ੍ਰਾਸ ਅਲੰਕਾਰ ਦੇ ਕੁਝ ਹੋਰ ਉਦਾਹਰਨ-
ਭਾਉ ਭਗਤਿ ਭਉ ਭੇਲ, ਸਾਧ ਸਰੇਸਿਆ।
ਨਿੱਤ ਨਿੱਤ ਨਵਲ ਨਵੇਲ ਗੁਰਮੁਖ ਭੇਸਿਆ। (ਭਾਈ ਗੁਰਦਾਸ)

ਜਾਂ

ਪਾਗਲਖ਼ਾਨਾ ਸ਼ੋਰ ਬੁਣ ਰਿਹਾ।
ਜਨ-ਜੰਗਲ਼ ਵਿਰਲਾਪ ਕਰ ਰਿਹਾ।
ਕੁਰਬਲ-ਕੁਰਬਲ ਕੋਟ ਕਰੋੜਾਂ,
ਕਿਰਮ ਆਪਣਾ ਕਰਮ ਕਰ ਰਹੇ।

(ਸੁਰਜੀਤ ਪਾਤਰ, 'ਸਾਜ਼')

ਇਸ ਜ਼ਰਖੇਜ਼ ਜ਼ਮੀਨ ਦੇ, ਲੂੰ-ਲੂੰ ਫੁੱਟਿਆ ਜ਼ਹਿਰ
ਗਿੱਠ-ਗਿੱਠ ਚੜ੍ਹੀਆਂ ਲਾਲੀਆਂ, ਫੁੱਟ-ਫੁੱਟ ਚੜ੍ਹਿਆ ਕਹਿਰ।
ਵਿਹੁ ਵਿਲਿੱਸੀ ਵਾ ਫਿਰ, ਵਣ-ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲ਼ੀ, ਦਿੱਤੀ ਨਾਗ ਬਣਾ।

ਅੰਮ੍ਰਿਤਾ ਪ੍ਰੀਤਮ-(ਵਾਰਸ ਸ਼ਾਹ)

## ਉਪਮਾ ਅਲੰਕਾਰ

**ਵਿਆਖਿਆ** -- ਅਲੰਕਾਰਾਂ ਵਿੱਚੋਂ ਉਪਮਾ ਅਲੰਕਾਰ ਸਭ ਤੋਂ ਵੱਧ ਮਸ਼ਹੂਰ ਅਲੰਕਾਰ ਹੈ। ਪੰਜਾਬੀ ਵਿੱਚ ਉਪਮਾ ਦਾ ਆਮ ਅਰਥ ਜਸ, ਕੀਰਤੀ, ਵਡਿਆਈ, ਪ੍ਰਸੰਸਾ ਆਦਿ ਲਿਆ ਜਾਂਦਾ ਹੈ ਪਰ ਅਲੰਕਾਰਾਂ ਦੇ ਪ੍ਰਸੰਗ ਵਿੱਚ "ਉਪਮਾ" ਤੋਂ ਇਹ ਆਮ ਅਰਥ ਨਹੀਂ ਲਿਆ ਜਾਂਦਾ ਸਗੋਂ ਏਥੇ ਉਪਮਾ ਇੱਕ ਅਲੰਕਾਰ ਦਾ ਨਾਂ ਹੈ। ਅਸੀਂ ਕਵਿਤਾ ਅਤੇ ਕਵਿਤਾ ਤੋਂ ਬਾਹਰ ਵੀ ਆਮ ਗੱਲ-ਬਾਤ ਵਿੱਚ ਬਹੁਤ ਵਾਰ ਉਪਮਾ ਅਲੰਕਾਰ ਵਾਲ਼ੇ ਵਾਕ ਜਾਂ ਤੁਕਾਂ ਬੋਲਦੇ ਰਹਿੰਦੇ ਹਾਂ। ਸਾਡੀ ਬੋਲੀ ਵਿੱਚ ਇਹ ਵਾਕ ਤਾਂ ਆਮ ਸੁਣਿਆ ਜਾਂਦਾ ਹੈ :

" ਉਸ ਦਾ ਮੁਖੜਾ ਚੰਦ ਵਰਗਾ ਸੋਹਣਾ ਹੈ "

ਇਹ ਉਪਮਾ ਅਲੰਕਾਰ ਹੈ। ਇਸ ਵਿੱਚ ਚਾਰ ਤੱਤ ਹਨ-

1. ਮੁਖੜਾ
2. ਚੰਦ
3. ਸੋਹਣਾ
4. ਵਰਗਾ।

ਜਿੱਥੇ ਇਹ ਚਾਰ ਤੱਤ ਇੱਕਠੇ ਕਿਸੇ ਕਾਵਿ-ਟੋਟੇ ਵਿੱਚ ਹੋਣਗੇ, ਉੱਥੇ ਉਪਮਾ ਅਲੰਕਾਰ ਹੁੰਦਾ ਹੈ। ਵਿਦਵਾਨਾਂ ਨੇ ਇਹਨਾਂ ਚਹੁੰਆਂ ਤੱਤਾਂ ਦੇ ਇਹ ਨਾਂ ਰੱਖੇ ਹਨ--

1. ਉਪਮੇਯ (ਜਿਵੇਂ ਮੁਖੜਾ) ਉਹ ਚੀਜ਼ ਜਿਸ ਦੀ ਉਪਮਾ ਕੀਤੀ ਜਾਵੇ ਜਾਂ ਜਿਸ ਦੀ ਖ਼ਾਤਰ ਕਿਸੇ ਹੋਰ ਵਸਤੂ ਨਾਲ਼ ਤੁਲਨਾ ਕੀਤੀ ਜਾਵੇ।
2. ਉਪਮਾਨ (ਜਿਵੇਂ ਚੰਦ) ਉਹ ਵਸਤੂ ਜਿਸ ਨਾਲ਼ ਉਪਮਾ ਦਿਖਾਈ ਜਾਵੇ।
3. ਸਾਂਝਾ ਗੁਣ (ਜਿਵੇਂ ਸੋਹਣਾ), ਉਹ ਗੁਣ ਜੋ ਦੋਹਾਂ ਵਿੱਚ ਇੱਕੋ-ਜਿਹਾ ਸਾਂਝਾ ਹੋਵੇ।
4. ਵਾਚਕ ਸ਼ਬਦ (ਜਿਵੇਂ ਵਰਗਾ, ਵਾਂਗੂੰ, ਤਰਾਂ, ਜਿਉਂ) ਉਹ ਸ਼ਬਦ ਜੋ ਇਸ ਉਪਮਾ ਜਾਂ ਤੁਲਨਾ ਨੂੰ ਪ੍ਰਗਟ ਕਰੇ।

**ਪਰਿਭਾਸ਼ਾ**

" ਜਿੱਥੇ ਉਪਮਾਉਣਯੋਗ ਵਸਤੂ (ਉਪਮੇਯ) ਦੀ ਕਿਸੇ ਹੋਰ ਮਿਲ਼ਦੀ-ਜੁਲ਼ਦੀ ਵਸਤੂ (ਉਪਮਾਨ) ਨਾਲ਼ ਸਾਂਝੇ ਗੁਣਾਂ ਦੀ ਸਮਾਨਤਾ ਦੱਸੀ ਜਾਵੇ, ਉੱਥੇ ਉਪਮਾ ਅਲੰਕਾਰ ਹੁੰਦਾ ਹੈ।"

**ਉਦਾਹਰਨ**

ਨੀ ਅੱਜ ਕੋਈ ਆਇਆ, ਸਾਡੇ ਵੇਹੜੇ,
ਤੱਕਣ ਚੰਨ-ਸੂਰਜ,ਢੁੱਕ ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ, ਤਾਰਿਆਂ ਵਾਂਗੂੰ,
ਆਇਆ ਨੀਂ ਖੌਰੇ, ਅੰਬਰ ਘੁੰਮ-ਘੁੰਮ ਕਿਹੜੇ।

(ਮੋਹਨ ਸਿੰਘ, ਕੋਈ ਆਇਆ ਸਾਡੇ ਵੇਹੜੇ)

ਏਥੇ "ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ" ਇਸ ਤੁਕ ਵਿੱਚ ਉਪਮਾ ਅਲੰਕਾਰ ਦੀ ਯੋਜਨਾ ਹੋਈ ਹੈ। ਕਵੀ ਕਿਸੇ ਅਣਕਹੇ ਨਾਇਕ ਦੀ ਆਮਦ ਉੱਤੇ ਏਨਾ ਖ਼ੁਸ਼ ਹੁੰਦਾ ਹੈ ਕਿ ਉਹ ਤਿੱਖੇ ਜਜ਼ਬਿਆਂ ਦੇ ਵਹਿਣ ਵਿੱਚ ਵਹਿ ਕੇ ਆਪਣੇ ਨਾਇਕ ਦੀ ਸੁੰਦਰਤਾ ਦਾ ਅਲੰਕਾਰਿਕ ਸ਼ੈਲੀ ਵਿੱਚ ਬਿਆਨ ਕਰਨ ਲੱਗ ਪੈਂਦਾ ਹੈ। ਇਸ ਯਤਨ ਵਿੱਚ ਕਵੀ ਉਸ ਦੇ ਮੱਥੇ ਨੂੰ ਤਾਰਿਆਂ ਨਾਲ਼ ਉਪਮਾਉਂਦਾ ਹੈ। ਏਥੇ ਉਪਮਾ ਦੇ ਚਾਰ ਤੱਤ ਮਿਲ਼ਦੇ ਹਨ--

1. ਮੱਥਾ ਉਪਮੇਯ ਹੈ ਅਰਥਾਤ ਕਵੀ ਦੁਆਰਾ ਵਰਨਣ-ਗੋਚਰਾ ਵਿਸ਼ਾ ਮੱਥਾ ਹੈ।
2. ਤਾਰੇ ਉਪਮਾਨ ਹੈ ਜਿਨ੍ਹਾਂ ਨਾਲ਼ ਮੱਥੇ ਦੀ ਤੁਲਨਾ ਕੀਤੀ ਜਾ ਰਹੀ ਹੈ।
3. 'ਲੱਸਣਾ' ਦੋਂਹਾਂ ਦਾ ਸਾਂਝਾ ਗੁਣ ਹੈ ਅਤੇ
4. 'ਵਾਂਗੂੰ' ਵਾਚਕ ਸ਼ਬਦ ਹੈ।

**ਹੋਰ ਉਦਾਹਰਨ**

ਚਾਂਦੀ ਵਰਗਾ ਰੰਗ ਹੈ ਗੋਰਾ,
ਸੋਨੇ ਵਰਗੇ ਵਾਲ਼ ਸੁਨਹਿਰੀ।

(ਸਾਧੂ ਸਿੰਘ ਹਮਦਰਦ)

ਮਾਇਆ ਰੰਗ ਬਿਰੰਗ ਖਿਨੈ ਮਹਿ
ਜਿਉਂ ਬਾਦਰ ਕੀ ਛਾਇਆ।

( ਆਦਿ ਗ੍ਰੰਥ, ਮ, ਪ )

ਚਮਕਿਆ ਸੋਨ-ਪੱਤਰੀਆਂ ਵਾਂਗ,
ਰੰਗ ਸ਼ਰੀਂਹ ਦੀਆਂ ਫਲ਼ੀਆਂ ਦਾ।
ਚੋਗਾ ਭਾਲਣ ਪੰਛੀ ਨਿਕਲ਼ੇ,
ਖੰਭ ਚਮਕਣ ਜਿਉਂ ਜ਼ਰੀਆਂ ਨੇ।

(ਪ੍ਰੋ. ਮੋਹਨ ਸਿੰਘ, 'ਸਵੇਰ')

ਸੀਹਾਂ ਵਾਂਗੂੰ ਗੱਜਨ, ਸੱਭੇ ਸੂਰਮੇ
ਤਨਿ ਤਨਿ ਕੈਬਰ ਛੱਡਨ, ਦੁਰਗਾ ਸਾਮਣੇ।

(ਸ੍ਰੀ ਗੁਰੂ ਗੋਬਿੰਦ ਸਿੰਘ, 'ਚੰਡੀ ਦੀ ਵਾਰ')

## ਰੂਪਕ ਅਲੰਕਾਰ

**ਵਿਆਖਿਆ** -- ਰੂਪਕ ਅਲੰਕਾਰ ਉਪਮਾ ਅਲੰਕਾਰ ਦੇ ਨਾਲ਼ ਮਿਲ਼ਦਾ- ਜੁਲ਼ਦਾ ਹੈ। ਰੂਪਕ ਇੱਕ ਤਰ੍ਹਾਂ ਨਾਲ਼ ਉਪਮਾ ਦਾ ਸੰਖੇਪ ਰੂਪ ਹੈ। ਉਪਮਾ ਅਲੰਕਾਰ ਵਿੱਚ ਆਮ ਤੌਰ 'ਤੇ ਚਾਰ ਤੱਤ ਰਹਿੰਦੇ ਹਨ ਪਰ ਰੂਪਕ ਅਲੰਕਾਰ ਵਿੱਚ ਤਿੰਨ

ਤੱਤ ਹਾਜ਼ਰ ਰਹਿੰਦੇ ਹਨ "ਵਾਚਕ ਸ਼ਬਦ" ਵਾਲਾ ਤੱਤ ਲੋਪ ਰਹਿੰਦਾ ਹੈ। ਰੂਪਕ ਅਲੰਕਾਰ ਵਿੱਚ ਦੋ ਚੀਜ਼ਾਂ ਦੀ ਤੁਲਨਾ ਕਰਕੇ ਦੋਹਾਂ ਵਿੱਚ ਇੱਕ ਸਾਂਝਾ ਗੁਣ ਇਸ ਤਰ੍ਹਾਂ ਦੱਸਿਆ ਜਾਂਦਾ ਹੈ ਕਿ ਉਹਨਾਂ ਦੋਹਾਂ ਚੀਜ਼ਾਂ ਵਿੱਚ ਫ਼ਰਕ ਮਿਟ ਜਾਂਦਾ ਹੈ ਅਤੇ ਦੋਹਾਂ ਵਿੱਚ ਇਕਮਿਕਤਾ ਤੇ ਇਕਰੂਪਤਾ ਪੈਦਾ ਹੋ ਜਾਂਦੀ ਹੈ।

**ਪਰਿਭਾਸ਼ਾ--** " ਜਿੱਥੇ ਉਪਮੇਯ ਤੇ ਉਪਮਾਨ ਵਿੱਚ ਇਕਰੂਪਤਾ ਤੇ ਅਭੇਦਤਾ ਵਰਨਣ ਕੀਤੀ ਜਾਂਦੀ ਹੈ, ਉੱਥੇ ਰੂਪਕ ਅਲੰਕਾਰ ਹੁੰਦਾ ਹੈ।"

ਉਪਮੇਯ ਕੀ ਹੈ ਅਤੇ ਉਪਮਾਨ ਕੀ ਹੈ, ਇਸ ਦੀ ਵਿਆਖਿਆ ਅਸੀਂ ਪਿਛਲੇ ਪੰਨੇ 'ਤੇ ਕਰ ਆਏ ਹਾਂ। ਕਵਿਤਾ ਵਿੱਚ ਜਿਸ ਵਸਤੂ ਦਾ ਵਰਨਣ ਕੀਤਾ ਜਾ ਰਿਹਾ ਹੁੰਦਾ ਹੈ, ਉਸ ਨੂੰ ਉਪਮੇਯ ਕਿਹਾ ਜਾਂਦਾ ਹੈ ਅਤੇ ਉਪਮੇਯ ਵਸਤੂ ਨਾਲ਼ ਜਿਸ ਹੋਰ ਵਸਤੂ ਨੂੰ ਮੇਚਿਆ ਜਾਂਦਾ ਹੈ, ਉਹ ਉਪਮਾਨ ਹੈ। ਇਸ ਤਰ੍ਹਾਂ ਦੋ ਵਸਤੂਆਂ ਨੂੰ ਕਵੀ ਇਸ ਤਰ੍ਹਾਂ ਅਭੇਦ ਤੇ ਇਕਰੂਪ ਕਰ ਦਿੰਦਾ ਹੈ ਕਿ ਉਹਨਾਂ ਦੋਹਾਂ ਵਿੱਚ ਕੋਈ ਵੱਖਰਤਾ ਨਹੀਂ ਰਹਿੰਦੀ, ਇਹੋ ਰੂਪਕ ਅਲੰਕਾਰ ਹੈ।

**ਉਦਾਹਰਨ**

ਬਿਰਹੋਂ ਦਾ ਇੱਕ ਖਰਲ ਬਲੌਰੀ,
ਜਿੰਦੜੀ ਦਾ ਅਸਾਂ ਸੁਰਮਾ ਪੀਠਾ।
ਰੋਜ਼ ਰਾਤ ਨੂੰ ਅੰਬਰ ਆ ਕੇ,
ਮੰਗਦਾ ਇੱਕ ਸਲਾਈ ਵੇ।

**(ਅੰਮ੍ਰਿਤਾ ਪ੍ਰੀਤਮ)**

ਇਸ ਬੰਦ ਵਿੱਚ ਬਿਰਹੋਂ ਤੇ ਖਰਲ ਵਿੱਚ ਅਤੇ ਜਿੰਦੜੀ ਦੇ ਸੁਰਮੇ ਵਿੱਚ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ ਗਈ ਸਗੋਂ ਇਕਰੂਪਤਾ ਤੇ ਅਭੇਦਤਾ ਸਥਾਪਿਤ ਕੀਤੀ ਗਈ ਹੈ। ਬਿਰਹੋਂ ਵੀ ਰਗੜਦਾ ਹੈ ਤੇ ਖਰਲ ਵੀ ਰਗੜਨ ਦਾ ਸਾਧਨ ਹੈ। ਦੋਵੇਂ ਇੱਕੋ-ਜਿਹਾ ਕੰਮ ਕਰਦੇ ਹਨ। ਇਸੇ ਤਰ੍ਹਾਂ ਜਿੰਦੜੀ ਨੂੰ ਵੀ ਬਿਰਹੋਂ ਨਾਲ਼ ਰਗੜਿਆ ਜਾ ਰਿਹਾ ਹੈ ਅਤੇ ਸੁਰਮੇ ਨੂੰ ਖਰਲ ਵਿੱਚ। ਇਸ ਪ੍ਰਕਾਰ ਦੋਹਾਂ ਦੀ ਇੱਕੋ-ਜਿਹੀ ਹਾਲਤ ਦੱਸੀ ਗਈ ਹੈ। ਬਿਰਹੋਂ ਤੇ ਖਰਲ ਵਿੱਚ ਅਤੇ ਜਿੰਦੜੀ ਤੇ ਸੁਰਮੇ ਵਿੱਚ ਕਵੀ ਨੇ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ। ਦੋਹਾਂ ਵਿੱਚ ਇਕਰੂਪਤਾ ਹੈ, ਅਭੇਦਤਾ ਹੈ। ਇਸ ਲਈ ਬਿਰਹੋਂ ਨੂੰ ਖਰਲ ਬਣਾ ਦਿੱਤਾ ਹੈ ਅਤੇ ਇਸ ਤਰ੍ਹਾਂ ਜਿੰਦੜੀ ਨੂੰ ਸੁਰਮਾ ਬਣਾ ਦਿੱਤਾ ਹੈ। ਇਉਂ ਬਿਰਹੋਂ ਨੂੰ ਖਰਲ ਦਾ ਰੂਪ ਦੇਣ ਕਰਕੇ ਇਹ ਰੂਪਕ ਅਲੰਕਾਰ ਦਾ ਉਦਾਹਰਨ ਹੈ।

**ਉਦਾਹਰਨ**

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ
ਖੇਲੈ ਸਗਲ ਜਗਤੁ।

**(ਜਪੁਜੀ)**

ਉਖਲੀਆਂ ਨਾਸਾ ਜਿਨਾਂ ਮੁਹਿ ਜਾਪਨ ਆਲੇ॥
ਧਾਏ ਦੇਵੀ ਸਾਹਮਣੇ ਬੀਰ ਮੁੱਛਲੀਆਲੇ॥

**(ਚੰਡੀ ਦੀ ਵਾਰ)**

ਚਿੱਟੇ ਚਾਨਣ ਦਾ ਦੁੱਧ ਡੁਲ੍ਹਿਆ,
ਤੇ ਮਟਕੀ ਭੱਜੀ ਹਨੇਰੇ ਦੀ।
ਛੱਡ ਰਾਤਾਂ ਦੀਆਂ ਹਕਾਇਤਾਂ ਨੂੰ,
ਕੋਈ ਗੱਲ ਕਰ ਨਵੇਂ ਸਵੇਰੇ ਦੀ।

**(ਮੋਹਨ ਸਿੰਘ)**

## ਦ੍ਰਿਸ਼ਟਾਂਤ ਅਲੰਕਾਰ

### ਵਿਆਖਿਆ

ਦ੍ਰਿਸ਼ਟਾਂਤ ਇੱਕ ਅਰਥ-ਅਲੰਕਾਰ ਹੈ। ਦ੍ਰਿਸ਼ਟਾਂਤ ਦਾ ਅਰਥ ਉਦਾਹਰਨ, ਮਿਸਾਲ, ਨਮੂਨਾ ਆਦਿ ਹਨ। ਕਵੀ ਆਪਣੀ ਕਵਿਤਾ ਵਿੱਚ ਜਿਸ ਕਿਸੇ ਵਿਸ਼ੇ ਦਾ ਵਰਨਣ ਕਰ ਰਿਹਾ ਹੁੰਦਾ ਹੈ, ਉਸ ਨੂੰ ਸਮਝਾਉਣ ਲਈ ਉਹ ਆਮ ਜੀਵਨ ਤੇ ਪ੍ਰਕਿਰਤੀ ਵਿੱਚੋਂ ਕੋਈ ਅਜਿਹੀ ਮਿਸਾਲ ਜਾਂ ਉਦਾਹਰਨ ਚੁਣ ਕੇ ਉਸ ਦੇ ਬਰਾਬਰ ਰੱਖ ਦੇਂਦਾ ਹੈ ਜਿਸ ਵਿੱਚ ਵਰਨਣ ਕੀਤੇ ਜਾ ਰਹੇ ਵਿਸ਼ੇ ਵਿੱਚ ਸਾਂਝੇ ਗੁਣ ਜਾਂ ਹੋਰ ਸਮਾਨਤਾਵਾਂ ਪ੍ਰਾਪਤ ਹੁੰਦੀਆਂ ਹਨ। ਆਪਣੀ ਵਿਸ਼ੇ-ਵਸਤੂ ਦੀ ਸਪਸ਼ਟਤਾ ਜਾਂ ਪੁਸ਼ਟੀ ਲਈ ਉਸ ਜਿਹੀ ਕੋਈ ਹੋਰ ਲੋਕ-ਪ੍ਰਿਆ ਮਿਸਾਲ ਪੇਸ਼ ਕਰਨਾ ਦ੍ਰਿਸ਼ਟਾਂਤ ਅਲੰਕਾਰ ਦੀ ਯੋਜਨਾ ਲਈ ਜ਼ਰੂਰੀ ਹੈ। ਦ੍ਰਿਸ਼ਟਾਂਤ ਅਲੰਕਾਰ ਅੰਦਰ ਪਹਿਲਾਂ ਇੱਕ ਗੱਲ ਕਹਿ ਕੇ ਫਿਰ ਦੂਜੀ ਗੱਲ ਉਸ ਦੇ ਉਦਾਹਰਨ ਦੇ ਰੂਪ ਵਿੱਚ ਆਖੀ ਜਾਂਦੀ ਹੈ। ਦੋਹਾਂ ਦਾ ਮੰਤਵ ਇੱਕੋ ਨਿਕਲ਼ਦਾ ਹੈ। ਵਿਦਵਾਨਾਂ ਨੇ ਇਸ ਗੱਲ ਵਾਸਤੇ ਦੋ ਸ਼ਬਦ ਕੱਢੇ ਹਨ ਬਿੰਬ-ਤੇ ਪ੍ਰਤਿਬਿੰਬ। ਵਿਸ਼ੇ-ਵਸਤੂ ਬਿੰਬ ਹੈ ਅਤੇ ਬਾਹਰੋਂ ਪੇਸ਼ ਕੀਤਾ ਉਦਾਹਰਨ ਪ੍ਰਤਿਬਿੰਬ ਹੈ। ਕਵਿਤਾ ਦੀ ਇੱਕ ਤੁਕ ਵਿੱਚ ਬਿੰਬ ਮੌਜੂਦ ਰਹਿੰਦਾ ਹੈ। ਉਦਾਹਰਨ ਪ੍ਰਤਿਬਿੰਬ ਹੈ। ਕਵਿਤਾ ਦੀ ਇੱਕ ਤੁਕ ਵਿੱਚ ਬਿੰਬ ਮੌਜੂਦ ਰਹਿੰਦਾ ਹੈ ਅਤੇ ਅਗਲੀ ਤੁਕ ਵਿੱਚ ਪ੍ਰਤਿਬਿੰਬ ਹੁੰਦਾ ਹੈ। ਪ੍ਰਤਿਬਿੰਬ ਦਾ ਅਰਥ ਪਰਛਾਂਵਾਂ ਹੈ। ਦੋਹਾਂ ਵਸਤੂਆਂ ਵਿੱਚ ਸਾਂਝੇ ਗੁਣ ਜਾਂ ਭਾਵ ਝਲਕਣੇ ਚਾਹੀਦੇ ਹਨ। ਦ੍ਰਿਸ਼ਟਾਂਤ ਅਲੰਕਾਰ ਦਾ ਆਧਾਰ ਵੀ ਕੋਈ ਸਾਂਝ, ਸਮਾਨਤਾ ਜਾਂ ਬਰਾਬਰੀ ਦਾ ਭਾਵ ਹੁੰਦਾ ਹੈ।

### ਪਰਿਭਾਸ਼ਾ

" ਕਿਸੇ ਪ੍ਰਸੰਗ ਜਾਂ ਵਸਤੂ ਦਾ ਪੂਰਾ ਗਿਆਨ ਕਰਵਾ ਲਈ ਕਿਸੇ ਸਮਾਨ ਗੁਣ ਵਾਲ਼ੀ ਵਸਤੂ ਦਾ ਉਦਾਹਰਨ ਦੇਣਾ ਦ੍ਰਿਸ਼ਟਾਂਤ ਅਲੰਕਾਰ ਹੈ। "

**ਜਾਂ**

" ਜਿੱਥੇ ਉਪਮੇਯ ਵਾਕ ਅਤੇ ਉਪਮਾਨ ਵਾਕ ਆਪੋ ਵਿੱਚ ਬਿੰਬ-ਪ੍ਰਤਿਬਿੰਬ ਭਾਵ ਨਾਲ਼ ਸੰਬੰਧਿਤ ਹੋਣ, ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। "

### ਉਦਾਹਰਨ

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ।
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰ। (**ਕਬੀਰ**)

ਕਬੀਰ-ਬਾਣੀ ਦੇ ਇਸ ਸਲੋਕ ਵਿੱਚ ਪ੍ਰਸੰਗ ਇਹ ਹੈ ਕਿ "ਮਨੁੱਖਾ ਜਨਮ ਦੁਰਲੱਭ ਹੈ, ਬੜਾ ਔਖਾ ਮਿਲ਼ਦਾ ਹੈ, ਇਹ ਜਨਮ ਵਾਰ-ਵਾਰ ਨਹੀਂ ਲੱਭਦਾ। ਇਸ ਪ੍ਰਸੰਗ ਵਾਲ਼ੇ ਵਿਸ਼ੇ-ਵਸਤੂ ਨੂੰ ਸਪਸ਼ਟ ਕਰਨ ਲਈ ਕਬੀਰ ਜੀ ਇੱਕ ਦੁਨਿਆਵੀ ਮਿਸਾਲ ਪੇਸ਼ ਕਰਦੇ ਹਨ ਕਿ "ਜਿਵੇਂ ਜੰਗਲ਼ੀ ਰੁੱਖਾਂ 'ਤੇ ਲੱਗੇ ਹੋਏ ਫਲ਼ ਪੱਕ ਕੇ ਭੁੰਜੇ ਡਿਗ ਪੈਂਦੇ ਹਨ ਅਤੇ ਕਿਸੇ ਵੀ ਸੂਰਤ ਵਿੱਚ ਫਿਰ ਮੁੜ ਕੇ ਰੁੱਖ ਨਾਲ਼ ਨਹੀਂ ਲੱਗਦੇ।" ਜੰਗਲੀ ਫਲਾਂ ਦੇ ਦ੍ਰਿਸ਼ਟਾਂਤ ਨਾਲ਼ ਕਬੀਰ ਜੀ ਨੇ ਮਨੁੱਖੀ ਜਨਮ ਦੀ ਦੁਰਲੱਭਤਾ ਦਾ ਜ਼ਿਕਰ ਕੀਤਾ ਹੈ। ਸੋ, ਮਨੁੱਖੀ ਜਨਮ "ਬਿੰਬ" ਹੈ ਜਿਸ ਦਾ ਪ੍ਰਤਿਬਿੰਬ (ਪਰਛਾਂਵਾਂ) ਜੰਗਲ਼ੀ ਫਲ਼ ਹੈ। ਇੱਕ ਬਿੰਬ ਹੈ, ਦੂਜਾ ਪ੍ਰਤਿਬਿੰਬ ਹੈ। ਇਹਨਾਂ ਦੋਹਾਂ ਵਿੱਚ ਸੁਭਾਵਿਕ ਗੁਣਾਂ ਦੀ ਸਾਂਝ ਹੋਣ ਕਰਕੇ ਏਥੇ ਬਿੰਬ-ਪ੍ਰਤਿਬਿੰਬ ਭਾਵ ਦੀ ਹੋਂਦ ਹੈ ਇਸ ਲਈ ਇਹ ਦ੍ਰਿਸ਼ਟਾਂਤ ਅਲੰਕਾਰ ਦਾ ਉਦਾਹਰਨ ਹੈ।

**ਹੋਰ ਉਦਾਹਰਨ**

ਕੰਮ ਕਰਦਿਆਂ-ਕਰਦਿਆਂ ਭੁਸ ਪੈਂਦਾ
ਮੂਰਖ ਆਦਮੀ ਹੁੰਦੇ ਸੁਜਾਨ ਵੇਖੇ।
ਘਸ-ਘਸ ਕੇ ਸੈਲ ਦੀ ਹਿੱਕੜੀ' ਤੇ
ਰੱਸੀ ਨਾਲ਼ ਵੀ ਹੁੰਦੇ ਨਿਸ਼ਾਨ ਵੇਖੇ।

(ਪ. ਪ)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

**(ਭਾਈ ਗੁਰਦਾਸ)**

ਮੂਤ ਪਲੀਤੀ ਕਪੜੁ ਹੋਇ।
ਦੇ ਸਾਬੂਣ ਲਈਐ ਓਹੁ ਧੋਇ।
ਭਰੀਐ ਮਤਿ ਪਾਪਾ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ। **(ਜਪੁਜੀ)**
ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰ
ਜੈਸੀ ਮਛੁਲੀ ਨੀਰ।
ਬਿਨੁ ਜਲ ਘੜੀ ਨਾ ਜੀਵਈ,
ਪ੍ਰਭੁ ਜਾਣੈ ਅਭ ਪੀਰ।

(ਸ੍ਰੀ ਅਸਟਪਦੀਆਂ ਮ੧)

## ਅੱਤਕਥਨੀ ਅਲੰਕਾਰ

**ਵਿਆਖਿਆ**

ਅੱਤਕਥਨੀ ਇੱਕ ਅਰਥ-ਅਲੰਕਾਰ ਹੈ। ਇਸ ਸ਼ਬਦ ਦੇ 'ਅੱਤ' ਅਤੇ 'ਕਥਨੀ' ਦੋ ਹਿੱਸੇ ਹਨ। ਇਹਨਾਂ ਦਾ ਅਰਥ ਸਪਸ਼ਟ ਹੈ ਅਰਥਾਤ ਅਤਿਅੰਤ ਵਧਾ-ਚੜ੍ਹਾ ਕੇ ਕਥਨ ਕਰਨਾ, ਗੱਲ ਨੂੰ Exggerate ਕਰਕੇ ਬੇਹਿਸਾਬਾ ਵਧਾਉਣਾ ਜਾਂ ਕੋਲ਼ੋਂ ਮਸਾਲਾ ਲਾ ਕੇ ਬਿਆਨ ਕਰਨਾ। ਕਵੀ ਆਪਣੀ ਕਾਵਿ-ਕ੍ਰਿਤ ਦੇ ਕਿਸੇ ਪਾਤਰ, ਘਟਨਾ ਜਾਂ ਗੱਲ ਦੀ ਬਹੁਤ ਉਪਮਾ ਕਰਨਾ ਲੋਚਦਾ ਹੈ ਜਾਂ ਇਸ ਤੋਂ ਉਲਟ ਨਿੰਦਿਆ ਕਰਨਾ ਚਾਹੁੰਦਾ ਹੈ ਤਾਂ ਉਹ ਨਿੱਕੀ ਜਿਹੀ ਗੱਲ ਨੂੰ ਵਧਾ-ਚੜ੍ਹਾ ਕੇ ਬਿਆਨ ਕਰਨ ਲੱਗ ਪੈਂਦਾ ਹੈ ਤਾਂਜੋ ਪਾਠਕ ਤੇ ਸ੍ਰੋਤੇ ਉਸ ਵਿਸ਼ੇ-ਵਸਤੂ ਦਾ ਵਡੱਪਣ ਚੰਗੀ ਤਰ੍ਹਾਂ ਸਮਝ ਸਕਣ। ਅੱਤਕਥਨੀ ਨੂੰ ਅਤਿਉਕਤੀ ਵੀ ਕਿਹਾ ਜਾਂਦਾ ਹੈ।

ਏਥੇ ਇਹ ਗੱਲ ਵਰਨਣਯੋਗ ਹੈ ਕਿ ਅੱਤਕਥਨੀ-ਅਲੰਕਾਰ ਦੀ ਸਿਰਜਣਾ ਕਰਨ ਦਾ ਉਦੇਸ਼ ਇੱਕ ਚਮਤਕਾਰ ਪੈਦਾ ਕਰਨਾ ਹੈ। ਚਮਤਕਾਰ ਹੀ ਕਵਿਤਾ ਵਿੱਚ ਸੁਹਜ-ਸੁਆਦ ਦਾ ਸੰਚਾਰ ਕਰਦਾ ਹੈ। ਚਮਤਕਾਰ ਤੋਂ ਬਿਨਾਂ ਕਵਿਤਾ ਫਿੱਕੀ-ਫਿੱਕੀ ਮਾਲੂਮ ਹੁੰਦੀ ਹੈ। ਰਸੀਲੀ ਤੇ ਸੁਆਦਲੀ ਕਵਿਤਾ ਵਿੱਚ ਕਿਸੇ ਨਾ ਕਿਸੇ ਚਮਤਕਾਰ ਦੀ ਹੋਂਦ ਜ਼ਰੂਰੀ ਹੈ। ਇਸ ਤਰ੍ਹਾਂ ਅੱਤਕਥਨੀ ਦੇ ਮੂਲ ਵਿੱਚ ਚਮਤਕਾਰ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇੱਕ ਪੰਜਾਬੀ ਦਾ ਉਦਾਹਰਨ ਦਿੱਤਾ ਹੈ। " ਤਹਾਂ ਸਤਰੁ ਕੇ ਭੀਮ ਹਸਤੀ ਚਲਾਏ। ਫਿਰੈਂ ਮੱਧ ਗੈਨੂੰ ਅਜੌਂ ਲੌਂ ਨ ਆਏ।" ਪਾਂਡਵ ਭੀਮਸੈਨ ਨੇ ਵੈਰੀਆਂ ਦੇ ਹਾਥੀਆਂ ਨੂੰ ਅਸਮਾਨਾਂ ਵਿੱਚ-ਚਲਾ ਕੇ ਮਾਰਿਆ ਕਿ ਉਹ ਹੁਣ ਤੱਕ ਗਗਨਾਂ ਵਿੱਚ ਘੁੰਮ ਰਹੇ ਹਨ। ਇਹ ਨਿਰੀ-ਪੁਰੀ ਅੱਤਕਥਨੀ ਹੈ, ਅਸਲੀਅਤ ਨਹੀਂ ਹੈ ਪਰ ਕਵੀ ਦੀ ਕਲਪਨਾ ਜ਼ਰੂਰ ਹੈ।

**ਪਰਿਭਾਸ਼ਾ**

" ਬਹੁਤ ਵਧਾ-ਚੜ੍ਹਾ ਕੇ ਵਰਨਣ ਕਰਨ ਦੀ ਕਾਵਿ-ਰੀਤ ਨੂੰ ਅੱਤਕਥਨੀ ਅਲੰਕਾਰ ਕਿਹਾ ਜਾਂਦਾ ਹੈ।"

**ਉਦਾਹਰਨ**

ਜੇ ਤੂੰ ਗਲ਼ ਵਿੱਚ ਫੁੱਲਾਂ ਦਾ ਹਾਰ ਪਾਇਆ,
ਤੇਰੇ ਲੱਕ ਨੂੰ ਪਏ ਕੜਵੱਲ ਮੋਈਏ।
ਜੇ ਤੂੰ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ,
ਭਾਰ ਨਾਲ਼ ਤੂੰ ਸੱਕੀ ਨਾ ਹਲ ਮੋਈਏ। (ਮੋਹਨ ਸਿੰਘ)

ਮੋਹਨ ਸਿੰਘ ਦੇ "ਸਾਵੇ-ਪੱਤਰ" ਕਾਵਿ-ਸੰਗ੍ਰਹਿ ਵਿੱਚ 'ਅਨਾਰਕਲੀ' ਨਾਂ ਦੀ ਕਵਿਤਾ ਵਿੱਚੋਂ ਇਹ ਬੰਦ ਲਿਆ ਗਿਆ ਹੈ। ਕਵੀ ਲਾਹੌਰ ਵਿੱਚ ਸਲੀਮ ਦੀ ਪ੍ਰੇਮਿਕਾ 'ਅਨਾਰਕਲੀ' ਦੀ ਕਬਰ ਵੇਖ ਕੇ ਖ਼ਿਆਲ-ਉਡਾਰੀਆਂ ਵਿੱਚ ਗੁੰਮ ਹੋ ਜਾਂਦਾ ਹੈ ਅਤੇ ਉਸ ਦੇ ਹੁਸਨ ਨੂੰ ਬਿਆਨ ਕਰਦਾ ਹੋਇਆ ਕਹਿੰਦਾ ਹੈ-

" ਹੇ ਅਨਾਰਕਲੀ! ਤੂੰ ਏਨੀ ਨਰਮ ਤੇ ਕੋਮਲ ਸੀ ਕਿ ਤੇਰੇ ਗਲ਼ ਵਿੱਚ ਪਾਏ ਫੁੱਲਾਂ ਦੇ ਹਾਰ ਦੇ ਭਾਰ ਨਾਲ਼ ਤੇਰੇ ਲੱਕ ਨੂੰ ਕੜਵੱਲ ਪੈ ਜਾਂਦੇ ਸਨ ਅਤੇ ਹੱਥਾਂ-ਪੈਰਾਂ 'ਤੇ ਲਾਈ ਮਹਿੰਦੀ ਦਾ ਭਾਰ ਵੀ ਤੂੰ ਨਹੀਂ ਸਹਾਰ ਸਕਦੀ ਸੀ।

ਫੁੱਲਾਂ ਦੇ ਭਾਰ ਨਾਲ਼ ਲੱਕ ਨੂੰ ਕੜਵੱਲ ਪੈਣੇ ਅਤੇ ਮਹਿੰਦੀ ਦੇ ਭਾਰ ਨੂੰ ਨਾ ਸਹਾਰਨਾ, ਇਹ ਵਰਨਣ ਵਧਾ-ਚੜ੍ਹਾ ਕੇ ਕੀਤਾ ਗਿਆ ਹੈ ਜੋਕਿ ਅਸੰਭਵ ਤੇ ਬੇਦਲੀਲ ਜਾਪਦਾ ਹੈ। ਇਹ ਅੱਤਕਥਨੀ ਅਲੰਕਾਰ ਹੈ। ਕਵੀ ਦਾ ਮੰਤਵ ਅਨਾਰਕਲੀ ਦਾ ਹੁਸਨ, ਉਸ ਦੀ ਕਮਰ ਦੀ ਲਚਕ, ਉਸ ਦੀ ਕੋਮਲਤਾ ਦਾ ਬਿਆਨ ਕਰਨਾ ਹੈ ਪਰ ਉਹ ਲੋਕ-ਮਰਯਾਦਾ ਨੂੰ ਟੱਪ ਕੇ ਅਸੰਭਵ ਕਲਪਨਾ ਕਰਦਾ ਹੋਇਆ 'ਚਮਤਕਾਰ' ਪੈਦਾ ਕਰਨ ਵੱਲ ਰੁਚਿਤ ਹੈ, ਚਮਤਕਾਰ ਪੈਦਾ ਕਰਨਾ ਹੀ ਅੱਤਕਥਨੀ ਅਲੰਕਾਰ ਦਾ ਕੰਮ ਹੈ।

**ਹੋਰ ਉਦਾਹਰਨ**

ਹੁਸਨ ਓਸ ਦਾ ਮੈਂ ਕੀ ਆਖਾਂ,
ਤੱਕਣ ਨਾਲ਼ ਪੈਂਦੀਆਂ ਲਾਸਾਂ।
ਧੌਣ ਗੋਰੀ ਦੀ ਐਸੀ ਫੱਬੇ,
ਆਉਂਦਾ ਜਾਂਦਾ ਸਾਹ ਪਿਆ ਲੱਭੇ। (ਮੋਹਨ ਸਿੰਘ,'ਗੁਲੇਲੀ')

**ਜਾਂ**

ਦਸ ਮਹੀਆਂ ਦਾ ਘਿਓ ਦਿੱਤਾ, ਬੱਕੀ ਦੇ ਢਿੱਡ ਪਾ।
ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੀ ਵਿੱਚ ਪਾਤਾਲ ਲਾ, ਉੱਡ ਕੇ ਚੜ੍ਹੇ ਆਕਾਸ਼।
ਚੜ੍ਹਨਾ ਆਪਣੇ ਸ਼ੌਕ ਨੂੰ ਬੱਕੀ ਨੂੰ ਲਾਜ ਨਾ ਲਾ।
(ਪੀਲੂ, ਮਿਰਜ਼ਾ ਸਾਹਿਬਾਂ)

**ਜਾਂ**

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ।
ਚੰਡੀ ਰਾਕਸ਼ ਖਾਣੀ ਵਾਹੀ ਦੈਂਤ ਨੋ।
ਕੋਪਰ ਚੂਰ ਚਵਾਣੀ ਲੱਥੀ ਕਰਗ ਲੈ।
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ।
ਲੈਂਦੀ ਅਘਾ ਸਿਧਾਣੀ ਸਿੰਙਾਂ ਧਉਲ ਦਿਆਂ।
ਕੂਰਮ ਸਿਰ ਲਹਿਲਾਣੀ ਦੁਸ਼ਮਣ ਮਾਰਿ ਕੇ।

(ਚੰਡੀ ਦੀ ਵਾਰ)

### ਔਖੇ ਸ਼ਬਦਾਂ ਦੇ ਅਰਥ :

**ਹਕਾਇਤਾਂ**- ਕਹਾਣੀਆਂ। **ਨੈਂ**- ਨਦੀ। **ਬਾਦਰ**- ਬੱਦਲ। **ਮਾਨੁਖ**-ਮਨੁੱਖਾ। **ਦੁਲੰਭ**- ਕੀਮਤੀ। **ਹਸਤੀ**- ਹਾਥੀ। **ਗੈਣੂੰ**- ਅਕਾਸ਼। **ਅਜੌਂ ਲੌਨ**- ਅਜੇ ਤੱਕ। **ਕੈਬਰ**- ਤੀਰ। **ਬੱਕੀ**- ਮਿਰਜ਼ੇ ਦੀ ਘੋੜੀ ਦਾ ਨਾਂ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ -**

1. ਅਲੰਕਾਰ ਕਵਿਤਾ ਦੇ _______ ਹਨ।
2. _______ ਅਲੰਕਾਰ ਵਿੱਚ ਕਿਸੇ ਗੱਲ ਦਾ ਵਧਾ-ਚੜ੍ਹਾ ਕੇ ਵਰਨਣ ਕੀਤਾ ਹੁੰਦਾ ਹੈ।
3. ਰੂਪਕ ਅਲੰਕਾਰ ਵਿੱਚ ਵਾਚਕ ਸ਼ਬਦ ਵਾਲ਼ਾ ਤੱਤ _______ ਰਹਿੰਦਾ ਹੈ।
4. ਅਲੰਕਾਰ ਕਾਵਿ ਨੂੰ _______ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।
5. ਅਚਾਰੀਆ ਭਰਤਮੁਨੀ ਦੇ ਮਸ਼ਹੂਰ ਗ੍ਰੰਥ ਦਾ ਨਾਂ _______ ਹੈ।

**(ਅ) ਇੱਕ-ਦੋ ਸ਼ਬਦਾਂ ਦੇ ਉੱਤਰ ਦਿਓ-**

1. ਉਪਮਾ ਅਲੰਕਾਰ ਵਿੱਚ ਕਿੰਨੇ ਤੱਤ ਇਕੱਠੇ ਹੋਣੇ ਜ਼ਰੂਰੀ ਹਨ?
2. ਕੋਈ ਦੋ ਵਾਚਕ ਸ਼ਬਦ ਲਿਖੋ।
3. ਜਿੱਥੇ ਉਪਮੇਯ ਤੇ ਉਪਮਾਨ ਵਿੱਚ ਇਕਰੂਪਤਾ ਵਰਨਣ ਕੀਤੀ ਹੋਵੇ, ਉੱਥੇ ਕਿਹੜਾ ਅਲੰਕਾਰ ਹੁੰਦਾ ਹੈ?
4. ਦ੍ਰਿਸ਼ਟਾਂਤ ਅਲੰਕਾਰ ਵਿੱਚ ਉਪਮੇਯ ਵਾਕ ਅਤੇ ਉਪਮਾਨ ਵਾਕ ਦਾ ਸੰਬੰਧ ਕਿਹੋ-ਜਿਹਾ ਹੁੰਦਾ ਹੈ?
5. ਕਿਸੇ ਦੋ ਅਲੰਕਾਰਾਂ ਦੇ ਨਾਂ ਲਿਖੋ।

**(ੲ) ਵਿਸਤਾਰ ਸਹਿਤ ਉੱਤਰ ਦਿਓ-**

1. 'ਅਲੰਕਾਰ ਕਵਿਤਾ ਦਾ ਗਹਿਣਾ ਹੈ', ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਅਲੰਕਾਰ ਦੀ ਪਰਿਭਾਸ਼ਾ ਲਿਖੋ।
2. ਰੂਪਕ ਅਲੰਕਾਰ ਦਾ ਉਦਾਹਰਨ ਦੇ ਕੇ ਉਸ ਦੇ ਲੱਛਣ ਸਪਸ਼ਟ ਕਰਕੇ ਲਿਖੋ।
3. ਹੇਠਾਂ ਇੱਕ ਕਵਿਤਾ ਦਿੱਤੀ ਗਈ ਹੈ। ਇਸ ਵਿੱਚ ਉਪਮਾ ਅਲੰਕਾਰ ਹੈ। ਖੋਲ੍ਹ ਕੇ ਸਮਝਾਓ ਕਿ ਇਹ ਉਪਮਾ ਅਲੰਕਾਰ ਕਿਵੇਂ ਹੈ :-

ਅੱਜ ਕੋਈ ਆਇਆ ਸਾਡੇ ਵੇਹੜੇ
ਤੱਕਣ ਚੰਨ-ਸੂਰਜ ਢੁੱਕ-ਢੁੱਕ ਨੇੜੇ
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂ
ਆਇਆ ਨੀ ਘੋਰੇ ਅੰਬਰ ਘੁੰਮ-ਘੁੰਮ ਕਿਹੜੇ।

4. ਹੇਠ ਲਿਖੇ ਅਲੰਕਾਰਾਂ ਬਾਰੇ ਉਦਾਹਰਨਾਂ ਸਹਿਤ ਨੋਟ ਲਿਖੋ :

ਉਪਮਾ ਅਲੰਕਾਰ, ਰੂਪਕ ਅਲੰਕਾਰ, ਅਨੁਪ੍ਰਾਸ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਅਤੇ ਅਤਿਕਥਨੀ ਅਲੰਕਾਰ।

ਪਾਠ-ਪੁਸਤਕ 'ਪੰਜਾਬੀ-ਕਾਵਿ ਝਲਕਾਂ ਤੇ ਇਤਿਹਾਸ' ਨੂੰ ਪੜ੍ਹਦੇ ਸਮੇਂ ਉਸ ਵਿੱਚ ਦਰਜ ਕਵਿਤਾਵਾਂ ਵਿੱਚੋਂ ਵੱਖ-ਵੱਖ ਅਲੰਕਾਰ ਪਛਾਣਨ ਦਾ ਯਤਨ ਕਰੋ।

ਅਧਿਆਇ-ਚੌਥਾ

# ਕਾਵਿ-ਰਸ

'ਕਾਵਿ-ਰਸ' ਬਾਰੇ ਸਿਧਾਂਤਿਕ ਪੱਖੋਂ ਜਾਣਕਾਰੀ ਨਾ ਹੋਣ ਦੇ ਬਾਵਜੂਦ ਅਸੀਂ ਸਾਰੇ ਇਸ 'ਰਸ' ਨੂੰ ਮਾਣਦੇ ਹਾਂ। ਟੈਲੀਵੀਜ਼ਨ ਦੀ ਸਕਰੀਨ ਉੱਤੇ ਕ੍ਰਿਕਟ-ਮੈਚ ਵੇਖਦੇ ਹੋਏ, 'ਚੌਕੇ' 'ਛੱਕੇ' ਲੱਗਦੇ ਵੇਖ ਅਸੀਂ ਰੁਮਾਂਚਿਤ ਹੁੰਦੇ ਹਾਂ ਜਾਂ ਉੱਛਲ਼ਦੇ ਹਾਂ, ਕੁਝ ਬੋਲਦੇ ਹਾਂ ਜਾਂ ਸਰੀਰਿਕ ਅਦਾਵਾਂ ਰਾਹੀਂ ਸੰਕੇਤ ਕਰਦੇ ਹਾਂ ਜਾਂ ਆਪਣੇ ਮਨਪਸੰਦ ਖਿਡਾਰੀ ਦੇ ਆਊਟ ਹੋ ਜਾਣ 'ਤੇ ਉਦਾਸ ਹੋ ਜਾਂਦੇ ਹਾਂ, ਅਜਿਹਾ ਕਿਉਂ ਹੁੰਦਾ ਹੈ ? ਇਹ ਸਾਡੇ ਅੰਦਰ ਪੈਦਾ ਹੋਏ 'ਰਸ' ਕਾਰਨ ਵਾਪਰਦਾ ਹੈ। ਇਉਂ ਹੀ ਕਿਸੇ 'ਕਾਮੇਡੀ' ਲੜੀਵਾਰ ਨੂੰ ਵੇਖ ਕੇ ਅਸੀਂ ਹੱਸ-ਹੱਸ ਕੇ ਲੋਟ-ਪੋਟ ਹੁੰਦੇ ਹਾਂ। ਕਿਸੇ ਨਾਟਕ ਜਾਂ ਫ਼ਿਲਮ ਵੇਖਣ ਵੇਲ਼ੇ ਅਸੀਂ ਪਾਤਰਾਂ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਅਤੇ ਉਹਨਾਂ ਦੇ ਦੁੱਖ ਵਿੱਚ ਦੁਖੀ ਮਹਿਸੂਸ ਕਰਦੇ ਹਾਂ। ਨਾਟਕ, ਫ਼ਿਲਮ ਜਾਂ ਮੈਚ ਵੇਖਣ ਵੇਲ਼ੇ ਜਾਂ ਕੋਈ ਸਾਹਿਤਿਕ ਰਚਨਾ ਪੜ੍ਹਨ ਵੇਲ਼ੇ ਅਸੀਂ ਆਪਣਾ ਆਪ ਭੁੱਲ ਕੇ ਇੱਕ ਵੱਖਰੇ ਜਿਹੇ ਸੰਸਾਰ ਵਿੱਚ ਦਾਖ਼ਲ ਹੋ ਜਾਂਦੇ ਹਾਂ। ਅਸਲ ਵਿੱਚ ਨਾਟਕ, ਫ਼ਿਲਮ, ਮੈਚ ਜਾਂ ਸਾਹਿਤਿਕ ਰਚਨਾ ਸਾਡੇ ਅੰਦਰ ਦੇ ਸਥਾਈ ਭਾਵਾਂ ਨੂੰ ਜਗਾ ਦਿੰਦੀ ਹੈ ਅਤੇ ਸਾਡੇ ਅੰਦਰ ਵਿਭਿੰਨ ਪ੍ਰਕਾਰ ਦੇ ਰਸ ਪੈਦਾ ਹੁੰਦੇ ਹਨ। ਇਸ ਅਧਿਆਇ ਵਿੱਚ ਅਸੀਂ ਇਹਨਾਂ 'ਰਸਾਂ' ਸੰਬੰਧੀ ਜਾਣਕਾਰੀ ਪ੍ਰਾਪਤ ਕਰਾਂਗੇ।

ਰਸ ਸ਼ਬਦ ਦੀ ਵਰਤੋਂ ਭਾਰਤ ਵਿੱਚ ਬਹੁਤ ਪੁਰਾਣੇ ਸਮੇਂ ਤੋਂ ਮਿਲ਼ਦੀ ਹੈ। ਸੰਸਕ੍ਰਿਤ ਵਿਆਕਰਨ ਅਨੁਸਾਰ ਰਸ ਦੀ ਬਣਤਰ ਤੇ ਅਰਥ-ਪ੍ਰਕਿਰਿਆ ਇਸ ਤਰ੍ਹਾਂ ਹੈ : 'ਰਸਯ ਤੇ ਆਸ੍ਵਦਯ ਤੇ ਇਤਿ ਰਸਹ' ਅਰਥਾਤ ਉਹ ਭਾਵ ਜਾਂ ਪਦਾਰਥ ਜਿਸ ਤੋਂ ਕੋਈ ਸੁਆਦ ਜਾਂ ਮਜ਼ਾ ਪ੍ਰਾਪਤ ਹੋਵੇ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਵਿੱਚ ਰਸ ਦੇ ਅਠਾਰਾਂ ਅਰਥ ਦਰਜ ਕੀਤੇ ਹਨ। ਪੁਰਾਤਨ ਗ੍ਰੰਥਾਂ, ਵੇਦਾਂ, ਉਪਨਿਸ਼ਦਾਂ ਆਦਿ ਵਿੱਚ ਰਸ ਦੀ ਵਰਤੋਂ ਪਰਮ-ਯਥਾਰਥ, ਸਮਾਧੀ ਦਸ਼ਾ ਅਤੇ ਅਲੌਕਿਕ ਅਨੰਦ ਆਦਿ ਅਨੇਕ ਅਰਥਾਂ ਵਿੱਚ ਹੋਈ ਹੈ। ਪਰੰਤੂ ਕਾਵਿ-ਸ਼ਾਸਤ੍ਰ ਦੇ ਸੰਦਰਭ ਵਿੱਚ ਰਸ ਇੱਕ ਅਸਲੋਂ ਨਿਰਾਲੇ ਅਰਥ ਵਿੱਚ ਵਰਤਿਆ ਗਿਆ ਸੰਕੇਤਿਕ ਸ਼ਬਦ ਹੈ। ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ, ਸ੍ਰੋਤੇ ਜਾਂ ਦਰਸ਼ਕ ਨੂੰ ਟੁੰਬਣ ਵਾਲ਼ਾ ਜਾਂ ਹਿਲੋਰਾ ਦੇਣ ਵਾਲ਼ਾ ਜੋ ਵੀ ਸੁਹਜ-ਸੁਆਦਲਾ ਅਨੰਦ (Pleasure) ਮਹਿਸੂਸ ਹੁੰਦਾ ਹੈ, ਉਹੋ ਕਾਵਿ-ਸ਼ਾਸਤਰ ਦੀ ਸ਼ਬਦਾਵਲੀ ਵਿੱਚ ਰਸ ਅਖਵਾਉਂਦਾ ਹੈ। ਅਸਲ ਵਿੱਚ ਇਸ ਰਸ ਨੂੰ ਕਾਵਿ-ਰਸ ਕਹਿਣਾ ਦਰੁਸਤ ਹੈ।

### ਰਸ ਦੀ ਮਹਾਨਤਾ :

ਰਸ ਦੀ ਮਹਾਨਤਾ ਬਾਰੇ ਭਾਵੇਂ ਅਸੀਂ ਸੁਚੇਤ ਨਾ ਵੀ ਹੋਈਏ ਪਰ ਜ਼ਿੰਦਗੀ ਦੀ ਤੋਰ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਰਸ ਜ਼ਿੰਦਗੀ ਦਾ ਸਾਰ-ਤੱਤ ਹੈ ਅਤੇ ਜ਼ਿੰਦਗੀ ਰਸ ਮਾਣਨ ਲਈ ਬੇਕਰਾਰ ਹੈ। ਰਸ-ਸਿਧਾਂਤ ਦੇ ਆਚਾਰੀਆ ਮੰਮਟ ਨੇ ਲਿਖਿਆ ਹੈ ਕਿ 'ਰਸ' ਜਿਉਂ ਹੀ ਫੁੱਟ ਨਿਕਲ਼ਦਾ ਹੈ, ਸਾਡੇ ਧੁਰ-ਅੰਦਰ ਨੂੰ ਜਾ-ਜਾ ਹਿਲੋਰਦਾ ਹੈ, ਦਿਲਾਂ ਨੂੰ ਪੰਘਰਾ ਕੇ ਅੱਖਾਂ ਨੂੰ ਸੇਜਲ਼ ਕਰਦਾ ਹੈ, ਸਰੀਰ ਨੂੰ ਰੁਮਾਂਚਿਤ ਅਤੇ ਬੋਲਾਂ ਨੂੰ ਗਦ-ਗਦ ਕਰ ਜਾਂਦਾ ਹੈ। ਇਹ ਕਲਾ-ਰਸ ਜਿਉਂ ਹੀ ਸਾਨੂੰ ਆਪਣੀ ਜਕੜ ਵਿੱਚ ਕੱਸ ਲੈਂਦਾ ਹੈ, ਉਦੋਂ ਸਾਡੇ ਰੋਸੇ ਤੇ ਰੁਦਨ, ਗਿਲੇ ਤੇ ਸ਼ਿਕਵੇ, ਗ਼ਮ ਤੇ ਗ਼ੁੱਸੇ ਭੁੱਲ ਜਾਂਦੇ ਹਨ ਅਤੇ ਝੱਟ-ਬਿੰਦ ਲਈ ਜ਼ਿੰਦਗੀ ਦੀਆਂ ਕੁੜੱਤਣਾਂ ਤੋਂ ਬਚ ਕੇ ਨਿਰੇ ਸੁਆਦ-ਸੁਆਦ ਹੋ ਜਾਂਦੇ ਹਾਂ। ਪ੍ਰੋ. ਮੋਹਨ ਸਿੰਘ ਦਾ ਇੱਕ ਗੀਤ ਹੈ –

ਸੁਆਦ-ਸੁਆਦ ਮੈਂ ਲੋਟਿਆ,
ਤਾਰਿਆਂ ਦੀ ਨਿੰਮੀ-ਨਿੰਮੀ ਲੋਅ।
ਮੇਰੀਆਂ ਅੱਖਾਂ ਭਰੀਆਂ ਸੁਪਨਿਆਂ,
ਮੇਰੀ ਹਿੱਕ ਭਰੀ ਖ਼ੁਸ਼ਬੋ।

ਇਸ ਤਰ੍ਹਾਂ ਕੋਈ ਸ਼ਿਅਰ ਤੇ ਸ਼ਾਇਰੀ, ਕੋਈ ਕਵਿਤਾ ਤੇ ਕਾਵਿ ਅਤੇ ਜਾਂ ਕੋਈ ਕਲਾ ਤੇ ਕਲਾ-ਕ੍ਰਿਤੀ ਤਾਂ ਹੀ ਸੁਆਦਲੀ ਲੱਗਦੀ ਹੈ, ਜੇਕਰ ਉਸ ਵਿੱਚ ਕਾਵਿ-ਰਸ ਦਾ ਸੁਹਜ ਠਾਠਾਂ ਮਾਰਦਾ ਹੋਵੇ। ਇਸ ਲਈ ਸਾਹਿਤ ਦੀ ਕਲਾ-ਰਚਨਾ ਵਿੱਚ ਰਸ ਦੀ ਮਹਾਨਤਾ ਹੈ। ਇਹਨਾਂ ਅਰਥਾਂ ਵਿੱਚ ਰਸ ਸਾਹਿਤ ਦੀ ਆਤਮਾ ਹੈ ਅਤੇ ਰਸ ਹੀ ਸਾਹਿਤ ਦਾ ਕੇਂਦਰੀ ਬਿੰਦੂ ਹੈ।

ਰਸ ਨੂੰ ਮਾਣਨ ਵਾਲ਼ਾ ਵਿਅਕਤੀ ਹੀ ਰਸਿਕ ਜਾਂ ਰਸੀਆ ਹੁੰਦਾ ਹੈ। ਰਸਿਕ ਵਿਅਕਤੀ ਕਾਵਿ-ਰਸ ਨੂੰ ਮਹਿਸੂਸ ਤਾਂ ਚੰਗੀ ਤਰ੍ਹਾਂ ਕਰਦਾ ਹੈ ਪਰ ਉਹ ਸ਼ਬਦਾਂ ਵਿੱਚ ਕਿਸੇ ਵਿਗਿਆਨਿਕ ਢੰਗ ਨਾਲ਼ ਇਸ ਦਾ ਵਰਨਣ ਨਹੀਂ ਕਰ ਸਕਦਾ। ਇਸ ਲਈ ਰਸ ਅਕੱਥ ਹੈ। ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਪਰ ਸ਼ਬਦਾਂ ਵਿੱਚ ਇਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਭਗਤੀ-ਸਾਹਿਤ ਦੇ ਯੁੱਗ ਵਿੱਚ ਭਗਤ-ਕਵੀ ਕਬੀਰ ਨੇ ਅਕੱਥ ਰਹੱਸਵਾਦੀ ਅਨੁਭਵ ਨੂੰ ਇਉਂ ਪ੍ਰਗਟਾਇਆ ਹੈ :

ਕਹਿ ਕਬੀਰ ਗੂੰਗੈ ਗੁੜ ਖਾਇਆ,
ਪੂਛੇ ਤੇ ਕਿਆ ਕਹੀਐ।

ਇਹਨਾਂ ਪੰਕਤੀਆਂ ਵਿੱਚ ਕਬੀਰ ਨੇ ਬ੍ਰਹਮ-ਸਾਖਿਆਤਕਾਰ ਤੋਂ ਪ੍ਰਾਪਤ ਹੋਏ ਅਨੰਦ ਦੀ ਤੁਲਨਾ ਦ੍ਰਿਸ਼ਟਾਂਤ ਅਲੰਕਾਰ ਦੇ ਮਾਧਿਅਮ ਰਾਹੀਂ ਕੀਤੀ ਹੈ। ਜਿਵੇਂ ਗੂੰਗਾ ਵਿਅਕਤੀ ਗੁੜ ਖਾ ਕੇ ਉਸ ਦੇ ਸੁਆਦ ਦਾ ਅਨੁਭਵ ਤਾਂ ਕਰਦਾ ਹੈ ਪਰ ਵਰਨਣ ਨਹੀਂ ਕਰ ਸਕਦਾ, ਤਿਵੇਂ ਬ੍ਰਹਮ-ਸਾਖਿਆਤਕਾਰ ਦਾ ਅਨੰਦ ਵੀ ਅਕੱਥ ਹੈ। ਇਸੇ ਤਰ੍ਹਾਂ ਹੀ ਕਾਵਿ-ਰਸ ਦਾ ਅਨੰਦ ਵੀ ਅਕੱਥ ਹੈ।

### ਰਸ ਦੀ ਪ੍ਰਕਿਰਿਆ

ਰਸ ਦਾ ਸੰਬੰਧ ਮਨ ਨਾਲ਼ ਹੈ। ਇਉਂ ਰਸ ਇੱਕ ਮਨੋ-ਵਿਗਿਆਨਿਕ ਸਚਾਈ ਹੈ। ਸਾਡੇ ਅੰਤਰ-ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਜਜ਼ਬਾਤ ਨਿਵਾਸ ਕਰਦੇ ਹਨ। ਇਹ ਜਜ਼ਬਾਤ ਹੀ ਭਾਵ ਜਾਂ ਮਨੋਭਾਵ ਹਨ। ਸਾਹਿਤਿਕ ਵਾਤਾਵਰਨ ਕਰਕੇ ਜਾਂ ਹੋਰ ਕੋਈ ਉਕਸਾਊ ਕਾਰਨਾਂ ਕਰਕੇ ਜਦੋਂ ਇਹ ਜਜ਼ਬੇ ਜਾਂ ਮਨੋਭਾਵ ਹਿਲੂਣੇ ਜਾਂਦੇ ਹਨ ਤਾਂ ਉਹ ਉਤੇਜਿਤ ਹੋ ਕੇ ਸਾਡੇ ਦਿਲਾਂ 'ਤੇ ਛਾ ਜਾਂਦੇ ਹਨ, ਫਿਰ ਤਾਂ ਅਸੀਂ ਬਾਕੀ ਸਾਰਾ ਕੁਝ ਭੁੱਲ ਕੇ ਇਹਨਾਂ ਜਾਗੇ ਹੋਏ ਜਜ਼ਬਿਆਂ ਨਾਲ਼ ਸੁਹਜ-ਸੁਆਦ ਅਨੁਭਵ ਕਰਦੇ ਹਾਂ। ਇਸ ਸੁਹਜ-ਸੁਆਦ ਨੂੰ ਹੀ ਸਾਹਿਤ-ਆਲੋਚਨਾ ਦੀ ਸ਼ਬਦਾਵਲੀ ਵਿੱਚ "ਰਸ" ਕਿਹਾ ਜਾਂਦਾ ਹੈ।

ਇਸੇ ਗੱਲ ਨੂੰ ਰਸਵਾਦੀ ਆਲੋਚਕਾਂ ਨੇ ਕਈ ਤਰ੍ਹਾਂ ਦੀਆਂ ਜੁਗਤਾਂ ਨਾਲ਼ ਬਿਆਨ ਕੀਤਾ ਹੈ। ਭਰਤਮੁਨੀ ਨੇ ਲਿਖਿਆ ਹੈ ਕਿ ਅਸੀਂ ਕਈ ਤਰ੍ਹਾਂ ਦੇ ਤਰੀਕਿਆਂ ਨਾਲ਼ ਤਿਆਰ ਕੀਤੇ ਹੋਏ ਤਰ੍ਹਾਂ-ਤਰ੍ਹਾਂ ਦੇ ਭੋਜਨ-ਪਦਾਰਥਾਂ ਨੂੰ ਖਾ ਕੇ ਖ਼ੁਸ਼ੀ ਤੇ ਅਨੰਦ ਨੂੰ ਮਾਣਦੇ ਹਾਂ। ਇਸੇ ਤਰ੍ਹਾਂ ਸੰਵੇਦਨਸ਼ੀਲ ਦਰਸ਼ਕ, ਸ੍ਰੋਤੇ ਨਾਟਕਾਂ ਦੀ ਭਾਵਕ ਐਕਟਿੰਗ ਵੇਖ ਕੇ ਜਾਂ ਦਿਲਾਂ ਨੂੰ ਧੂਹ ਪਾਉਂਦੀ ਕੋਈ ਕਾਵਿ-ਰਚਨਾ ਸੁਣ ਕੇ ਉਤੇਜਿਤ ਹੋਏ ਸਥਾਈ ਮਨੋਭਾਵਾਂ ਦੇ ਰਸਮਈ ਅਹਿਸਾਸ ਨੂੰ ਮਾਣਦੇ ਹਨ।

ਇੱਕ ਹੋਰ ਵਿਦਵਾਨ ਆਚਾਰੀਆ ਵਿਸ਼ਵਨਾਥ ਨੇ ਦੱਸਿਆ ਹੈ ਕਿ ਜਿਵੇਂ ਦੁੱਧ ਨੂੰ ਜਾਗ ਲਾ ਕੇ ਦਹੀਂ ਬਣਾ ਲਿਆ ਜਾਂਦਾ ਹੈ, ਉਸੇ ਤਰ੍ਹਾਂ ਸਾਡੇ ਦਿਲਾਂ ਦੇ ਸੁੱਤੇ ਹੋਏ ਮਨੋਭਾਵਾਂ ਨੂੰ ਸਾਹਿਤਿਕ ਜਾਗ ਲਾ ਕੇ 'ਰਸ' ਦੀ ਸ਼ਕਲ ਵਿੱਚ ਰੁਪਾਂਤਰ ਕਰ ਦਿੱਤਾ ਜਾਂਦਾ ਹੈ। ਰੁਪਾਂਤਰ ਹੋਏ ਇਹ ਭਾਵ [ਜਜ਼ਬੇ] ਹੀ ਰਸ ਹੋ ਨਿੱਬੜਦੇ ਹਨ।

## ਰਸ ਦੀ ਸਮਗਰੀ

ਰਸ ਦੀ ਮੰਜ਼ਲ ਤੱਕ ਪਹੁੰਚਣ ਲਈ ਵਿਦਵਾਨਾਂ ਨੇ ਸਾਹਿਤ-ਰਚਨਾ ਵਿੱਚ ਤਿੰਨ ਤਰ੍ਹਾਂ ਦੀ ਕਲਾ-ਸਮਗਰੀ ਦੀ ਕਲਪਨਾ ਕੀਤੀ ਹੈ। ਇੱਕ ਕਾਰਨ ਹੈ-ਸਮਗਰੀ ਦੂਜਾ ਹੈ-ਕਾਰਜ ਅਤੇ ਤੀਜਾ ਹੈ-ਸਹਿਕਾਰੀ ਕਾਰਨ।

ਜਿਨ੍ਹਾਂ ਵਸਤੂਆਂ, ਵਿਸ਼ਿਆਂ, ਘਟਨਾਵਾਂ ਜਾਂ ਨਜ਼ਾਰਿਆਂ ਦੇ ਵਰਨਣ ਨਾਲ਼ ਪਿਆਰ ਆਦਿ ਸਥਾਈ ਭਾਵ ਜਾਗਦੇ ਹਨ, ਉਹ ਕਾਰਨ ਹਨ। ਇਹਨਾਂ ਦੀ ਉਦਾਹਰਨ ਪ੍ਰੋ. ਮੋਹਨ ਸਿੰਘ ਦੀਆਂ ਹੇਠ ਲਿਖੀਆਂ ਕਾਵਿ-ਸਤਰਾਂ ਵਿੱਚ ਵੇਖਣ ਨੂੰ ਮਿਲ਼ਦੀ ਹੈ -

ਡੂੰਘੀ ਆਥਣ ਹੋ ਗਈ ਮਾਹੀਆ, ਲੱਥੀ ਸੰਝ ਚੁਫੇਰ ਵੇ।
ਵਿੱਚ ਪੱਛਮ ਦੇ ਸੂਹੀ ਲਾਂਗੜ, ਸੂਰਜ ਦਿੱਤੀ ਖਲੇਰ ਵੇ।
ਲੋਪ ਹੋਈ ਚਾਨਣ ਦੀ ਸੱਗੀ ਸੰਘਣਾ, ਹੋਇਆ ਹਨੇਰ ਵੇ।
ਇਤਨੀ ਵੀ ਕੀ ਦੇਰੀ ਮਾਹੀਆ, ਇਤਨੀ ਵੀ ਕੀ ਦੇਰ ਵੇ।

ਏਥੇ ਕਵੀ ਨੇ ਡੂੰਘੀ ਆਥਣ, ਸੰਝ ਦਾ ਵੇਲ਼ਾ, ਪੱਛਮ ਦੀ ਲਾਲੀ ਆਦਿ ਕੁਦਰਤੀ ਦ੍ਰਿਸ਼ਾਂ ਦਾ ਜੋ ਬਿਆਨ ਕੀਤਾ ਹੈ, ਉਸ ਨਾਲ਼ ਬਿਰਹਣ ਨਾਇਕਾ ਦਾ ਪਿਆਰ-ਭਾਵ ਹੋਰ ਤਿੱਖਾ ਤੇ ਹੋਰ ਉਤੇਜਿਤ ਹੁੰਦਾ ਹੈ। ਇਹ ਦ੍ਰਿਸ਼ "ਰਸ" ਦੀ ਕਾਰਨ-ਸਮਗਰੀ ਹੈ।

ਕਾਰਨਾਂ ਤੋਂ ਬਾਅਦ ਕਾਰਜ ਹੁੰਦਾ ਹੈ। ਉਪਰੋਕਤ ਕਾਰਨਾਂ ਕਰਕੇ ਨਾਇਕਾ ਦਾ ਪਿਆਰ-ਭਾਵ ਰੁਮਾਂਚ, ਅੱਖਾਂ ਵਿੱਚ ਚਮਕ, ਬੋਲਾਂ ਵਿੱਚ ਮਸਤੀ ਆਦਿ ਰਾਹੀਂ ਬਾਹਰ ਪ੍ਰਗਟ ਹੁੰਦਾ ਹੈ। ਇਹ ਕਾਰਜ-ਸਮਗਰੀ ਹੈ ਜੋ ਪ੍ਰਤੱਖ ਹੈ। ਤੀਜੀ ਕਿਸਮ ਦੀ ਰਸ-ਸਮਗਰੀ ਹੈ, ਸਹਿਕਾਰੀ ਕਾਰਨ, ਜਿਵੇਂ; ਯਾਦ, ਚਿੰਤਾ, ਸ਼ੰਕਾ, ਪਛਤਾਵਾ ਆਦਿ। ਇਹ ਪ੍ਰਗਟ ਤੇ ਪ੍ਰਤੱਖ ਹੋਏ ਪਿਆਰ ਦੀ ਪੁਸ਼ਟੀ ਕਰਦੇ ਹਨ। ਇਸ ਤਰ੍ਹਾਂ ਤਿੰਨ ਕਿਸਮ ਦੀ ਕਲਾ-ਸਮਗਰੀ ਦੇ ਸੁਮੇਲ ਨਾਲ਼ ਦਰਸ਼ਕ, ਸ੍ਰੋਤੇ ਦੇ ਦਿਲ ਵਿੱਚ ਮੌਜੂਦ ਸਥਾਈ ਪ੍ਰੀਤ-ਭਾਵ ਸਰਗਰਮ ਹੋ ਕੇ ਸ਼ਿੰਗਾਰ-ਰਸ ਦੀ ਸ਼ਕਲ ਵਿੱਚ ਪ੍ਰਗਟ ਹੋ ਜਾਂਦਾ ਹੈ।

ਉੱਪਰ ਬਿਆਨ ਕੀਤੀ ਰਸ-ਸਮਗਰੀ ਸਿਰਫ਼ ਰਸ ਦੇ ਪ੍ਰਗਟਾਅ ਲਈ ਹੀ ਹੈ। ਬਾਕੀ ਬੀਰ-ਰਸ, ਹਾਸ-ਰਸ, ਭਿਆਨਕ ਰਸ ਆਦਿ ਲਈ ਵੱਖੋ-ਵੱਖਰੀ ਕਾਵਿ-ਸਮਗਰੀ ਦਾ ਹੋਣਾ ਜ਼ਰੂਰੀ ਹੈ।

ਉੱਪਰ ਜਿਹੜੀ ਰਸ ਦੀ ਸਮਗਰੀ ਬਿਆਨ ਕੀਤੀ ਗਈ ਹੈ, ਉਸ ਦਾ ਆਧਾਰ ਭਰਤਮੁਨੀ ਦਾ ਇੱਕ ਸਿਧਾਂਤ-ਸੂਤਰ ਹੈ। ਇਸ ਸੂਤਰ ਦੇ ਅਨੁਸਾਰ ਦੱਸਿਆ ਗਿਆ ਹੈ ਕਿ ਵਿਭਾਵ (ਕਾਰਨ), ਅਨੁਭਾਵ (ਕਾਰਜ) ਤੇ ਸਹਿਕਾਰੀ ਭਾਵ (ਸਹਿਕਾਰੀ ਕਾਰਨ) ਦੇ ਸੰਜੋਗ ਨਾਲ਼ ਰਸ ਪ੍ਰਗਟ ਹੁੰਦਾ ਹੈ।

## ਕਾਵਿ-ਰਸ : ਕੁਝ ਪ੍ਰਮੁੱਖ ਸੰਕਲਪ

ਕਾਵਿ-ਰਸ ਸੰਬੰਧੀ ਚਰਚਾ ਕਰਨ ਵੇਲ਼ੇ ਕੁਝ ਪ੍ਰਮੁੱਖ ਸੰਕਲਪਾਂ ਸੰਬੰਧੀ ਗਿਆਨ ਹੋਣਾ ਜ਼ਰੂਰੀ ਹੈ -

### ਸਥਾਈ ਭਾਵ :

ਮਨੁੱਖ ਭਾਵਾਂ ਦਾ ਮੁਜੱਸਮਾ ਹੈ, ਭਾਵ ਮਨੁੱਖ ਦੀਆਂ ਜਮਾਂਦਰੂ ਚਿੱਤ-ਬਿਰਤੀਆਂ ਹਨ। ਅਨੇਕ ਪ੍ਰਕਾਰ ਦੀਆਂ ਪਰਿਸਥਿਤੀਆਂ ਅਤੇ ਪ੍ਰਭਾਵਾਂ ਕਾਰਨ ਵੀ ਸਾਡੇ ਮਨ ਵਿੱਚ ਕੁਝ ਸੰਸਕਾਰ ਬਣਦੇ ਰਹਿੰਦੇ ਹਨ। ਇਹ ਲੁਪਤ ਜਾਂ ਜਾਗ੍ਰਿਤ ਰੂਪ ਵਿੱਚ ਸਾਡੇ ਚੇਤਨ/ਅਵਚੇਤਨ ਮਨ ਦਾ ਸਥਾਈ ਅੰਗ ਬਣ ਜਾਂਦੇ ਹਨ। ਰਸ-ਸਮਗਰੀ ਦੇ ਸਾਮ੍ਹਣੇ ਹੋਣ 'ਤੇ ਇਹੀ ਸਥਾਈ ਭਾਵ ਜਾਗਦੇ ਹਨ ਅਤੇ ਪਰਿਪੱਕ ਹੋ ਕੇ 'ਰਸ' ਵਿੱਚ ਬਦਲ ਜਾਂਦੇ ਹਨ। ਸਥਾਈ ਭਾਵ ਰਸ ਦੀ ਬੁਨਿਆਦ ਹਨ। ਗਿਣਤੀ ਵਿੱਚ ਸਥਾਈ ਭਾਵ ਨੌਂ ਹਨ, ਜੋ ਇਸ ਪ੍ਰਕਾਰ ਹਨ : ਪ੍ਰੀਤ, ਹਾਸਾ, ਸ਼ੋਕ, ਕ੍ਰੋਧ, ਉਤਸ਼ਾਹ, ਭੈ, ਘਿਰਨਾ(ਸੂਗ), ਅਸਚਰਜ ਤੇ ਵੈਰਾਗ।

## ਵਿਭਾਵ :

ਅਜਿਹੀ ਸਮਗਰੀ ਜਿਹੜੀ ਮਨ ਵਿੱਚ ਬੈਠੇ ਸਥਾਈ ਭਾਵ ਨੂੰ ਜਗਾਉਣ ਦਾ ਕਾਰਨ ਬਣਦੀ ਹੈ, ਵਿਭਾਵ ਅਖਵਾਉਂਦੀ ਹੈ। ਵਿਭਾਵ ਦੋ ਤਰ੍ਹਾਂ ਦੇ ਮੰਨੇ ਜਾਂਦੇ ਹਨ- ਆਲੰਬਨ ਵਿਭਾਵ ਤੇ ਉਦੀਪਨ ਵਿਭਾਵ। ਆਲੰਬਨ ਦਾ ਅਰਥ ਹੈ ਸਹਾਰਾ ਜਾਂ ਆਸਰਾ। ਆਲੰਬਨ ਵਿਭਾਵ ਰਸ ਦਾ ਆਧਾਰ ਹੁੰਦੇ ਹਨ। ਉਦੀਪਨ ਦੇ ਕੋਸ਼ਗਤ ਅਰਥ ਹਨ-ਭੜਕਾਉਣ ਜਾਂ ਉਤੇਜਿਤ ਕਰਨ ਦੀ ਕਿਰਿਆ। ਇਸ ਤਰ੍ਹਾਂ ਕਾਵਿ ਵਿੱਚ ਰਸ ਨੂੰ ਵਧਾਉਣ ਵਾਲ਼ੇ ਵਿਭਾਵ ਨੂੰ ਉਦੀਪਨ ਕਹਿੰਦੇ ਹਨ।

## ਅਨੁਭਾਵ : (ਪਰਛਾਂਵਾਂ) (Consequents)

ਸਥਾਈ ਭਾਵ ਜਾਗਣ ਤੋਂ ਪਿੱਛੋਂ ਦੀਆਂ ਵਿਭਿੰਨ ਚੇਸ਼ਟਾਵਾਂ ਨੂੰ ਅਨੁਭਵ ਕਿਹਾ ਜਾਂਦਾ ਹੈ। ਆਚਾਰੀਆ ਵਿਸ਼ਵਨਾਥ ਅਨੁਸਾਰ ਆਲੰਬਨ, ਉਦੀਪਨ ਆਦਿ ਕਾਰਨਾਂ ਤੋਂ ਪੈਦਾ ਹੋਏ ਭਾਵ ਦਾ ਬਾਹਰਮੁਖੀ ਪ੍ਰਗਟਾਅ ਅਨੁਭਾਵ ਹੈ। ਮਨੁੱਖ ਦੇ ਹਾਵ-ਭਾਵ ਤੇ ਹਰਕਤਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਕਿਹੜੀ ਭਾਵ-ਸਥਿਤੀ ਵਿੱਚ ਡੁੱਬਿਆ ਹੋਇਆ ਹੈ। ਇਹ ਹਾਵ-ਭਾਵ/ ਹਰਕਤਾਂ ਚਾਰ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ-

(ੳ) ਕਾਇਕ (ਸਰੀਰਿਕ ਅੰਗਾਂ ਦੀਆਂ ਹਰਕਤਾਂ)

(ਅ) ਵਾਚਿਕ (ਵਾਣੀ ਨਾਲ਼ ਸੰਬੰਧਿਤ)

(ੲ) ਆਹਾਰਯ (ਹਾਰ-ਸ਼ਿੰਗਾਰ/ਪਹਿਰਾਵੇ ਨਾਲ਼ ਸੰਬੰਧਿਤ)

(ਸ) ਸਾਤਵਿਕ (ਮਾਨਸਿਕ ਪ੍ਰਭਾਵ)

## ਸੰਚਾਰੀ ਭਾਵ (ਸਹਿਕਾਰੀ ਭਾਵ) (Secondary moods)

ਸੰਚਾਰਸ਼ੀਲ ਤੇ ਅਟਿਕਵੇਂ ਜਾਂ ਅਸਥਿਰ ਮਨੋਵਿਕਾਰਾਂ ਜਾਂ ਚਿੱਤ-ਬਿਰਤੀਆਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। ਇਹ ਸਥਾਈ ਭਾਵਾਂ ਨੂੰ ਪੁਸ਼ਟ ਕਰਕੇ ਰਸ ਦੀ ਪਰਿਪੱਕਤਾ ਲਈ ਲਾਭਦਾਇਕ ਹੁੰਦੇ ਹਨ। ਇਹਨਾਂ ਦੀ ਹੋਂਦ ਜਲ-ਤਰੰਗ ਜਾਂ ਪਾਣੀ ਦੇ ਬੁਲਬੁਲਿਆਂ ਵਾਂਗ ਮੰਨੀ ਗਈ ਹੈ। ਸੰਚਾਰੀ ਭਾਵਾਂ ਦਾ ਸੁਭਾਅ ਚੰਚਲ ਹੁੰਦਾ ਹੈ। ਕਾਵਿ/ਨਾਟਕ ਵਿੱਚ ਇਹ ਸੰਚਾਰੀ ਭਾਵ ਬਿਜਲੀ ਦੀ ਤਰ੍ਹਾਂ ਲਿਸ਼ਕਦੇ ਤੇ ਤਾਰਿਆਂ ਵਾਂਗ ਜਗਦੇ-ਬੁਝਦੇ ਰਹਿੰਦੇ ਹਨ।

## ਸਧਾਰਨੀਕਰਨ

ਸਧਾਰਨੀਕਰਨ ਦਾ ਸਿੱਧਾ-ਸਾਦਾ ਸ਼ਾਬਦਿਕ ਅਰਥ ਤਾਂ ਹੈ ਸਰਬ-ਸਧਾਰਨ ਹੋਣਾ, ਖ਼ਾਸ ਜਾਂ ਵਿਸ਼ੇਸ਼ ਦਾ ਨਾ ਹੋ ਕੇ ਸਰਬ-ਸਾਂਝਾ ਹੋਣਾ। ਸਧਾਰਨੀਕਰਨ ਇੱਕ ਤਰ੍ਹਾਂ ਦੀ ਕਲਾ-ਜੁਗਤ ਹੈ ਜੋ ਕਾਵਿ ਜਾਂ ਨਾਟਕ ਦੀ ਵਿਸ਼ੇਸ਼ ਸ਼ਬਦਾਤਮ-ਵਸਤੂ ਨੂੰ ਨਿਰਾਲੀ 'ਭਾਵ-ਸਾਂਝ' ਵਿੱਚ ਰੂਪਾਂਤਰਿਤ ਕਰਕੇ ਰਸ ਦੀ ਚੋਟੀ ਤੱਕ ਪਹੁੰਚਾ ਦਿੰਦੀ ਹੈ। ਕਵਿਤਾ ਸੁਣ ਰਿਹਾ ਸ੍ਰੋਤਾ ਜਾਂ ਨਾਟਕ ਵੇਖ ਰਿਹਾ ਦਰਸ਼ਕ ਇਸ ਤਰ੍ਹਾਂ ਰਸ-ਮਗਨ ਹੋ ਜਾਂਦਾ ਹੈ ਕਿ ਉਹ ਕਵੀ ਜਾਂ ਨਾਟਕਕਾਰ ਨਾਲ਼ ਭਾਵਾਤਮਿਕ ਸਾਂਝ ਤੇ ਰਿਸ਼ਤਾ ਕਾਇਮ ਕਰ ਲੈਂਦਾ ਹੈ। ਇਹ ਇੱਕ ਅਜਿਹੀ ਮਨੋਸਥਿਤੀ ਹੈ ਜਿੱਥੇ ਵਿਸ਼ੇ ਅਤੇ ਪਾਠਕ ਵਿੱਚ ਪੂਰਨ ਸੰਬੰਧ ਪੈਦਾ ਹੋ ਜਾਂਦਾ ਹੈ। ਕਵੀ ਅਤੇ ਪਾਠਕ ਵਿਚਕਾਰ ਜਜ਼ਬਿਆਂ, ਸੁੱਖਾਂ-ਦੁੱਖਾਂ ਦੀ ਸਾਂਝ ਪੈਦਾ ਹੋ ਜਾਂਦੀ ਹੈ। ਇਉਂ ਵਿਭਾਵ, ਅਨੁਭਾਵ, ਸਹਿਕਾਰੀ/ਸੰਚਾਰੀ ਅਤੇ ਸਥਾਈ ਭਾਵ ਦੇ ਸਰਬ-ਸਾਂਝਾ ਹੋ ਜਾਣ ਦੀ ਕਿਰਿਆ ਹੀ ਸਧਾਰਨੀਕਰਨ ਹੈ। ਇਸੇ ਕਾਰਨ ਪਾਠਕ, ਦਰਸ਼ਕ ਜਾਂ ਸ੍ਰੋਤੇ ਪਾਤਰਾਂ ਦੇ ਦੁੱਖ ਸਮੇਂ ਦੁਖੀ, ਖ਼ੁਸ਼ੀ ਸਮੇਂ ਖ਼ੁਸ਼ ਹੁੰਦੇ ਹਨ ਅਰਥਾਤ ਉਹਨਾਂ ਵਿੱਚ ਇਕਮਿਕਤਾ ਦਾ ਸੰਬੰਧ ਸਥਾਪਿਤ ਹੋ ਜਾਂਦਾ ਹੈ।

## ਰਸ ਦੇ ਪ੍ਰਕਾਰ

ਰਸ ਇੱਕ ਚੇਤਨਾਮਈ ਅਨੰਦ-ਸਰੂਪ ਹੈ ਜਾਂ ਇਉਂ ਕਹਿ ਲਈਏ ਕਿ 'ਰਸ' ਇੱਕ ਅਨੰਦਮਈ ਚੇਤਨਾ ਹੈ। ਜਦੋਂ ਅਸੀਂ ਇਸ ਨੂੰ ਅਨੰਦ-ਸਰੂਪ ਜਾਂ ਚੇਤਨਾ ਕਹਿੰਦੇ ਹਾਂ ਤਾਂ ਰਸ ਦੇ ਭੇਦ ਜਾਂ ਪ੍ਰਕਾਰ ਸੰਭਵ ਨਹੀਂ ਪਰੰਤੂ ਜਦੋਂ ਅਸੀਂ ਰਸ ਦੀ ਉਤਪਤੀ ਨਾਲ਼ ਸੰਬੰਧਿਤ ਪ੍ਰਕਿਰਿਆ ਵੱਲ ਧਿਆਨ ਦਿੰਦੇ ਹਾਂ ਤਾਂ ਰਸ ਦੇ ਭੇਦ-ਉਪਭੇਦ ਦਰਸਾਉਣੇ ਸੰਭਵ ਤੇ ਸੌਖੇ ਹੋ

ਜਾਂਦੇ ਹਨ। ਪ੍ਰਾਚੀਨ ਭਾਰਤੀ ਰਸਵਾਦੀ ਚਿੰਤਕਾਂ ਨੇ ਰਸ ਦੇ ਕਈ ਭੇਦ ਦੱਸੇ ਹਨ। ਭਾਰਤ ਦੇ ਪ੍ਰਾਚੀਨ ਸਾਹਿਤ ਵਿੱਚ ਮੁੱਖ ਰੂਪ ਵਿੱਚ ਨੌਂ ਰਸ ਮੰਨੇ ਗਏ ਹਨ :

1. ਸ਼ਿੰਗਾਰ ਰਸ : ਇਸ ਦਾ ਸਥਾਈ ਭਾਵ ਪ੍ਰੇਮ (ਪ੍ਰੀਤ) ਹੈ।
2. ਹਾਸ ਰਸ : ਇਸ ਦਾ ਸਥਾਈ ਭਾਵ ਹਾਸਾ ਹੈ।
3. ਕਰੁਣਾ ਰਸ : ਇਸ ਦਾ ਸਥਾਈ ਭਾਵ ਸ਼ੋਕ ਹੈ।
4. ਰੌਦਰ ਰਸ : ਇਸ ਦਾ ਸਥਾਈ ਭਾਵ ਕਰੋਧ ਹੈ।
5. ਵੀਰ ਰਸ [ਬੀਰ ਰਸ] : ਇਸ ਦਾ ਸਥਾਈ ਭਾਵ ਉਤਸ਼ਾਹ ਹੈ।
6. ਭਿਆਨਕ ਰਸ : ਇਸ ਦਾ ਸਥਾਈ ਭਾਵ ਭੈ ਹੈ।
7. ਅਦਭੁਤ ਰਸ : ਇਸ ਦਾ ਸਥਾਈ ਭਾਵ ਅਸਚਰਜ ਵਿਸਮੈ ਹੈ।
8. ਵੀਭਤਸ ਰਸ : ਇਸ ਦਾ ਸਥਾਈ ਭਾਵ ਘਿਰਨਾ ਹੈ।
9. ਸ਼ਾਂਤ ਰਸ : ਇਸ ਦਾ ਸਥਾਈ ਭਾਵ ਵੈਰਾਗ ਹੈ।

### ਸ਼ਿੰਗਾਰ ਰਸ :-

ਸਾਰਿਆਂ ਰਸਾਂ ਵਿੱਚੋਂ ਸ਼ਿੰਗਾਰ ਰਸ ਨੂੰ ਪਹਿਲਾ ਸਥਾਨ ਪ੍ਰਾਪਤ ਹੈ। ਇਸ ਲਈ ਸ਼ਿੰਗਾਰ ਰਸ ਨੂੰ ਰਸਾਂ ਦਾ ਰਾਜਾ ਅਰਥਾਤ ਰਸ-ਰਾਜ ਕਿਹਾ ਜਾਂਦਾ ਹੈ। ਕਈ ਵਿਦਵਾਨ ਇਹ ਵੀ ਆਖਦੇ ਹਨ ਕਿ ਅਸਲ ਵਿੱਚ ਇਹ ਇੱਕੋ ਰਸ ਹੈ ਜੋ ਸ਼ਿੰਗਾਰ ਰਸ ਹੈ ਬਾਕੀ ਰਸ ਤਾਂ ਉਸੇ ਵਿੱਚ ਹੀ ਸਮਾ ਜਾਂਦੇ ਹਨ। ਭੋਜਰਾਜ ਨੇ ਲਿਖਿਆ ਹੈ ਕਿ ਜੇਕਰ ਕਵੀ ਸ਼ਿੰਗਾਰ-ਰਸੀ ਹੋਵੇਗਾ ਤਾਂ ਸਾਰਾ ਜਹਾਨ ਰਸਮਈ ਹੋ ਨਿੱਬੜੇਗਾ, ਨਹੀਂ ਤਾਂ ਸਾਰਾ ਸੰਸਾਰ ਰਸਹੀਣ ਹੋ ਜਾਵੇਗਾ। ਭਰਤਮੁਨੀ ਦਾ ਕਹਿਣਾ ਹੈ ਕਿ ਸੰਸਾਰ ਵਿੱਚ ਜੋ ਕੁਝ ਵੀ ਪਵਿੱਤਰ ਤੇ ਉੱਜਵਲ ਹੈ, ਉਹ ਸ਼ਿੰਗਾਰ ਰਸ ਵਿੱਚ ਸ਼ਾਮਲ ਹੈ। ਸ਼ਿੰਗਾਰ ਰਸ ਦੋ ਤਰ੍ਹਾਂ ਦਾ ਹੈ : ਸੰਜੋਗ ਤੇ ਵਿਜੋਗ-ਸ਼ਿੰਗਾਰ ਜਾਂ ਵਸਲ ਤੇ ਹਿਜਰ। ਸ਼ਿੰਗਾਰ ਦਾ ਸਥਾਈ ਭਾਵ ਪ੍ਰੇਮ/ਪ੍ਰੀਤ ਹੈ। ਪ੍ਰੀਤਵਾਨ ਨਾਇਕਾ ਵੱਲੋਂ ਮਿਲਣ ਦੀ ਖ਼ੁਸ਼ੀ, ਵਿਛੋੜੇ ਦੀ ਚੀਸ, ਬਿਰਹੋਂ ਦੀ ਪੀੜ ਜਾਂ ਵਸਲ ਲਈ ਤੜਪ ਤੇ ਵਿਆਕੁਲਤਾ ਆਦਿ ਜੋ ਕੁਝ ਵੀ ਜ਼ਿੰਦਗੀ ਨੂੰ ਰਸੀਲਾ ਬਣਾਉਂਦਾ ਹੈ, ਉਹ ਸਭ ਕੁਝ ਸ਼ਿੰਗਾਰ ਰਸ ਦਾ ਕਮਾਲ ਹੈ। ਪਹਿਲਾਂ ਸੰਜੋਗ-ਸ਼ਿੰਗਾਰ ਰਸ ਦਾ ਉਦਾਹਰਨ ਵੇਖੋ :

ਕੋਈ ਆਇਆ
ਸਰਘੀਸਾਰ ਮੇਰੇ ਕੋਲ਼।
ਤੇ ਮੂੰਹ-ਝਾਖਰੇ ਵਿੱਚ
ਸਿਂਞਾਤੇ ਬੋਲ।
ਸੁੱਤੇ ਸੂਰਜ ਤੇ ਚੰਦ
ਤਾਰਿਆਂ ਦੀ ਲਿਸ਼ਲਿਸ਼ ਬੰਦ
ਪਰ ਹੱਸਦੇ ਨੂਰਾਂ ਨਾਲ਼,
ਭਰੀ ਮੇਰੀ ਝੋਲ਼।

(ਪ੍ਰੀਤਮ ਸਿੰਘ ਸਫ਼ੀਰ-'ਸਰਘੀ ਸਾਰ')

ਕੁਦਰਤ ਦਾ ਦਿਲ-ਖਿੱਚਵਾਂ ਚਿਤਰਨ ਵੀ ਸ਼ਿੰਗਾਰ ਰਸ ਵਿੱਚ ਆਉਂਦਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੱਜ ਕੋਈ ਆਇਆ ਸਾਡੇ ਵੇਹੜੇ', ਸੰਜੋਗ-ਸ਼ਿੰਗਾਰ ਰਸ ਦੀ ਅਤੇ ਕਵਿਤਾ 'ਸਵੇਰ' ਵਿਜੋਗ ਸ਼ਿੰਗਾਰ-ਰਸ ਦੀ ਉਦਾਹਰਨ ਹੈ -

### ਸੰਜੋਗ ਜਾਂ ਵਸਲ

ਨੀ ਅੱਜ ਕੋਈ ਆਇਆ ਸਾਡੇ ਵੇਹੜੇ।
ਤੱਕਣ ਚੰਨ ਸੂਰਜ ਢੁੱਕ-ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ।
ਆਇਆ ਨੀਂ ਖ਼ੌਰੇ ਅੰਬਰ ਘੰਮ-ਘੁੰਮ ਕਿਹੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ।
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।
ਰੱਖੋ ਨੀ ਇਹਨੂੰ ਚੁੱਕ-ਚੁੱਕ ਚਸ਼ਮਾਂ ਉੱਤੇ।
ਕਰੋ ਨੀ ਇਹਨੂੰ ਘੁੱਟ-ਘੁੱਟ ਜਿੰਦ ਦੇ ਨੇੜੇ।
ਪੁੱਛੋ ਨੀ ਇਹ ਕੌਣ ਤੇ ਕਿੱਥੋਂ ਆਇਆ।
ਤੱਕੋ ਨੀ ਇਹਦਾ ਰੂਪ ਭੁੱਲਾ ਸਭ ਝੇੜੇ।
ਨੀ ਅੱਜ ਕੋਈ ਆਇਆ ਸਾਡੇ ਵੇਹੜੇ।

('ਅਧਵਾਟੇ' ਮੋਹਨ ਸਿੰਘ)

### ਵਿਯੋਗ ਜਾਂ ਬਿਰਹੋਂ-

ਸਰਘੀ ਵਰਗੇ ਮੂੰਹ ਦੇ ਬਾਝੋਂ, ਕਿਹੜੇ ਕੰਮ ਸਵੇਰਾਂ ਨੇ।
ਯਾਦਾਂ ਭੇਜੇ ਆਪ ਨਾ ਆਵੇਂ,
ਇਹ ਕੇਹੀਆਂ ਦਿਲਬਰੀਆਂ ਨੇ।

('ਸਵੇਰ' ਮੋਹਨ ਸਿੰਘ)

ਜਾਂ

ਰਾਤੀਂ ਨੀਂਦ ਅਰਾਮ ਨਾ ਆਵੇ ਦਿਨੇ ਰਹੇ ਨਿੱਤ ਰਾਹੀਂ,
ਹਾਸ਼ਮ ਜਾਨ ਛਡਾਵਨ ਮੁਸ਼ਕਲ ਬੁਰੀ ਇਸ਼ਕ ਦੀ ਫਾਹੀ,
ਆਹੀਂ ਮਾਰੇ ਤੇ ਗ਼ਮ ਖਾਵੇ, ਪੀਵੇ ਖ਼ੂਨ ਜਿਗਰ ਦਾ,
ਰੋਵੇ ਪੀੜ ਕਰੇ ਦਿਲ ਘਾਇਲ ਜ਼ਖ਼ਮੀ ਵਸਲ ਹਿਜਰ ਦਾ।

(ਸੋਹਣੀ ਮਹੀਂਵਾਲ)

ਜਾਂ

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ,
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਿਣਾ,
ਯਾਰੜੇ ਦਾ ਸਾਨੂੰ ਸਥਰੁ ਚੰਗਾ,
ਭਠ ਖੇੜਿਆਂ ਦਾ ਰਹਿਣਾ।

(ਗੁਰੂ ਗੋਬਿੰਦ ਸਿੰਘ ਜੀ)

### ਹਾਸ ਰਸ :-

ਜਦੋਂ ਸਾਨੂੰ ਜ਼ਿੰਦਗੀ ਫਿੱਕੀ-ਫਿੱਕੀ ਲੱਗਦੀ ਹੈ, ਖ਼ੁਸ਼ੀਆਂ-ਖੇੜੇ ਤੇ ਚਾਅ ਪਲ-ਪਲ ਘਟਦੇ ਹਨ, ਉਦੋਂ ਖਿੜ-ਖਿੜ ਕਰਦਾ ਹਾਸਾ ਸਾਨੂੰ ਰੌਣਕਾਂ ਬਖ਼ਸ਼ਦਾ ਹੈ। ਇਸ ਰੌਣਕਾਂ-ਬਖ਼ਸ਼ ਹਾਸੇ ਤੋਂ ਹੀ "ਹਾਸ ਰਸ" ਉਜਾਗਰ ਹੁੰਦਾ ਹੈ।

ਹਾਸਾ ਕਈ ਤਰ੍ਹਾਂ ਦਾ ਹੁੰਦਾ ਹੈ। ਇੱਕ ਹਾਸਾ ਸਾਡਾ ਜੀਅ ਦੁਖਾਏ, ਇੱਕ ਹਾਸਾ ਸਾਡਾ ਮਨ ਪਰਚਾਵੇ, ਇੱਕ ਸਾਡਾ ਤਣਾਅ ਘਟਾਵੇ, ਇੱਕ ਹਾਸਾ ਸਾਨੂੰ ਚੋਭ ਲਾਵੇ, ਇੱਕ ਉਹ ਵੀ ਹਾਸਾ ਹੈ ਜੋ ਸਮਾਜਿਕ ਬੁਰਾਈਆਂ ਨੂੰ ਨਸ਼ਤਰਾਂ ਲਾਵੇ। ਪਰ ਕਵੀ ਤੇ ਕਲਾਕਾਰ ਦਾ ਹਾਸਾ ਉਸਾਰੂ ਹੁੰਦਾ ਹੈ। ਮਨੁੱਖੀ ਜੀਵਨ ਵਿੱਚ ਅਨਮੋਲ ਗੱਲਾਂ, ਅਨਮੋਲ ਘਟਨਾਵਾਂ ਅਤੇ ਹੋਰ ਅਜੋੜ ਤੇ ਅਨਮੋਲ ਹਰਕਤਾਂ ਦਾ ਹਸਾਉਣਾ ਮਸਾਲਾ ਇਕੱਠਾ ਕਰਕੇ ਕਲਾਕਾਰ ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ਼ ਭਰਪੂਰ ਕਰਨ ਦੀ ਲੋਚਾ ਰੱਖਦਾ ਹੈ। ਇਹ ਸਾਹਿਤਿਕ ਹਾਸਾ ਹੈ। ਅਸਲ ਵਿੱਚ ਸਾਹਿਤਿਕ ਹਾਸਾ ਦੁਧਾਰੀ ਤਲਵਾਰ ਹੈ। ਉੱਪਰੋਂ ਇਹ ਹੌਲ਼ਾ-ਫੁੱਲ ਦਿਸਦਾ ਹੈ ਪਰ ਵਿੱਚੋਂ ਇਹ ਕੋਈ ਡੂੰਘੀ ਮਾਰ ਕਰਦਾ ਹੈ। ਸਾਹਿਤਿਕ ਹਾਸਾ ਕਾਟ ਵੀ ਕਰਦਾ ਹੈ ਪਰ ਪੀੜ ਨਹੀਂ ਹੋਣ ਦੇਂਦਾ। ਹਾਸੇ ਦੀ ਵਿਅੰਗੋਕਤੀ ਕਮਾਲ ਹੈ ਕਿ ਇਹ ਵਿਅਕਤੀ ਜਾਂ ਸਮਾਜ ਨੂੰ ਉਸ ਦੀਆਂ ਕਮੀਆਂ ਤੋਂ ਖ਼ਬਰਦਾਰ ਕਰਕੇ ਉਸ ਨੂੰ ਸਿੱਧੇ ਰਾਹ ਪਾਉਣ ਲਈ ਯਤਨਸ਼ੀਲ ਹੁੰਦੀ ਹੈ।

ਪੰਜਾਬੀ ਸਾਹਿਤ ਵਿੱਚ ਸੁਥਰਾ, ਬੁੱਲ੍ਹੇ ਸ਼ਾਹ ਦੇ ਹਾਸ-ਰਸੀ ਕਾਵਿ-ਬੋਲ ਮਸ਼ਹੂਰ ਹਨ। ਸੁਥਰੇ ਦੇ ਸਿੱਧੇ-ਸਾਦੇ ਬੋਲ ਕਿਵੇਂ ਮਿੰਨ੍ਹਾ-ਮਿੰਨ੍ਹਾ ਹਾਸਾ ਛੇੜਦੇ ਹਨ, ਵੇਖੋ :

" ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ਼ ਵਾਹਿਆ
ਬੁੱਢੇ ਹੋਏ ਮਾਲ਼ਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।"

ਬੁੱਲ੍ਹਾ ਕਹਿੰਦਾ ਹੈ : "ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਤੇ ਉੱਧਰ ਲਾਉਣਾ।" ਚਰਨ ਸਿੰਘ ਸ਼ਹੀਦ ਦੀਆਂ "ਬਾਦਸ਼ਾਹੀਆਂ", ਈਸ਼ਰ ਸਿੰਘ ਭਾਈਆ, ਸੂਬਾ ਸਿੰਘ, ਡਾ. ਗੁਰਨਾਮ ਸਿੰਘ ਤੀਰ ਵੀ ਹਾਸ-ਰਸੀ ਕਵੀ ਹੋਏ ਹਨ। ਤੀਰ ਨੇ "ਰਾਂਝੇ ਦਾ ਮੈਮੋਰੈਂਡਮ" ਵਿੱਚ ਰਾਂਝੇ ਦਾ ਅੰਗਰੇਜ਼ੀਕਰਨ ਕੀਤਾ ਹੈ, ਵੰਨਗੀ ਪੇਸ਼ ਹੈ –

### ਉਦਾਹਰਨ :-

"ਮੈਡਮ, ਕੀ ਆਖਾਂ ਤੈਨੂੰ ਕਿਵੇਂ ਆਖਾਂ ? ਅੱਜ ਆਖਣੇ ਦੀ ਪੈ ਗਈ ਲੋੜ ਹੀਰੇ।
ਫਸਟ ਏਡ ਦੇ ਥਾਂ ਤੂੰ ਰੇਡ ਕੀਤਾ ਸਾਡਾ ਹਿੱਲਿਆ ਏ ਜੋੜ-ਜੋੜ ਹੀਰੇ।
ਜੇ ਤੂੰ ਖੇੜਿਆਂ ਬਾਝ ਨਹੀਂ ਰਹਿ ਸਕਦੀ ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ।
ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ ਮੈਂ ਨਾ ਮੰਗਦਾ ਲੱਖ- ਕਰੋੜ ਹੀਰੇ।
ਹੀਰਾਂ ਹੋਰ ਨੀ ਜੱਗ ਵਿੱਚ ਬਹੁਤ ਹੀਰਾਂ ਐਪਰ ਰਾਂਝਿਆਂ ਦੀ ਸ਼ਾਰਟੇਜ ਹੀਰੇ।
ਏਥੇ ਚੱਲਦੀ ਬੜੀ ਫ਼ਲਰਟੇਸ਼ਨ ਸੱਚੇ ਆਸ਼ਕਾਂ ਦੀ ਨਹੀਂਓਂ ਏਜ ਹੀਰੇ।
ਹਿੰਦੂ ਕੋਡ ਵਿਰਾਸਤ ਦਾ ਬਿੱਲ ਪੜ੍ਹ ਲੈ ਹੁਣ ਹੋਰ ਤੇ ਹੋਰ ਦਹੇਜ ਹੀਰੇ।
ਮੇਰੀ ਮੰਨ ਲੈ ਰਲ਼ ਕੇ ਕੰਮ ਕਰੀਏ ਲਿਖੀਏ ਹਿਸਟਰੀ ਦਾ ਨਵਾਂ ਪੇਜ ਹੀਰੇ।"

### ਕਰੁਣਾ ਰਸ :-

ਵਿਸ਼ਵਨਾਥ ਨੇ ਲਿਖਿਆ ਹੈ ਕਿ ਮਨਚਾਹੀ ਪਿਆਰੀ-ਵਸਤੂ ਦੇ ਨਾ ਮਿਲ਼ਨ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਕਰਕੇ ਜਿੱਥੇ ਸ਼ੋਕ ਸਥਾਈ-ਭਾਵ ਦੀ ਪੁਸ਼ਟੀ ਹੋਵੇ, ਉੱਥੇ ਕਰੁਣਾ ਰਸ ਦਾ ਪ੍ਰਗਟਾਅ ਹੁੰਦਾ ਹੈ। ਕਰੁਣਾ ਰਸ ਦਾ ਅਨੁਭਵ ਬਹੁਤ ਤੀਬਰ ਹੁੰਦਾ ਹੈ ਕਿਉਂਕਿ ਇਸ ਵਿੱਚ ਹਮਦਰਦੀ ਤੇ ਸੰਵੇਦਨਾ ਡੂੰਘੀ ਹੁੰਦੀ ਹੈ। ਹਮਦਰਦੀ ਸਭ ਤੋਂ ਵੱਧ ਕੋਮਲ ਭਾਵ ਹੈ। ਮਨੁੱਖ ਆਪਣੇ ਕਿਸੇ ਪਿਆਰੇ ਵਿਅਕਤੀ ਦੇ ਸ਼ੋਕ ਵਿੱਚ ਏਨਾ ਪੱਘਰ ਜਾਂਦਾ ਹੈ ਕਿ ਕੁੱਲ ਦੁਨੀਆਂ ਦੇ ਦਰਦ ਵਿੱਚ ਉਸ ਦਾ ਰੋਮ-ਰੋਮ ਪੀੜਿਤ ਹੋ ਉੱਠਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਰੁਣਾ-ਭਾਵ ਵਿੱਚ ਪਸੀਜ ਕੇ ਹੀ ਰੱਬ ਨੂੰ ਉਲ਼ਾਮ੍ਹਾ ਦਿੱਤਾ ਤੇ ਕਿਹਾ -" ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ"। ਗੁਰੂ ਜੀ ਦੀ ਉਪਰੋਕਤ ਪੰਗਤੀ ਵਿੱਚ ਤਰਸ ਤੇ ਕਰੁਣਾ ਦੀ ਭਾਵਨਾ ਠਾਠਾਂ ਮਾਰ ਰਹੀ ਹੈ। ਅੰਗਰੇਜ਼ਾਂ ਹੱਥੋਂ ਸਿੱਖਾਂ ਦੀ ਹਾਰ ਵੇਖ ਕੇ ਸ਼ਾਹ ਮੁਹੰਮਦ ਦਰਦ ਤੇ ਕਰੁਣਾ ਵਿੱਚ

ਇਉਂ ਕੁਰਲਾ ਉੱਠਦਾ ਹੈ :--

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।"

ਆਧੁਨਿਕ ਯੁੱਗ ਵਿੱਚ ਹਿੰਦ-ਪਾਕ ਦੀ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਕੀਰਨੇ ਪਾਏ ਹਨ :

"ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।"

ਜਾਂ

ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।
ਮਹਲਾ ਅੰਦਰਿ ਹੋਦੀਆ ਹੁਣਿ ਬਹਨਿ ਨਾ ਮਿਲਨਿ ਹਦੂਰਿ।
ਆਦੇਸ ਬਾਬਾ ਆਦੇਸੁ।

[ਗੁਰੂ ਨਾਨਕ, ਰਾਗ ਆਸਾ, ਪੰਨਾ 417]

ਜਾਂ

ਦੁੱਧੀਆਂ ਨਾਲ਼ ਪਲਮਦੇ ਬੱਚੇ
ਕੰਮੀਂ ਰੁੱਝੀਆਂ ਮਾਂਵਾਂ,
ਅੱਖਾਂ ਦੇ ਵਿੱਚ ਛਲਕਣ ਅੱਥਰੂ
ਹਿੱਕਾਂ ਦੇ ਵਿੱਚ ਆਹਾਂ।

(ਪ੍ਰੋ. ਮੋਹਨ ਸਿੰਘ, ਤਾਜ-ਮਹੱਲ)

### ਰੌਦਰ ਰਸ :-

ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ, ਜਿੱਥੇ ਵਿਰੋਧੀਆਂ ਵੱਲੋਂ ਬੇਇੱਜ਼ਤੀ, ਨਿਰਾਦਰੀ ਕੀਤੀ ਜਾਂਦੀ ਹੈ ਜਾਂ ਦੇਸ ਤੇ ਧਰਮ ਦਾ ਅਪਮਾਨ ਕੀਤਾ ਜਾਂਦਾ ਹੈ, ਉੱਥੇ ਬਦਲੇ ਦੀ ਭਾਵਨਾ ਵਿੱਚੋਂ ਕ੍ਰੋਧ ਭਾਵ ਜਾਗਦਾ ਹੈ ਤੇ ਉੱਥੇ ਰੌਦਰ ਰਸ ਦਾ ਪ੍ਰਗਟਾਵਾ ਹੁੰਦਾ ਹੈ। ਜਿੱਥੇ ਕਵਿਤਾ ਜਾਂ ਨਾਟਕਾਂ ਦੇ ਦ੍ਰਿਸ਼ਾਂ ਵਿੱਚ ਅੰਗਾਂ ਦਾ ਲਹੂ-ਲੁਹਾਣ ਹੋਣਾ ਚਿਤਰਿਆ ਜਾਂਦਾ ਹੈ ਅਤੇ ਮਾਰੋ, ਕੱਟੋ-ਵੱਢੋ ਦੇ ਲਲਕਾਰੇ ਲਾਏ ਜਾਂਦੇ ਹਨ ਅਤੇ ਜਿੱਥੇ ਮੌਤ ਨੰਗਾ ਨਾਚ ਨੱਚਦੀ ਹੈ, ਉੱਥੇ ਰੌਦਰ ਰਸ ਪੂਰੇ ਜੋਬਨ 'ਤੇ ਹੁੰਦਾ ਹੈ।

ਆਲੋਚਕਾਂ ਨੇ ਬੀਰ ਰਸ ਤੇ ਰੌਦਰ ਰਸ ਦੇ ਦਰਮਿਆਨ ਬਹੁਤ ਸੂਖਮ ਫ਼ਰਕ ਬਿਆਨ ਕੀਤਾ ਹੈ। ਵੀਰ ਰਸ [ਬੀਰ ਰਸ] ਦਾ ਸਥਾਈ ਭਾਵ ਉਤਸ਼ਾਹ ਹੈ ਅਤੇ ਰੌਦਰ ਰਸ ਦਾ ਸਥਾਈ ਭਾਵ ਗ਼ੁੱਸਾ ਜਾਂ ਕ੍ਰੋਧ ਹੈ। ਉਤਸ਼ਾਹ ਵਿੱਚ ਆਦਮੀ ਦਾ ਬਿਬੇਕ ਹੁੰਦਾ ਹੈ ਅਤੇ ਭਲੇ-ਬੁਰੇ ਦੀ ਪਛਾਣ ਕਰਨ ਦੇ ਕਾਬਲ ਹੋ ਕੇ ਗ਼ੁੱਸੇ ਨੂੰ ਕਾਬੂ ਵਿੱਚ ਰੱਖਦਾ ਹੋਇਆ ਕਿਸੇ ਉੱਚੇ ਆਦਰਸ਼ ਲਈ ਜੂਝਦਾ ਹੈ ਪਰ ਦੂਜੇ ਪਾਸੇ ਰੌਦਰ ਰਸ ਦੇ ਸਥਾਈ ਭਾਵ ਕ੍ਰੋਧ ਵਿੱਚ ਆਦਮੀ ਦਾ ਬਿਬੇਕ ਸੁੰਨ ਹੁੰਦਾ ਹੈ ਅਤੇ ਹਰ ਤਰ੍ਹਾਂ ਦੇ ਜਾਇਜ਼-ਨਾਜਾਇਜ਼ ਕੰਮ ਕਰਨ ਦੀ ਖ਼ਾਤਰ ਮੌਤ ਨਾਲ਼ ਖੇਡਦਾ ਹੈ।

ਗੁਰਬਾਣੀ ਵਿੱਚ ਕ੍ਰੋਧ ਨੂੰ ਚੰਡਾਲ, ਵਿਕਰਾਲ ਤੇ ਬੇਤਰਸ ਕਿਹਾ ਗਿਆ ਹੈ। ਗੁਰੂ-ਵਾਕ ਹੈ - "ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧ ਚੰਡਾਲ"। ਕ੍ਰੋਧੀ ਮਨੋ-ਬਿਰਤੀ ਵਿੱਚੋਂ ਕਲਹ, ਲੜਾਈ-ਝਗੜਾ ਤੇ ਵਾਦ - ਵਿਵਾਦ ਉਪਜਦੇ ਹਨ। ਇਸ ਲਈ ਕਵੀ/ਨਾਟਕਕਾਰ ਮੌਕੇ ਮੁਤਾਬਕ ਆਪਣੇ ਪਾਤਰਾਂ ਦੇ ਕ੍ਰੋਧ-ਭਾਵ ਨੂੰ ਇਸ ਤਰ੍ਹਾਂ ਚਿਤਰਿਤ ਕਰਦਾ ਹੈ ਕਿ ਸਾਰਾ ਵਾਤਾਵਰਨ ਹੀ ਰੌਦਰਮਈ ਹੋ ਜਾਂਦਾ ਹੈ ਅਤੇ ਪਾਠਕ/ਦਰਸ਼ਕ ਰੌਦਰ ਰਸ ਨੂੰ ਮਾਣਦੇ ਹਨ।

### ਰੌਦਰ ਰਸ ਦੇ ਕੁਝ ਉਦਾਹਰਨ

"ਫਉਜਾਂ ਦੋਹਾਂ ਮੁਕਾਬਲਾ ਜਿਉਂ ਬਰਸਣ ਆਈਆਂ।
ਬੰਦੂਕਾਂ ਦੀਆਂ ਗੋਲ਼ੀਆਂ ਕਹੁ ਪਵਨ ਵਸਾਈਆਂ।
ਗੱਜਣ ਤੋਪਾਂ ਡਾਇਣੀ ਜਿਉਂ ਘਣੀਅਰ ਘਾਈਆਂ।
ਧੂਹ ਮਿਆਨੋਂ ਕੱਢੀਆਂ ਰਣ ਵਿੱਚ ਚਲਾਈਆਂ।"

ਜਾਂ

ਆਕਿਲ ਤੁਬਕ ਵਜੁਤੀਆਂ ਭਰ ਵਜ਼ਨ ਸੰਭਾਲੀ।
ਉਹਨੂੰ ਢਾਢ ਅਲੰਬੇ ਆਤਸ਼ੋਂ ਭੁੱਖ ਭੱਤੇ ਜਾਲੀ।
ਉਹਦਾ ਕੜਕ ਪਿਆਲਾ ਉਠਿਆ, ਭੰਨ ਗਈ ਹੈ ਨਾਲੀ।
ਉਸ ਦੂਰੋਂ ਡਿੱਠਾ ਆਂਵਦਾ ਫਿਰ ਸ਼ਾਹ ਗਿਜ਼ਾਲੀ।
ਉਸ ਲਗਦੀ ਬੱਬਰ ਬੋਲਿਆ ਜਿਵੇਂ ਖੋੜੀ ਥਾਲੀ।
ਜਿਵੇਂ ਲਾਟੂ ਟੁੱਟਾ ਡੋਰ ਤੋਂ ਪਾ ਗਿਰਦ ਭੰਵਾਲੀ।
ਅੱਗ ਥੋੜ੍ਹੀ ਥੋੜ੍ਹੀ ਸੁਲਗਦੀ ਫੇਰ ਆਕਲ ਬਾਲੀ।

[ਵੀਰ ਝਾਕੀਆਂ]

### ਬੀਰ ਰਸ :-

ਜਿੱਥੇ ਜੰਗਾਂ-ਜੁੱਧਾਂ ਵਿੱਚ ਬੀਰਤਾ, ਸੂਰਮਗਤੀ ਤੇ ਬਹਾਦਰੀ ਦਿਖਾਉਣ ਦਾ ਜਿਹੜਾ ਚਾਅ ਤੇ ਉਤਸ਼ਾਹ ਹੁੰਦਾ ਹੈ, ਉੱਥੇ "ਬੀਰ ਰਸ" ਦਾ ਅਹਿਸਾਸ ਹੁੰਦਾ ਹੈ। ਆਚਾਰੀਆ ਮੰਮਟ ਨੇ ਲਿਖਿਆ ਹੈ ਕਿ ਕਿਸੇ ਮਹਾਨ ਕਾਰਜ ਨੂੰ ਤੋੜ ਤੱਕ ਨਿਭਾਉਣ ਵਾਸਤੇ ਸਾਡੇ ਦਿਲਾਂ ਵਿੱਚ ਜਿਹੜੀ ਇੱਕ ਖ਼ਾਸ ਕਿਸਮ ਦੀ ਹੌਸਲਾ-ਭਰਪੂਰ ਕਿਰਿਆ ਹੁੰਦੀ ਹੈ, ਉਹੋ ਹੀ ਉਤਸ਼ਾਹ ਹੈ। ਇਹ ਉਤਸ਼ਾਹ-ਭਾਵ ਰਣ-ਭੂਮੀ ਵਿੱਚ ਅਤੇ ਉਸ ਤੋਂ ਬਾਹਰ ਧਰਮ ਦੀ ਰੱਖਿਆ ਲਈ ਅਤੇ ਗ਼ਰੀਬਾਂ ਤੇ ਦੀਨ-ਹੀਣ ਲੋਕਾਂ ਨੂੰ ਦਾਨ ਦੇਣ ਲਈ ਵੀ ਹੋ ਸਕਦਾ ਹੈ, ਉੱਥੇ ਵੀ ਬੀਰ ਰਸ ਝਲਕਦਾ ਹੈ ਅਜਿਹੀ ਸਥਿਤੀ ਵਿੱਚ ਬੀਰ ਰਸ ਦੀਆਂ ਧਰਮਬੀਰ ਤੇ ਦਾਨਬੀਰ ਕਿਸਮਾਂ ਮੰਨੀਆਂ ਜਾਂਦੀਆਂ ਹਨ।

ਇਹਨਾਂ ਸਾਰੀਆਂ ਕਿਸਮਾਂ ਦਾ ਸਥਾਈ ਭਾਵ "ਉਤਸ਼ਾਹ ਹੀ ਹੈ ਇਸ ਲਈ ਯੁੱਧਬੀਰ, ਧਰਮਬੀਰ, ਦਾਨਬੀਰ ਤੇ ਦਇਆਬੀਰ ਸਾਰੇ ਬੀਰ ਰਸ ਦੇ ਅੰਤਰਗਤ ਹੀ ਸ਼ਾਮਲ ਹੁੰਦੇ ਹਨ।

ਪੰਜਾਬੀ ਦੇ "ਵਾਰ ਸਾਹਿਤ" ਵਿੱਚ ਬੀਰ ਰਸ ਦੀਆਂ ਢੇਰ ਵੰਨਗੀਆਂ ਹਨ। ਗੁਰੂ ਗੋਬਿੰਦ ਸਿੰਘ ਰਚਿਤ "ਚੰਡੀ ਦੀ ਵਾਰ" ਬੀਰ ਰਸ ਦਾ ਉੱਤਮ ਨਮੂਨਾ ਹੈ। ਸ਼ਾਹ ਮੁਹੰਮਦ ਦੇ ਜੰਗਨਾਮੇ "ਜੰਗ ਸਿੰਘਾਂ ਤੇ ਫਰੰਗੀਆਂ" ਵਿੱਚ ਬੀਰ ਰਸ ਦੇ ਕਈ ਬੰਦ ਹਨ: "ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ"।

ਜਾਂ

"ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ,
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ ਜਿਵੇਂ ਬੇਲਿਓਂ ਨਿਕਲ਼ਦੇ ਸ਼ੇਰ ਮੀਆਂ।"

ਦਸਮੇਸ਼ ਗੁਰੂ ਦੀ ਮੋਹਰ-ਛਾਪ ਲੱਗੇ ਹੋਏ ਇਹ ਅਲੌਕਿਕ ਪ੍ਰਤਿੱਗਿਆ-ਬਚਨ ਨਿਰਾਸ ਤੇ ਹਤਾਸ਼ ਲੋਕਾਂ ਵਿੱਚ ਵੀਰਤਾ ਦਾ ਸੰਚਾਰ ਕਰਦੇ ਹਨ :

"ਭੇਡ਼ੋਂ ਕੋ ਮੈਂ ਸ਼ੇਰ ਬਨਾਊਂ। ਰਾਠਨ ਕੇ ਸੰਗ ਰੰਕ ਲੜਾਊਂ
ਭੂਪ ਗਰੀਬਨ ਕੋ ਕਹਲਾਊਂ। ਚਿੜੀਓਂ ਸੇ ਮੈਂ ਬਾਜ਼ ਤੁੜਾਊਂ
ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਧਰਾਊਂ।"

### ਬੀਰ ਰਸ ਦੇ ਹੋਰ ਉਦਾਹਰਨ :-

ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।
ਝੂਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ।
ਢੋਲ ਨਗਾਰੇ ਪਉਣ ਦੇ ਊਂਘਣ ਜਾਣ ਜਟਾਵਲੇ।
ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ।
ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁੱਟੇ ਆਵਲੇ।
ਇੱਕ ਵੱਢੇ ਤੇਗੀਂ ਤੜਫੀਅਨ ਮਦ ਪੀਤੇ ਲੋਟਨ ਬਾਵਲੇ।
ਇੱਕ ਚੁਣ ਚੁਣ ਝਾੜਉ ਕਢੀਅਨ ਰੇਤ ਵਿੱਚੋਂ ਸੁਇਨਾ ਡਾਵਲੇ।
ਗਦਾਂ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ
ਜਣ ਡਸੇ ਭੁਜੰਗਮੁ ਸਾਵਲੇ।

(ਚੰਡੀ ਦੀ ਵਾਰ)

**ਜਾਂ**

ਉਹ ਜੁਟ ਪਏ ਦੋਵੇਂ ਸੂਰਮੇ ਰਣ ਘੱਗੇ ਹਾਰੇ,
ਉਹ ਮਾਰਨ ਸੱਟ ਵਦਾਣ ਵਾਂਗ ਹੋ ਪੱਬਾਂ ਭਾਰੇ।
ਕਰ ਝੜਕ ਕੜਕ ਕੜਕ ਕੜਕ ਢਾਲੀਂ ਬਲ ਖਾਰੇ।

(ਨਜਾਬਤ)

### ਭਿਆਨਕ ਰਸ :-

ਕਿਸੇ ਡਰਾਉਣੀ ਸ਼ੈ ਨੂੰ ਵੇਖਣ, ਸੁਣਨ ਕਰਕੇ ਅੰਤਰ-ਮਨ ਵਿੱਚੋਂ ਜਦੋਂ ਭੈ ਪ੍ਰਬਲ ਰੂਪ ਧਾਰਨ ਕਰਕੇ ਪੁਸ਼ਟ ਹੁੰਦਾ ਹੈ ਉਦੋਂ ਭਿਆਨਕ ਰਸ ਪ੍ਰਗਟ ਹੁੰਦਾ ਹੈ। ਇਸ ਰਸ ਦਾ ਸਥਾਈ ਭਾਵ "ਭੈ" ਹੈ। ਵਿਦਵਾਨਾਂ ਨੇ ਲਿਖਿਆ ਹੈ ਕਿ ਚਿੱਤ ਦੀ ਬੇਚੈਨੀ ਤੇ ਵਿਆਕੁਲਤਾ ਤੋਂ ਪੈਦਾ ਹੋਈ ਮਨ ਦੀ ਡਾਵਾਂ-ਡੋਲ ਅਵਸਥਾ ਹੀ ਭੈ ਹੈ। ਸ਼ੇਰ, ਸੱਪ, ਮਾਰ-ਖੁੰਡੇ ਜਾਨਵਰ, ਘੋਰ ਜੰਗਲ਼-ਬੀਆਬਾਨ, ਭੂਤ-ਪ੍ਰੇਤ ਦੀ ਕਲਪਨਾ, ਸ਼ਮਸ਼ਾਨ-ਭੂਮੀ ਅਤੇ ਦੁਸ਼ਮਣਾਂ ਦਾ ਖ਼ਿਆਲ ਆਦਿ ਭਿਆਨਕ ਰਸ ਦੇ ਕਾਰਨ ਹਨ। ਇਹਨਾਂ ਕਾਰਨਾਂ ਕਰਕੇ ਭੈ-ਭੀਤ ਬੰਦੇ ਨੂੰ ਰੁਮਾਂਚ, ਕੰਬਣੀ, ਮੁੜ੍ਹਕਾ-ਪਸੀਨਾ, ਰੰਗੋਂ-ਬੇਰੰਗ ਹੋਣਾ, ਰੋਣਾ ਤੇ ਸ਼ੋਰ ਮਚਾਉਣਾ, ਬੁੱਲ੍ਹਾਂ ਦਾ ਫੜਕਣਾ ਆਦਿ ਕਾਰਜ ਪ੍ਰਭਾਵਿਤ ਕਰਦੇ ਹਨ। ਕਵੀ/ਨਾਟਕਕਾਰ ਦੀਆਂ ਰਚਨਾਵਾਂ ਵਿੱਚ ਜਦ ਅਜਿਹੀ ਰਸ-ਸਮਗਰੀ ਦਰਸ਼ਕਾਂ/ਸ੍ਰੋਤਿਆਂ ਦੇ ਸਾਮ੍ਹਣੇ ਪੇਸ਼ ਹੁੰਦੀ ਹੈ ਤਾਂ ਇਸ ਡਰਾਉਣੇ ਵਾਯੂ-ਮੰਡਲ ਦੇ ਅਹਿਸਾਸ ਕਰਕੇ ਉਹਨਾਂ ਦੇ ਮਨ-ਚਿੱਤ ਵਿੱਚ ਭਿਆਨਕ ਰਸ ਦਾ ਸੁਹਜ-ਸੁਆਦ ਪਸਰ ਜਾਂਦਾ ਹੈ।

ਪੰਜਾਬ ਦੇ ਧਾਰਮਿਕ ਸਮਾਗਮਾਂ ਵਿੱਚ ਇਹ ਲੋਕ-ਧਾਰਨਾ ਬਹੁਤ ਮਸ਼ਹੂਰ ਹੈ ਕਿ--"ਅੱਗੇ ਭੀੜੀਆਂ ਸੁਣੀਂਦੀਆਂ ਗਲ਼ੀਆਂ, ਜਿੱਥੋਂ ਦੀ ਜਮ ਲੈ ਕੇ ਜਾਣਗੇ" ਤੇ "ਜਦੋਂ ਪੁੱਠਾ ਲਟਕਦਾ ਸੀ, ਉਹ ਦਿਨ ਭੁੱਲ ਗਏ, ਉਹ ਦਿਨ ਭੁੱਲ ਗਏ।" ਸ਼ਬਦਾਂ ਦੀ ਇਹ ਧਾਰਨਾ ਭਿਆਨਕ ਰਸ ਦਾ ਅਹਿਸਾਸ ਉਜਾਗਰ ਕਰਦੀ ਹੈ। ਕਬੀਰ-ਬਾਣੀ ਵਿੱਚ ਪਾਪੀ ਮਨੁੱਖ ਦੇ ਬਲ਼ਦ ਦੀ ਜੂਨ ਵਿੱਚ ਪੈ ਜਾਣ ਦਾ ਭੈਦਾਇਕ ਚਿੱਤਰ ਪੇਸ਼ ਕੀਤਾ ਗਿਆ ਹੈ :

"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ।
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ।
ਹਰਿ ਬਿਨੁ ਬੈਲ ਬਿਰਾਨੇ ਹੁਈ ਹੈ
ਫਾਟੇ ਨਾਕਨ, ਟੂਟੇ ਕਾਧਨ, ਕੋਦਉ ਕੋ ਭੁਸੁ ਖਈ ਹੈ"। [ਪੰਨਾ 524]

ਅਰਥਾਤ ਤੇਰੇ ਚਾਰ ਪੈਰ, ਦੋ ਸਿੰਗ ਹੋਣਗੇ ਅਤੇ ਬੇਜ਼ਬਾਨ ਹੋਏਂਗਾ .... ਉੱਠਦੇ-ਬਹਿੰਦੇ ਸੋਟਾ ਵੱਜੇਗਾ ਤਾਂ ਕਿੱਥੇ ਸਿਰ [ਮੂਡ] ਲੁਕਾਵੇਂਗਾ ... ਨੱਕ ਪਾਟਾ ਹੋਵੇਗਾ, ਮੋਢੇ ਜ਼ਖ਼ਮੀ ਹੋਣਗੇ ਅਤੇ ਕੋਧਰੇ ਦਾ ਨਖਿੱਧ ਭੂਸਾ [ਤੂੜੀ] ਖਾਣ ਨੂੰ ਮਿਲ਼ੇਗਾ।

### ਹੋਰ ਉਦਾਹਰਨ

ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜਕਣ,
ਚੜ ਤੋਪਾਂ ਗਡੀ ਢੁੱਕੀਆਂ ਲੱਖ ਸੰਗਲ ਖੜਕਣ,
ਉਹ ਦਾਰੂ ਖਾਂਦੀਆਂ ਕੋਹਲੀਆਂ ਮਣ ਗੋਲੇ ਰੜਕਣ,
ਉਹ ਦਾਗ਼ ਪਲੀਤੇ ਛੱਡੀਆਂ ਵਾਂਗ ਬੱਦਲ ਕੜਕਣ,
ਜਿਉਂ ਦਰ ਖੁਲੇ ਦੋਜ਼ਖਾਂ ਮੂੰਹ ਭਾਹੀਂ ਭੜਕਣ,
ਜਿਉਂ ਝਾਂਬੇ ਮਾਰੇ ਪੰਖਨੂੰ ਵਿੱਚ ਬਾਗਾਂ ਫੜਕਣ,
ਝੜੇ ਤਰੁੱਟੇ ਹੰਭਲਾਂ ਵਾਂਗ ਮੱਛਾਂ ਤੜਫਣ,
ਜਿਉਂ ਝੱਲੀਂ ਅੱਗਾਂ ਲਗੀਆਂ ਰਣਸੂਰੇ ਤੜਕਣ,
ਉਹ ਹਸ਼ਰ ਦਿਹਾੜਾ ਵੇਖ ਕੇ ਦਲ ਦੋਵੇਂ ਧੜਕਣ।

(ਵਾਰ ਨਾਦਰਸ਼ਾਹ)

### ਵੀਭਤਸ ਰਸ :-

ਘਿਰਨਾ ਜਾਂ ਸੂਗ 'ਤੇ ਆਧਾਰਿਤ ਵੀਭਤਸ ਰਸ ਇਸ ਹਕੀਕਤ ਦੀ ਯੋਗ ਮਿਸਾਲ ਹੈ ਕਿ ਆਮ ਦੁਨਿਆਵੀ ਜੀਵਨ ਵਿੱਚ ਸਰੀਰਿਕ ਪੱਧਰ 'ਤੇ ਜੋ ਕੁਝ ਵੀ ਘਿਰਨਿਤ ਤੇ ਸੂਗ-ਉਪਜਾਊ ਵਸਤੂਆਂ ਤੇ ਨਜ਼ਾਰੇ ਹਨ, ਉਹ ਸਾਰੇ ਸੁਹਜ-ਕਲਾ ਦੇ ਸੰਸਾਰ ਵਿੱਚ ਕਵੀ, ਨਾਟਕਕਾਰ ਤੇ ਸਾਹਿਤਕਾਰ ਦੇ ਹੱਥੋਂ ਮਨੋਭਾਵਾਂ ਦੇ ਵਾਯੂ-ਮੰਡਲ ਵਿੱਚ ਦਾਖ਼ਲ ਹੋ ਕੇ ਸੁਹਜਾਤਮਿਕ ਸੁਆਦ ਦੇ ਵਸੀਲੇ ਬਣ ਜਾਂਦੇ ਹਨ। ਵੀਭਤਸ ਰਸ [ਇਸ ਦਾ ਉਚਾਰਨ ਵੀ-ਭਤਸ ਹੈ] ਦਾ ਸਥਾਈ ਭਾਵ ਸੂਗ ਜਾਂ ਘਿਰਨਾ ਹੈ। ਮਿਰਤਕ ਲੋਥ, ਚਰਬੀ, ਸੜ੍ਹਾਂਦ, ਹਵਾੜ੍ਹ , ਮਲ-ਮੂਤਰ, ਹੱਡਾ-ਰੋੜੀ, ਘਿਨੌਣੀਆਂ ਚੀਜ਼ਾਂ ਅਤੇ ਘਿਰਨਾਜਨਿਕ ਕੁਕਰਮਾਂ ਦੇ ਕਾਵਿ-ਗਤ ਵਰਨਣ ਜਾਂ ਨਾਟਕੀ ਪੇਸ਼ਕਾਰੀ ਤੋਂ ਪਾਠਕਾਂ/ਦਰਸ਼ਕਾਂ ਦੇ ਹਿਰਦੇ ਵਿੱਚ ਜਿਹੜੀ ਕਚਿਆਣ ਤੇ ਗਿਲਾਨੀ ਪੈਦਾ ਹੁੰਦੀ ਹੈ, ਉਹਨਾਂ ਤੋਂ ਸੂਗ ਤੇ ਘਿਰਨਾ ਦਾ ਸਥਾਈ ਭਾਵ ਉੱਭਰਦਾ ਹੈ।

ਕਈਆਂ ਆਲੋਚਕਾਂ ਨੂੰ ਵੀਭਤਸ ਰਸ ਪ੍ਰਵਾਨ ਨਹੀਂ ਹੈ ਕਿਉਂਕਿ ਕੋਈ ਰਚਨਾ ਵੀਭਤਸ ਰਸ ਨੂੰ ਪ੍ਰਮੁੱਖ ਵਿਸ਼ਾ ਬਣਾ ਕੇ ਲਿਖੀ ਹੋਈ ਨਹੀਂ ਮਿਲ਼ਦੀ। ਪਰ ਕਈ ਵਿਦਵਾਨ ਵੀਭਤਸ ਰਸ ਦੇ ਪੱਖ ਵਿੱਚ ਹਨ ਕਿਉਂਕਿ ਸਮਾਜ, ਸਿਆਸਤ, ਜੀਵਨ, ਵਿਅਕਤੀ, ਤੇ ਹੋਰ ਮਨੁੱਖੀ ਸੰਸਥਾਵਾਂ ਵਿੱਚ ਫੈਲੇ ਹੋਏ ਸਰੀਰਿਕ ਤੇ ਮਾਨਸਿਕ ਦੁਰਾਚਾਰ ਤੇ ਭ੍ਰਿਸ਼ਟਾਚਾਰ ਦੇ ਸ਼ੁੱਧੀਕਰਨ ਲਈ ਘਿਰਨਾ-ਭਾਵ ਦੀ ਸਖ਼ਤ ਲੋੜ ਹੈ। ਫਲ਼ਸਰੂਪ ਇਸ ਰਾਹੀਂ ਲੁਕੇ ਹੋਏ ਕੋੜ੍ਹ ਦਾ ਗਿਆਨ ਹੁੰਦਾ ਹੈ ਅਤੇ ਪਾਠਕ ਲੋਕ ਦੁਸ਼ਟਤਾ, ਬੇਇਨਸਾਫ਼ੀ, ਅਨਿਆਏ, ਵੱਢੀਖ਼ੋਰੀ ਤੇ ਹੋਰ ਬੁਰਾਈਆਂ ਤੋਂ ਘਿਰਨਾ ਕਰਨ ਲੱਗ ਪੈਂਦੇ ਹਨ ਅਤੇ ਦੁਰਾਚਾਰਾਂ ਤੋਂ ਮੂੰਹ ਮੋੜਨ ਲਈ ਤਤਪਰ ਹੁੰਦੇ ਹਨ। ਨਾਲ਼ੇ ਘਿਰਨਾ ਸਿਰਫ਼ ਸਰੀਰਿਕ ਜਾਂ ਭੌਤਿਕ ਹੀ ਨਹੀਂ ਹੁੰਦੀ, ਮਾਨਸਿਕ ਘਿਰਨਾ ਵੀ ਹੁੰਦੀ ਹੈ। ਸਰੀਰਿਕ ਨਾਲ਼ੋਂ ਮਾਨਸਿਕ ਘਿਰਨਾ ਵਧੇਰੇ ਪ੍ਰਬਲ ਹੁੰਦੀ ਹੈ। ਰੱਤ-ਲਹੂ ਅਤੇ ਮਾਸ-ਮਿੱਝ ਦੀ ਸਿੱਧੀ ਬਿਆਨਬਾਜ਼ੀ ਹੀ ਵੀਭਤਸ ਰਸ ਦੀ ਇੱਕੋ-ਇੱਕ ਸਮਗਰੀ ਨਹੀਂ ਹੈ ਸਗੋਂ ਵਿਭਚਾਰ, ਦੁਰਾਚਾਰ ਤੇ ਭ੍ਰਿਸ਼ਟਾਚਾਰ ਵਾਲ਼ੀਆਂ ਵਸਤੂਆਂ ਤੇ ਘਟਨਾਵਾਂ ਦੀ ਕੋਰੀ ਕਲਪਨਾ ਵੀ ਵੀਭਤਸ ਰਸ ਦਾ ਸੰਚਾਰ ਕਰ ਸਕਦੀ ਹੈ।

ਪੰਜਾਬੀ ਸਾਹਿਤ ਵਿੱਚ ਕਰਤਾਰ ਸਿੰਘ ਦੁੱਗਲ ਦਾ ਨਾਵਲ "ਆਂਦਰਾਂ" ਵੀਭਤਸ ਰਸ ਦੀ ਉਦਾਹਰਨ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕੀੜੇ' ਵਿੱਚ ਵੀ ਵੀਭਤਸ ਰਸ ਪ੍ਰਬਲ ਹੈ :-

ਜਗਦੀ ਜੋਤ ਸੀ ਤਾਂ ਚਹੁੰ ਪਾਸੀਂ ਸੀ ਭੰਬਟ
ਅੱਜ ਮੁਰਦਾ ਮਾਸ ਏ ਤਾਂ ਚਹੁੰ ਪਾਸੀਂ ਕੀੜਿਆਂ ਦਾ ਝੁਰਮਟ
ਜਦ ਛਲ਼ਕ ਆਏ ਜੋਬਨ ਤੇ ਟੁੱਟ ਜਾਣ ਬੀੜੇ
ਕਿਸੇ ਚਿੱਟੇ ਲਹੂ ਨੂੰ ਕਿਸੇ ਰੱਤੇ ਲਹੂ ਨੂੰ, ਚਮੁੱਟ ਜਾਣ ਕੀੜੇ।
ਇਹ ਲਹੂਆਂ ਨੂੰ ਘੋਲ਼ਦੇ ਤੇ ਮਿੱਟੀ ਨੂੰ ਘਚੋਲ਼ਦੇ
ਹੱਥਾਂ ਵਿੱਚ ਰੋਲ਼ਦੇ, ਪੈਰਾਂ ਵਿੱਚ ਰੋਲ਼ਦੇ।
ਚੁੰਝਾਂ ਨਾਲ਼ ਫੋਲਦੇ, ਨਹੁੰਆਂ 'ਚ ਫਰੋਲ਼ਦੇ
ਅੰਗਾਂ ਵਿੱਚ ਪਾਲ਼ਦੇ, ਮੂੰਹਾਂ ਵਿੱਚ ਪਪੋਲ਼ਦੇ।
ਛੋੜਦੇ ਨਹੀਂ ਛੋੜਦੇ, ਰੱਤਾਂ ਨੂੰ ਨਿਚੋੜਦੇ।

### ਵੀਭਤਸ ਰਸ ਦਾ ਹੋਰ ਉਦਾਹਰਨ

"ਜਿੱਧਰ ਨਜ਼ਰ ਜਾਵੇ ਤਬਾਹੀ ਮੱਚੀ, ਕਹਾਣੀ ਰਹੀ ਹੋ ਲਹੂ ਮਿਝ ਦੀ,
ਕਿਤੇ ਮਗਜ਼ ਖੋਪੜ ਵਿੱਚੋਂ ਵਹਿ ਰਹਿਆ, ਗਇਆ ਟੁੱਟ ਮਟਕਾ ਦਹੀਂ ਹੈ ਵਹਿਆ,
ਕਿਤੇ ਧੌਣ ਵਿੱਚੋਂ ਫੁਹਾਰਾ ਫੁੱਟੇ, ਕਿਤੇ ਮਗਜ਼ ਦੀ ਖੋਪਰੀ ਪਈ ਟੁੱਟੇ,
ਅਕਾਲੀ ਹੈ ਸਿੰਘ ਨਾਦ ਕਰ ਗਰਜਿਆ, ਪਠਾਣਾਂ ਦਾ ਦਲ ਦਹਿਲ ਕੇ ਲਰਜ਼ਿਆ।
(ਮਹਾਂਬਲੀ, ਕ੍ਰਿਤ-ਅਵਤਾਰ ਸਿੰਘ ਆਜ਼ਾਦ)

### ਅਦਭੁਤ ਰਸ :-

ਹੈਰਾਨੀਜਨਕ ਗੱਲਾਂ-ਬਾਤਾਂ, ਅਨੋਖੀਆਂ ਕਥਾ-ਕਹਾਣੀਆਂ, ਵਿਚਿੱਤਰ ਘਟਨਾਵਾਂ ਅਤੇ ਚਕਾਚੌਂਧ ਪੈਦਾ ਕਰਦੇ ਨਜ਼ਾਰਿਆਂ ਨੂੰ ਪੜ੍ਹਨ ਜਾਂ ਸੁਣਨ ਕਰਕੇ ਪਾਠਕ/ਦਰਸ਼ਕ ਦੇ ਮਨ ਵਿੱਚ ਜਦੋਂ "ਅਸਚਰਜ" ਭਾਵ ਪ੍ਰਬਲ ਹੁੰਦਾ ਹੈ, ਉਦੋਂ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਅਦਭੁਤ ਦੇ ਅਨੁਭਵ ਨਾਲ਼ ਪਾਠਕ ਹੱਕੇ-ਬੱਕੇ ਹੋ ਕੇ ਰੁਮਾਂਚਿਤ ਹੁੰਦੇ ਹਨ ਅਤੇ ਅੱਖਾਂ ਪਾੜ-ਪਾੜ ਵੇਖਦੇ ਹੋਏ ਵਾਹ-ਵਾਹ ਪੁਕਾਰ ਉੱਠਦੇ ਹਨ। ਅਦਭੁਤ ਰਸ ਦਾ ਸਥਾਈ ਭਾਵ "ਅਸਚਰਜ" ਹੈ, ਇਸ ਨੂੰ ਵਿਸਮੈ ਵੀ ਕਿਹਾ ਗਿਆ ਹੈ। ਗੁਰਬਾਣੀ ਵਿੱਚ ਇਹੋ ਵਿਸਮਾਦ ਹੈ। ਆਚਾਰੀਆ ਵਿਸ਼ਵਨਾਥ ਨੇ ਲਿਖਿਆ ਹੈ ਕਿ ਆਮ ਰਵਾਇਤੀ ਕਿਸਮ ਦੀਆਂ ਰੂੜ੍ਹੀਆਂ ਤੇ ਰਵਾਇਤਾਂ ਨੂੰ ਛੱਡ ਕੇ ਜਦ ਚੀਜ਼ਾਂ, ਵਸਤੂਆਂ ਤੇ ਘਟਨਾਵਾਂ ਵਿੱਚ ਅਨੋਖਾਪਣ ਤੇ ਅਚੰਭਾ ਪੈਦਾ ਹੁੰਦਾ ਹੈ, ਉਸ ਨਾਲ਼ ਚਿੱਤ ਖਿੜਦਾ ਹੈ ਤੇ ਵਿਸਮਾਦ ਵਿੱਚ ਆਉਂਦਾ ਹੈ, ਇਹੋ ਹੀ ਅਸਚਰਜ-ਭਾਵ ਹੈ।

ਇਸ ਅਸਚਰਜ ਭਾਵ ਵਿੱਚ ਚਮਤਕਾਰ ਦੇ ਅੰਸ਼ ਜੁੜੇ ਰਹਿੰਦੇ ਹਨ। ਚਮਤਕਾਰ ਦੇ ਕਾਰਨ ਹੀ ਕਾਵਿ-ਸਾਹਿਤ ਵਿੱਚ ਰੋਚਕਤਾ ਪੈਦਾ ਹੁੰਦੀ ਹੈ। ਇਉਂ ਚਮਤਕਾਰ ਤੇ ਅਸਚਰਜ ਹੀ ਕਾਂਵਿ ਦੀ ਆਤਮਾ ਹੈ।

ਸਾਹਿਤ ਵਿੱਚ ਅਦਭੁਤ ਰਸ ਦੀ ਕਈ ਤਰ੍ਹਾਂ ਨਾਲ਼ ਵਿਅੰਜਨਾ ਹੋਈ ਹੈ। ਕਬੀਰ ਦੇ ਉਲਟ ਬਾਂਸੀਆਂ ਵਾਲ਼ੇ ਪਦੇ ਅਦਭੁਤ ਰਸ-ਪ੍ਰਧਾਨ ਹਨ। ਕਬੀਰ ਦਾ ਸਲੋਕ ਹੈ " ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ। ਪਾਂਚਉ ਲਰਿਕਾ ਜਾਰਿਕੈ ਰਹੈ ਰਾਮ ਲਿਵ ਲਾਗਿ[42]" ਕਬੀਰ ਦਾ ਇਹ ਵਿਰੋਧਾਭਾਸ ਵਾਲ਼ਾ ਪਦ ਹੈ। ਕੌਣ ਐਸਾ ਹੈ ਜੋ ਆਪਣੇ ਘਰ ਅੱਗ ਲਾਵੇ ਤੇ ਪੰਜ ਬੇਟੇ [ਲੜਕੇ]ਕੁਰਬਾਨ ਕਰੇ ਤੇ ਫੇਰ ਰਾਮ-ਨਾਮ ਨਾਲ਼ ਲਿਵ ਲਾਏ। ਪੰਜ ਲੜਕੇ ਪੰਜ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੀ ਹਨ। ਕਬੀਰ-ਬਾਣੀ ਵਿੱਚੋਂ ਇੱਕ ਹੋਰ ਵੰਨਗੀ ਵੇਖੋ-

ਕਬੀਰ ਪਰਦੇਸੀ ਕੈ ਘਾਘਰੈ ਚਹੁਦਿਸਿ ਲਾਗੀ ਆਗਿ।
ਖਿੰਥਾ ਜਲਿ ਕੁਇਲਾ ਭਈ ਤਾਗੇ ਆਂਚ ਨ ਲਾਗ। [ਸਲੋਕ 47, ਪੰਨਾ 1366]

ਅਰਥਾਤ ਪਰਦੇਸੀ ਜੀਵ ਪਰਾਹੁਣਾ ਹੈ, ਉਸ ਦੇ ਸਰੀਰ-ਰੂਪੀ ਘੱਗਰੇ ਨੂੰ ਅੱਗ ਲੱਗ ਗਈ ਹੈ, ਗੋਦੜੀ-ਰੂਪੀ ਸਰੀਰ ਸੜ ਗਿਆ ਪਰ ਆਤਮਾ [ਤਾਗਾ] ਨੂੰ ਸੇਕ ਨਹੀਂ ਲੱਗਾ। ਇਹ ਸਲੋਕ ਅਸਚਰਜਕਾਰੀ ਕਥਨ ਹੈ, ਇਸ ਲਈ ਅਦਭੁਤ ਰਸ ਦੀ ਵੰਨਗੀ ਹੈ। ਗੁਰੂ ਨਾਨਕ ਦੇਵ ਜੀ ਜਦ "ਵਿਸਮਾਦੁ ਨਾਦ ਵਿਸਮਾਦੁ ਵੇਦ ਵਿਸਮਾਦੁ ਜੀਅ ਵਿਸਮਾਦੁ ਭੇਦ" ਉਚਾਰਦੇ ਹਨ ਤਾਂ ਇਸ ਵਿੱਚ ਵੀ ਅਦਭੁਤ ਦੀ ਰਸ-ਵਿਅੰਜਨਾ ਹੈ। ਗੁਰੂ ਜੀ ਉਸ ਅਸਚਰਜਮਈ ਕੁਦਰਤ ਨੂੰ ਹੈਰਾਨੀ ਨਾਲ਼ ਵੇਖਦੇ ਹਨ ਕਿਉਂਕਿ ਏਥੇ ਨੇੜੇ-ਦੂਰ, ਸੰਜੋਗ-ਵਿਜੋਗ, ਭੁੱਖ-ਰੋਗ ਆਦਿ ਵਿਰੋਧੀ-ਜੋੜਿਆਂ ਦਾ ਹੈਰਾਨੀ ਭਰਪੂਰ ਵਰਨਣ ਕੀਤਾ ਗਿਆ ਹੈ। ਨਾਨਕ-ਬਾਣੀ ਇਹ ਹੈ-

### ਅਦਭੁਤ ਰਸ ਦਾ ਹੋਰ ਉਦਾਹਰਨ :

"ਵਿਸਮਾਦੁ ਨਾਦ ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ। ਵਿਸਮਾਦੁ ਭੁਖ ਵਿਸਮਾਦੁ ਭੋਗੁ।"

[ਪੰਨਾ 463]

### ਸ਼ਾਂਤ ਰਸ :-

ਰਸ-ਸਿਧਾਂਤ ਦੇ ਬਾਨੀ ਆਚਾਰੀਆ ਭਰਤਮੁਨੀ ਨੇ "ਸ਼ਾਂਤ ਰਸ" ਨੂੰ ਰਸਾਂ ਦੀ ਲੜੀ ਵਿੱਚ ਨਹੀਂ ਗਿਣਿਆ ਸੀ ਪਰ ਮਗਰਲੇ ਆਚਾਰੀਆ ਵਿਸ਼ਵਨਾਥ ਜਿਹੇ ਆਲੋਚਕਾਂ ਨੇ ਸ਼ਾਂਤ ਰਸ ਨੂੰ ਪੂਰੀ ਤਰ੍ਹਾਂ ਮਾਨਤਾ ਪ੍ਰਦਾਨ ਕੀਤੀ ਹੈ।

ਸ਼ਾਂਤ ਰਸ ਦਾ ਸਥਾਈ ਭਾਵ ਵੈਰਾਗ ਹੈ ਜਿਸ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਸ਼ਾਂਤ ਰਸ ਅਭਿਵਿਅਕਤ ਹੁੰਦਾ ਹੈ। ਵੈਰਾਗ ਕੀ ਹੈ ? ਇਹ ਕਿਵੇਂ ਉਤਪੰਨ ਹੁੰਦਾ ਹੈ ? ਹੁਣ ਇਸ ਦਾ ਉਲੇਖ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਰਹੱਸਮਈ ਜਗਤ ਅਤੇ ਇਸ ਦੇ ਪਸਾਰੇ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਹੁੰਦੇ ਹਨ ਅਤੇ ਇਹ ਪ੍ਰਸ਼ਨ ਸੁਤੇ-ਸਿੱਧ ਹੁੰਦੇ ਰਹਿੰਦੇ ਹਨ।

ਸੰਸਾਰ ਕੀ ਹੈ ? ਜੀਵਨ ਕੀ ਹੈ ? ਮਨੁੱਖੀ ਸਰੀਰ ਕੀ ਹੈ ? ਮੈਂ ਕੀ ਹਾਂ ? ਏਥੇ ਸਾਡਾ ਕੀ ਕੰਮ ਹੈ ? ਮੌਤ ਕੀ ਹੈ ? ਮਰ ਕੇ ਕਿੱਥੇ ਜਾਣਾ ਹੈ ? ਇਹ ਕੌਣ ਹੈ ਜੋ ਇਸ ਪ੍ਰਪੰਚ-ਪਸਾਰੇ ਦਾ ਸੰਚਾਲਨ ਕਰਦਾ ਹੈ ? ਅਜਿਹੇ ਪ੍ਰਸ਼ਨਾਂ ਦੇ ਉੱਤਰ ਭਾਲ਼ਦਾ-ਭਾਲ਼ਦਾ ਸੰਵੇਦਨਸ਼ੀਲ ਮਨੁੱਖ ਪ੍ਰਸ਼ਨਾਂ ਦੀ ਭੀੜ ਵਿੱਚ ਗੁਆਚ ਜਾਂਦਾ ਹੈ ਪਰ ਉੱਤਰ ਲਾਪਤਾ ਹੈ। ਉਸ ਦੀ ਤਲਾਸ਼ ਜਾਰੀ ਹੈ। ਇਸ ਭਾਲ਼ ਵਿੱਚ ਮਨੁੱਖ ਨੂੰ ਜਦੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸਾਰਾ ਪ੍ਰਪੰਚ, "ਸੰਸਾਰ, ਜੀਵਨ, ਮੈਂ, ਤੂੰ, ਪਿੰਡ, ਬ੍ਰਹਿਮੰਡ," ਇੱਕ ਦਿਨ ਲੋਪ ਹੋ ਜਾਣਾ ਹੈ ਤਾਂ ਉਸ ਦੇ ਦਿਲ ਵਿੱਚ ਇਸ ਨਾਸ਼ਮਾਨ ਸੰਸਾਰ ਵੱਲੋਂ ਵੈਰਾਗ ਉਪਜਦਾ ਹੈ। ਸੰਸਾਰ ਨਾਲ਼ ਬੱਝਣਾ ਰਾਗ ਹੈ, ਸੰਸਾਰ ਤੋਂ ਉਤਾਂਹ ਉੱਠਣਾ ਵੈਰਾਗ ਹੈ। ਇਹ ਸਾਰਾ ਜਗਤ-ਪਸਾਰਾ ਚੱਲਣਸ਼ੀਲ ਹੈ, ਵੇਖ਼ਦਿਆਂ ਵੇਖ਼ਦਿਆਂ ਫ਼ਰੀਦ ਦੇ ਸ਼ਬਦਾਂ ਵਿੱਚ "ਕੇਤੀ ਚਲ ਗਈ ਹੈ", ਇਹ ਪਤਾ ਨਹੀਂ ਚੱਲਦਾ। ਬੱਸ ਇਹ ਬੋਧ-ਪ੍ਰਬੋਧ ਹੀ ਜਾਂ ਇਹ ਤੱਤ-ਗਿਆਨ ਹੀ ਵੈਰਾਗ ਦਾ ਕਾਰਨ ਹੈ। ਸ਼ਹਿਦ ਦੇ ਸੁਆਦ ਵਿੱਚ ਫਸੀ ਹੋਈ ਮੱਖੀ ਵਾਂਗੂੰ, ਬੰਦਾ ਫਸਿਆ ਬੈਠਾ ਹੈ, ਉਹ ਬੰਧਨ-ਮੁਕਤ ਹੋ ਕੇ ਵੈਰਾਗ ਦੀ ਭਾਵਨਾ ਵਿੱਚ ਸ਼ਾਂਤ-ਚਿੱਤ ਤੁਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀ ਸੋਚ-ਬਿਰਤੀ ਵੈਰਾਗ ਦੀ ਪ੍ਰੇਰਨਾ ਹੈ ਤੇ ਕਾਰਨ-ਸਮਗਰੀ ਹੈ, ਜਿਹੜੀ ਪ੍ਰਬਲ ਹੋ ਕੇ ਸ਼ਾਂਤ ਰਸ ਨੂੰ ਜਾਗ੍ਰਿਤ ਕਰਦੀ ਹੈ।

ਵਿਚਾਰਸ਼ੀਲ ਕਵੀ-ਜਨਾਂ ਤੇ ਅਨੁਭਵੀ ਸੰਤ-ਜਨਾਂ ਦੇ ਬੋਲਾਂ ਵਿੱਚ ਸ਼ਾਂਤ ਰਸ ਦੀਆਂ ਤਰੰਗਾਂ ਉੱਠਦੀਆਂ ਹਨ। ਕਿਤੇ ਕੁਦਰਤ ਦੇ ਅਦਭੁਤ ਸ਼ਾਂਤ ਨਜ਼ਾਰੇ ਦਿਲਾਂ ਨੂੰ ਧੂਹ ਪਾਉਂਦੇ ਹਨ, ਕਿਤੇ ਝਰਨੇ ਸੰਗੀਤ ਅਲਾਪ ਰਹੇ ਹਨ, ਕਿਤੇ ਬਨਸਪਤੀ ਦੀ ਹਰਿਆਲੀ ਅੱਖਾਂ ਨੂੰ ਠੰਢਕ ਤੇ ਦਿਲਾਂ ਨੂੰ ਸ਼ਾਂਤੀ ਬਖ਼ਸ਼ ਰਹੀ ਹੈ। ਸੰਵੇਦਨਸ਼ੀਲ ਮਨੁੱਖ ਇਹਨਾਂ ਦ੍ਰਿਸ਼ਾਂ ਤੋਂ ਸ਼ਾਂਤੀ, ਚੈਨ, ਵੈਰਾਗ, ਅਗੰਮੀ ਸੁਨੇਹਾ ਲੱਭ ਰਿਹਾ ਹੈ। ਇਹ ਸਾਰੇ ਅਨੋਖੇ ਦ੍ਰਿਸ਼ ਸ਼ਾਂਤ ਰਸ ਦੀ ਭੂਮਿਕਾ ਹਨ।

ਕੁਦਰਤ ਦੇ ਅਜਿਹੇ ਵਿਸਮਾਦਿਕ ਦ੍ਰਿਸ਼ਾਂ ਦਾ ਵਰਨਣ ਸ਼ਾਂਤ ਰਸ ਕਾਵਿ-ਬਾਣੀ ਵਿੱਚ ਆਮ ਮਿਲ਼ਦਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਭਾਈ ਵੀਰ ਸਿੰਘ, ਪੂਰਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਡਾ. ਜਸਵੰਤ ਸਿੰਘ ਨੇਕੀ

ਦੀਆਂ ਕਵਿਤਾਵਾਂ ਵਿੱਚ ਸ਼ਾਂਤ ਰਸ ਦੀਆਂ ਵੰਨਗੀਆਂ ਉਪਲਬਧ ਹਨ। ਭਾਈ ਵੀਰ ਸਿੰਘ ਦਾ ਕਾਵਿ-ਬੰਦ ਹੈ :--

"ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿੱਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਿਜਦਾ।"

ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਰਹੱਸਮਈ ਸੁਰ ਸ਼ਾਂਤ ਰਸ ਦੀ ਪਿੱਠ ਭੂਮੀ 'ਤੇ ਹੀ ਗੂੰਜਿਆ ਹੈ। ਗੁਰੂ ਨਾਨਕ-ਬਾਣੀ ਵਿੱਚ ਸ਼ਾਂਤ ਰਸ ਦਾ ਉਦਾਹਰਨ ਵੇਖੋ--

### ਉਦਾਹਰਨ

"ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ।
ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ।
ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।
ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ।
ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ।
ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ।"

[ਗੁਰੂ ਨਾਨਕ, ਆਸਾ ਛੰਤ, ਪੰਨਾ 439]

### ਔਖੇ ਸ਼ਬਦਾਂ ਦੇ ਅਰਥ:

**ਭੇੜੋ**- ਭੇਡਾਂ। **ਤੈਂ**- ਤੈਨੂੰ। **ਰੁਦਨ**- ਰੋਣਾ। **ਤਦਰੂਪ**- ਉਹੋ-ਜਿਹਾ ਰੂਪ। **ਉਤੇਜਿਤ**-ਉਭਾਰਨਾ, ਉਤਸ਼ਾਹ ਦੇਣਾ। **ਰੁਪਾਂਤਰ**- ਹੋਰ ਰੂਪ ਬਦਲਣਾ। **ਸੂਹੀ ਲਾਂਗੜ**- ਲਾਲ ਰੰਗ ਦੀ ਧੋਤੀ। **ਮਿਟਿਆਲੀ**- ਮਿੱਟੀ-ਰੰਗਾ। **ਉੱਜਲ**- ਨਿਰਮਲ, ਸਾਫ਼। **ਨਸ਼ਤਰ**- ਚੀਰ-ਫਾੜ ਕਰਨ ਵਾਲ਼ਾ ਔਜ਼ਾਰ। **ਵਿਅੰਗੋਕਤੀ**- ਵਿਅੰਗ ਕਰਨ ਦਾ ਤਰੀਕਾ। **ਸੋਹਨਿ**- ਸੋਭਦੀਆਂ। **ਮਾਂਗੀ**- ਕੇਸਾਂ ਦੇ ਵਿਚਕਾਰਲੇ ਚੀਰ ਵਿੱਚ। **ਕਾਤੀ**- ਕੈਂਚੀ ਨਾਲ਼। **ਮੁੰਨੀਅਨਿ**- ਮੁੰਨੇ ਜਾ ਰਹੇ ਹਨ। **ਗਲ ਵਿੱਚ**- ਮੂੰਹ ਵਿੱਚ। **ਧੂੜਿ**-ਮਿੱਟੀ। **ਹਦੂਰਿ**- (ਮਹਿਲਾਂ ਦੇ) ਨੇੜੇ ਵੀ। **ਘਣੀਅਰ**- ਬੱਦਲ਼। **ਤੁਬਕ**- ਛੋਟੀ ਬੰਦੂਕ। **ਪ੍ਰਤਿੱਗਿਆ**- ਪ੍ਰਣ। **ਹਤਾਸ਼**- ਦੁਖੀ। **ਰਾਠਨ**- ਅਮੀਰ। **ਰੰਕ**- ਗ਼ਰੀਬ। **ਭੂਪ**- ਰਾਜਾ। **ਬੈਰਕਾਂ**-ਝੰਡੇ। **ਲਸਣਿ**- ਲਿਸ਼ਕਦੇ। **ਭੀਹਾਵਲੇ**- ਡਰਾਉਣੇ। **ਬਾਵਲੇ**- ਝੱਲੇ। **ਗਦਾਂ**- ਗੁਰਜ। **ਸੁਇਨਾ**- ਸੋਨਾ। **ਡਾਵਲੇ**- ਰੇਤੇ ਵਿੱਚੋਂ ਸੋਨਾ ਚੁਗਣ ਵਾਲ਼ੇ। **ਪੰਖਣੂੰ**- ਪੰਛੀ। **ਹਸ਼ਰ**- ਕਿਆਮਤ, ਪਰਲੋ। **ਵਿਸਮਾਦ**- ਹੈਰਾਨਗੀ। **ਨਾਦ**- ਅਵਾਜ਼, ਰਾਗ। **ਸੰਯੋਗ**- ਮੇਲ਼। **ਵਿਯੋਗ**- ਵਿਛੋੜਾ। **ਭੋਗੁ**- ਪਦਾਰਥਾਂ ਦਾ ਵਰਤਣਾ। **ਜੀਅੜਿਆ**- ਜੀਵ-ਆਤਮਾ। **ਕਿਤੁ**- ਕਾਹਦੇ ਲਈ। **ਨੈਣ ਰੁੰਨੀ**- ਅੱਖਾਂ ਭਰ ਕੇ ਰੋਈ। **ਬਧਿਕਿ**- ਸ਼ਿਕਾਰੀ।

## ਅਭਿਆਸ

**(ੳ) ਖ਼ਾਲੀ ਸਥਾਨ ਭਰੋ-**

1. ਰਸ ਮਾਣਨ ਵਾਲ਼ਾ ਵਿਅਕਤੀ _______ ਹੁੰਦਾ ਹੈ।
2. _______ ਭਾਵ ਰਸ ਦੀ ਬੁਨਿਆਦ ਹਨ।
3. _______ ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ।
4. ਕਰੋਧ ਵਿੱਚ ਮਨੁੱਖ ਦਾ ਬਿਬੇਕ_______ ਹੁੰਦਾ ਹੈ।
5. ਭਿਆਨਕ ਰਸ ਦਾ ਸਥਾਈ ਭਾਵ_______ ਹੈ।

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ-

1. ਵਿਭਾਵ ਦੀਆਂ ਕਿਸਮਾਂ ਦੇ ਨਾਂ ਦੱਸੋ।
2. ਰਸ ਕਿੰਨੇ ਪ੍ਰਕਾਰ ਦੇ ਮੰਨੇ ਗਏ ਹਨ?
3. ਕਰੁਣਾ ਰਸ ਦਾ ਸਥਾਈ ਭਾਵ ਦੱਸੋ।
4. 'ਚੰਡੀ ਦੀ ਵਾਰ' ਕਿਹੜੇ ਰਸ ਦਾ ਉੱਤਮ ਨਮੂਨਾ ਹੈ?
5. ਸਥਾਈ ਭਾਵ ਜਾਗਣ ਤੋਂ ਪਿੱਛੋਂ ਦੀਆਂ ਵਿਭਿੰਨ ਚੇਸ਼ਟਾਵਾਂ ਨੂੰ ਕੀ ਕਹਿੰਦੇ ਹਨ?

(ਅ) ਵਿਸਤਾਰ ਸਹਿਤ ਉੱਤਰ ਦਿਓ-

1. 'ਰਸ ਸਾਹਿਤ ਦੀ ਆਤਮਾ ਹੈ।' ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਕਵਿਤਾ ਵਿੱਚ ਰਸ ਦੀ ਮਹਾਨਤਾ ਬਾਰੇ ਬਿਆਨ ਕਰੋ।
2. ਰਸ ਤੋਂ ਕੀ ਭਾਵ ਹੈ? ਇਹ ਗਿਣਤੀ ਵਿੱਚ ਕਿੰਨੇ ਹਨ? ਇਹਨਾਂ ਦੇ ਲੱਛਣ ਉਦਾਹਰਨਾਂ ਸਹਿਤ ਲਿਖੋ।
3. ਆਪਣੀ ਪਾਠ-ਪੁਸਤਕ ਵਿੱਚੋਂ ਬੀਰ ਰਸ ਕਵਿਤਾ ਦੀ ਉਦਾਹਰਨ ਦਿਓ ਤੇ ਦੱਸੋ ਕਿ ਇਹ ਬੀਰ-ਰਸ ਕਿਵੇਂ ਹੈ?
4. ਹੇਠ ਲਿਖੇ ਰਸਾਂ ਬਾਰੇ ਉਦਾਹਰਨਾਂ ਸਹਿਤ ਲਿਖੋ-

   ਸ਼ਿੰਗਾਰ ਰਸ, ਰੌਦਰ ਰਸ, ਭਿਆਨਕ ਰਸ, ਵੀਭਤਸ ਰਸ, ਅਦਭੁਤ ਰਸ, ਸ਼ਾਂਤ ਰਸ, ਬੀਰ ਰਸ।
5. ਹੇਠ ਲਿਖੇ ਕਾਵਿ-ਬੰਦ ਵਿੱਚ ਕਰੁਣਾ ਰਸ ਹੈ। ਇਹ ਦੱਸੋ ਕਿ ਇਹ ਕਰੁਣਾ ਰਸ ਕਿਵੇਂ ਹੈ?

   "ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ
   ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
   ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ
   ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
   ਵੇ ਦਰਦਮੰਦਾਂ ਦਿਆਂ ਦਰਦੀਆ! ਉੱਠ ਤੱਕ ਆਪਣਾ ਪੰਜਾਬ
   ਅੱਜ ਬੇਲੇ ਲਾਸ਼ ਵਿਛੀਆਂ ਤੇ ਲਹੂ ਦੀ ਭਰੀ ਚਨਾਬ।"

ਸ਼੍ਰੇਣੀ - ਬਾਰ੍ਹਵੀਂ

# 6 . ਪੰਜਾਬੀ (ਚੋਣਵਾਂ ਵਿਸ਼ਾ)

## ਸਾਲ : 2022-23

ਸਮਾਂ : 3 ਘੰਟੇ

ਲਿਖਤੀ ਪੇਪਰ : 90 ਅੰਕ
ਸੀ.ਸੀ.ਈ. : 10 ਅੰਕ
ਕੁੱਲ : 100 ਅੰਕ

| ਲੜੀ ਨੰ : ਪਾਠ-ਕ੍ਰਮ | |
|---|---|
| 1. ਪੰਜਾਬੀ-ਕਾਵਿ : ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ, ਕਿੱਸਾ-ਕਾਵਿ | 40 |
| 2. ਪੰਜਾਬੀ ਵਾਰਤਕ :-ਪੰਜਾਬੀ-ਸ੍ਵੈਜੀਵਨੀਆਂ ਵਿੱਚੋਂ ਲਏ ਅੰਸ਼ | 22 |
| 3. ਸਾਹਿਤ ਰੂਪ :- ਕਵਿਤਾ, ਨਾਟਕ, ਇਕਾਂਗੀ, ਨਾਵਲ, ਨਿੱਕੀ ਕਹਾਣੀ, ਨਿਬੰਧ, ਜੀਵਨੀ, ਸ੍ਵੈਜੀਵਨੀ ਸਫ਼ਰਨਾਮਾ | 13 |
| 4. ਛੰਦ, ਅਲੰਕਾਰ, ਰਸ | 15 |
| ਕੁੱਲ ਅੰਕ | 90 |

ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ।

ਪ੍ਰਸ਼ਨ ਨੰ: 1 ਸਮੁੱਚੇ ਪਾਠ-ਕ੍ਰਮ ਦੇ ਅਧਾਰ 'ਤੇ 10 ਅੰਕਾਂ ਦੇ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਬਹੁ-ਚੋਣ, ਠੀਕ/ਗ਼ਲਤ, ਖ਼ਾਲੀ ਥਾਂਵਾਂ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦੇਣ ਵਾਲ਼ੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :-

(ੳ) ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) (ਭਾਗ-2):- 4 ਅੰਕ, ਇੱਕ-ਇੱਕ ਪ੍ਰਸ਼ਨ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ ਅਤੇ ਕਿੱਸਾ-ਕਾਵਿ ਵਿੱਚੋਂ ਪੁੱਛਿਆ ਜਾਵੇਗਾ। ਇਹ ਪ੍ਰਸ਼ਨ ਰਚਨਾ ਦੇ ਕਵੀ/ਕਵੀ ਦੀ ਰਚਨਾ ਅਤੇ ਪਾਠ-ਪੁਸਤਕ ਵਿੱਚ ਦਿੱਤੀ ਪਾਠ-ਸਮਗਰੀ 'ਤੇ ਅਧਾਰਿਤ ਹੋਣਗੇ।

(ਅ) ਆਪ-ਬੀਤੀਆਂ :- 2 ਅੰਕ, ਇੱਕ ਪ੍ਰਸ਼ਨ ਸ੍ਵੈਜੀਵਨੀ-ਅੰਸ਼ ਦੇ ਲੇਖਕ ਸੰਬੰਧੀ/ਲੇਖਕ ਦੇ ਸ੍ਵੈਜੀਵਨੀ-ਅੰਸ਼ ਸੰਬੰਧੀ ਅਤੇ ਦੂਜਾ ਪ੍ਰਸ਼ਨ ਪਾਠ-ਪੁਸਤਕ ਵਿੱਚ ਨਿਰਧਾਰਿਤ ਪਾਠ-ਸਮਗਰੀ 'ਤੇ ਆਧਾਰਿਤ ਹੋਵੇਗਾ।

(ੲ) ਸਾਹਿਤ-ਬੋਧ :- 4 ਅੰਕ, ਇੱਕ ਪ੍ਰਸ਼ਨ ਸਾਹਿਤ-ਰੂਪ ਨਾਲ਼ ਸੰਬੰਧਿਤ, ਇੱਕ ਪ੍ਰਸ਼ਨ ਅਲੰਕਾਰ ਨਾਲ਼, ਇੱਕ ਪ੍ਰਸ਼ਨ ਛੰਦ ਨਾਲ਼ ਅਤੇ ਇੱਕ ਪ੍ਰਸ਼ਨ ਰਸ ਨਾਲ਼ ਸੰਬੰਧਿਤ ਹੋਵੇਗਾ। 10 x 1=10 ਅੰਕ

ਪ੍ਰਸ਼ਨ ਨੰ: 2 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਚਾਰ ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਹਰ ਪ੍ਰਸੰਗ ਲਈ 3 ਅਤੇ ਵਿਆਖਿਆ ਦੇ 5 ਅੰਕ ਹੋਣਗੇ। 8+8=16 ਅੰਕ

ਪ੍ਰਸ਼ਨ ਨੰ: 3 ਕਵਿਤਾ-ਭਾਗ: ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ ਅਤੇ ਕਿੱਸਾ-ਕਾਵਿ ਵਿੱਚੋਂ ਕੋਈ ਤਿੰਨ ਰਚਨਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 5 ਅੰਕ

ਪ੍ਰਸ਼ਨ ਨੰ: 4 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪੁਸਤਕ ਦੇ ਇਤਿਹਾਸ ਭਾਗ ਵਿੱਚੋਂ ਕੋਈ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 15 ਅੰਕ

ਪ੍ਰਸ਼ਨ ਨੰ: 5 'ਆਪ-ਬੀਤੀਆਂ', ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਅੱਠ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 5 x 4 = 20 ਅੰਕ

ਪ੍ਰਸ਼ਨ ਨੰ: 6 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ ਸਾਹਿਤ ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। 12 ਅੰਕ

ਪ੍ਰਸ਼ਨ ਨੰ: 7 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਛੰਦ ਦੇ ਕੇ ਕਿਸੇ ਇੱਕ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ ਨੰ: 8 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਅਲੰਕਾਰ ਦੇ ਕੇ ਕਿਸੇ ਇੱਕ ਬਾਰੇ ਉਦਾਹਰਨਾ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ ਨੰ: 9 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਰਸ ਦੇ ਕੇ ਕਿਸੇ ਇੱਕ ਬਾਰੇ ਉਦਾਹਰਨ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

### ਨਿਰਧਾਰਿਤ ਪਾਠ-ਪੁਸਤਕਾਂ : -

1. ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)
2. ਆਪ-ਬੀਤੀਆਂ
3. ਸਾਹਿਤ-ਬੋਧ

ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ।